# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 20 | Issue 122| 8 May to 14 May, 2024 | Ph.: (510) 240-5949 | Email: asrtimes@gmail.com





**ਬਲਰਾਜ ਪੰਨੂੰ**

ਪੰਜਾਬ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਵਿੱਚ ਹੈ। ਇਸ ਸਮੇਂ ਪੰਜਾਬ ਬੇਚੈਨ ਹੈ। ਅੱਗੇ ਵੀ ਵਧ ਰਿਹਾ ਹੈ, ਵਿਰੋਧ ਵੀ ਕਰ ਰਿਹਾ ਹੈ, ਇਸੇ ਦੌਰ 'ਚ ਭਾਈਚਾਰਕ ਸਾਂਝ ਪਿੰਡਾਂ ਵਿੱਚ ਮਜ਼ਬੂਤ ਹੋ ਰਹੀ ਹੈ। ਬਗਾਵਤੀ ਸੁਰ ਨੇ ਪੰਜਾਬ ਦੇ, ਪਰ ਬਗਾਵਤੀ ਸੁਰਾਂ ਵਿੱਚ ਵੀ ਦਲੀਲ ਹੈ। ਇੱਕ ਬੁਨਿਆਦ ਪੱਕੀ ਕਰ ਰਿਹਾ ਹੈ ਪੰਜਾਬ ਕਿ ਬਹਿਸ ਕਰੋ ਪਰ ਸੰਜਮ ਵਿੱਚ ਰਹਿ ਕੇ ਕਰੋ। ਪੰਜਾਬ ਨਕਾਰ ਰਿਹਾ ਹੈ ਧਰਮਾਂ ਦੀ ਰਾਜਨੀਤੀ ਨੂੰ। ਜੇ ਬਗਾਵਤ ਹੈ ਤਾਂ ਸਰਕਾਰਾਂ ਦੇ ਪ੍ਰਤੀ। ਹਿੰਦੂ, ਮੁਸਲਿਮ, ਸਿੱਖ, ਇਸਾਈਆਂ ਦਾ ਪੰਜਾਬ ਵਿੱਚ ਕੋਈ ਰੌਲਾ ਹੈ ਹੀ ਨਹੀਂ ਹੈ, ਹਾਂ! ਕੁਝ ਕੁ ਸਿਆਸੀ ਪਾਣ ਚੜ੍ਹੀਆਂ ਘਟਨਾਵਾਂ ਤੋਂ ਬਿਨ੍ਹਾਂ। ਪੰਜਾਬ ਦੇ ਬਗਾਵਤੀ ਸੁਰਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਪੰਜਾਬੀ ਨਵੇਂ ਵਿਚਾਰਾਂ ਨੂੰ ਵੀ ਸਵੀਕਾਰ ਕਰ ਲੈਂਦੇ ਨੇ ਖੁੱਲੇ ਦਿਲ ਨਾਲ। ਨਵੇਂ ਵਿਚਾਰਾਂ ਦੇ ਨਾਲ- ਨਾਲ ਪੰਜਾਬੀ ਆਪਣੇ ਗਦਰੀ ਬਾਬਿਆਂ ਦੀ ਸੋਚ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਲੈ ਕੇ ਜਾ ਰਹੇ ਹਨ। ਉਹਨਾਂ ਦੀ ਬੇਚੈਨੀ ਦੇ ਵਿੱਚ ਵੀ ਸੰਤੋਸ਼ ਹੈ ਤੇ ਇਹ ਉਹ ਪੰਜਾਬ ਹੈ, ਜਿਸ ਦੀਆਂ ਪੱਗਾਂ ਰੁਲ਼ੀਆਂ, ਪਰ ਏਨੇ ਕੁ ਹੌਂਸਲੇ ਬੁਲੰਦ ਰਹੇ ਕਿ ਆਪਣੀਆਂ ਪੱਗਾਂ ਨੂੰ, ਆਪਣੀ ਇੱਜ਼ਤ ਦਾ ਮਾਣ ਹਮੇਸ਼ਾ ਬਰਕਰਾਰ ਰੱਖਿਆ। ਵਿਤਕਰਿਆਂ ਦਾ ਸ਼ਿਕਾਰ ਰਿਹਾ ਹੈ ਪੰਜਾਬ ਸ਼ੁਰੂ ਤੋਂ। ਪੰਜਾਬ ਵੱਲ ਉਂਗਲ ਕਰਨੀ ਹਕੂਮਤਾਂ ਲਈ ਬੜੀ ਸੌਖੀ ਹੈ ਪਰ ਪੰਜਾਬ ਸਾਰੀਆਂ ਮੁਸੀਬਤਾਂ ਨੂੰ, ਤੰਗੀਆਂ ਤੁਰਸ਼ੀਆਂ ਨੂੰ ਵੱਖੀ ਵਾਲੇ ਬੋਝੇ ਵਿੱਚ ਪਾ ਕੇ ਜਦੋਂ ਮੁਸਕਰਾਉਂਦਾ ਹੈ ਤਾਂ ਇਹ ਮੁਸਕਰਾਹਟ ਹਾਕਮ ਸਰਕਾਰਾਂ ਨੂੰ ਸੂਈ ਵਾਂਗੂ ਚੁੱਭਦੀ ਹੈ ਤੇ ਮੱਲੋ ਮੱਲੀ ਸ਼ਰਾਰਤ ਸਮਝ ਬੈਠਦੀਆਂ ਨੇ ਸਰਕਾਰਾਂ। ਬੜਾ ਕੁਝ ਕੀਤਾ ਸਿਆਸਤਦਾਨਾਂ ਨੇ ਪੰਜਾਬ ਦੇ ਨਾਲ। ਸਿਆਸਤਦਾਨ ਆਪਣਾ ਪਰਿਵਾਰ ਰਾਜਨੀਤੀ ਵਿੱਚ ਵਧਾਉਂਦੇ ਰਹੇ ਤੇ ਪੰਜਾਬ ਦੀ ਜਨਤਾ ਆਪਣੀ ਭਾਈਚਾਰਕ ਸਾਂਝ ਗਵਾਉਂਦੀ ਰਹੀ। ਪਰ ਇਹ ਪੰਜਾਬ ਦੀ ਆਦਤ ਹੈ ਕਿ ਉਹ ਅੱਗੇ ਜ਼ਰੂਰ ਵਧੀ ਜਾਂਦਾ ਹੈ ਪਰ ਪਿਛਾਂਹ ਪਰਤ ਕੇ ਆਪਣਿਆਂ ਨੂੰ ਵੇਖਦਾ ਜ਼ਰੂਰ ਹੈ ਤੇ ਫਿਰ ਮੱਲੋ ਮੱਲੀ ਸੁਧਾਰ ਵੱਲ ਕਦਮ ਉਠਦੇ ਨੇ ਤੇ ਭਾਈਚਾਰਕ ਸਾਂਝ ਪੀਡੀ ਹੁੰਦੀ ਹੈ। ਏਸ ਲੋਕ ਸਭਾ ਚੋਣਾਂ ਦੇ ਵਿੱਚ ਇਹੀ ਕੁਝ ਤਾਂ ਦਿਖਾਇਆ ਹੈ ਪੰਜਾਬ ਨੇ। ਬੇਸ਼ੱਕ ਕਿਹਾ ਜਾਂਦਾ ਹੈ ਕਿ ਭਾਰਤ ਮਹਾਨ ਹੈ ਪਰ ਮਹਾਨ ਭਾਰਤ



ਵਿੱਚ ਪੰਜਾਬ ਦੀ ਵੱਖਰੀ ਹੀ ਟੁਣਕਾਰ ਹੈ। ਪੰਜਾਬ ਨੇ ਹਮੇਸ਼ਾ ਪੂਰੇ ਭਾਰਤ ਦੀ ਅਗਵਾਈ ਕੀਤੀ ਹੈ, ਖ਼ਾਸ ਕਰਕੇ ਸਰਕਾਰਾਂ ਦੇ ਵਿਰੁੱਧ ਸੰਘਰਸ਼ ਕਰਨਾ, ਆਪਣੇ ਹੱਕਾਂ ਦੇ ਲਈ ਲੜਨਾ, ਸਰਕਾਰਾਂ ਦੀ ਦਲੀਲ ਦੇ ਨਾਲ ਬੋਲਤੀ ਬੰਦ ਕਰ ਦੇਣਾ। ਕਦੇ ਸਮਾਂ ਸੀ ਇਹੀ ਸਿਆਸਤਦਾਨਾਂ ਦੀ ਪਿੰਡਾਂ, ਕਸਬਿਆਂ ਦੇ ਵਿੱਚ ਤੂਤੀ ਬੋਲਦੀ ਸੀ ਪਰ ਅੱਜ ਜਨਤਾ ਦੇ ਸਵਾਲਾਂ ਨੇ ਪਿੰਡ ਦੀ ਜੂਹ ਤੋਂ 10 ਕਦਮ ਦੂਰ ਰੋਕੀ ਰੱਖਿਆ। ਇਕੱਲੇ ਪੰਜਾਬ- ਹਰਿਆਣਾ ਨੇ ਹੀ ਨਹੀਂ, ਪੂਰੇ ਭਾਰਤ ਨੇ ਪੰਜਾਬ ਦੇ ਕਦਮਾਂ 'ਤੇ ਕਦਮ ਰੱਖੇ ਤੇ ਸਿਆਸਤਦਾਨਾਂ ਨੂੰ ਸਵਾਲ ਕੀਤੇ।

ਕਿੱਥੇ ਗਿਆ ਪਾਣੀਆਂ ਦਾ ਮੁੱਦਾ, ਬਰਗਾੜੀ ਕਾਂਡ, ਬੇਅਦਬੀਆਂ, ਭਾਸ਼ਾ ਦਾ ਮਸਲਾ, ਫ਼ੈਕਟਰੀਆਂ ਦੇ ਕਾਰਨ ਫੈਲ ਰਿਹਾ ਕੈਂਸਰ, ਰੁਜ਼ਗਾਰ ਤੇ ਸਭ ਤੋਂ ਵੱਡਾ ਕਿਸਾਨੀ ਦਾ ਮਸਲਾ? ਕਿਉਂ ਇਹ ਮਸਲੇ ਲੋਕ ਸਭਾ ਦੀਆਂ ਚੋਣਾਂ ਦਾ ਹਿੱਸਾ ਨਹੀਂ ਬਣੇ? ਕਿਉਂ ਸਾਡੇ ਸਿਆਸਤਦਾਨਾਂ ਦੀ ਜ਼ੁਬਾਨ 'ਤੇ ਇਹ ਵਿਸ਼ੇ ਨਹੀਂ ਆਏ? ਸਾਫ਼ ਹੈ ਕਿ ਉਹਨਾਂ ਨੂੰ ਵੋਟਾਂ ਚਾਹੀਦੀਆਂ ਹਨ ਤੇ ਆਹ ਥੋੜੇ ਜਿਹੇ ਦਿਨ ਹੀ ਵੋਟਰਾਂ ਦੀ ਉਹਨਾਂ ਨੂੰ ਜ਼ਰੂਰਤ ਹੈ। ਲੋਕ ਸਮਝ ਗਏ ਨੇ ਤੇ ਮੁੱਦਾਹੀਣ ਸਿਆਸਤ ਨੂੰ ਪੈਰ ਪੈਰ 'ਤੇ ਨਕਾਰ ਰਹੇ ਹਨ। ਮਾਹੌਲ ਕੁਝ ਇੰਝ ਦਾ ਬਣਿਆ ਹੋਇਆ ਹੈ ਕਿ ਕਿਸਾਨੀ ਨੂੰ ਕੋਈ ਸਮਰਥਣ ਨਹੀਂ। ਕਾਂਗਰਸੀਆਂ, ਅਕਾਲੀਆਂ ਨੂੰ ਲੋਕ ਵੇਖ ਨਹੀਂ ਸੁਖਾਉਂਦੇ ਤੇ 'ਆਪ' ਸਰਕਾਰ ਲੋਕਾਂ ਦੇ ਨੱਕੋ ਮੂੰਹੋਂ ਲੱਥ ਗਈ ਹੈ। ਸਿਆਸਤਦਾਨ ਸ਼ਸ਼ੋਪੰਜ ਦੇ ਵਿੱਚ ਹਨ ਕਿ ਪੰਜਾਬ ਦੇ ਲੋਕ ਸੋਚ ਕੀ ਰਹੇ ਨੇ? ਬਾਹਰਲੇ ਦੇਸ਼ਾਂ ਵਿੱਚ ਬੈਠੇ ਸਾਡੇ ਭੈਣ ਭਰਾ ਵੀ ਪੰਜਾਬ ਦੇ ਲਈ ਫ਼ਿਕਰਮੰਦ ਨੇ। ਕਹਿੰਦੇ ਨੇ ਕਿ ਪੰਜਾਬ ਉਜੜ ਗਿਆ ਤੇ ਵਿਦੇਸ਼ਾਂ ਵਿੱਚ ਜਾ ਵਸਿਆ ਹੈ ਪਰ ਅਸਲ ਵਿੱਚ ਵਿਦੇਸ਼ਾਂ ਦੀ ਧਰਤੀ 'ਤੇ ਬੈਠ ਕੇ ਵੀ ਉਹਨਾਂ ਦੀ ਧੜਕਣ ਪੰਜਾਬ ਹੀ ਹੈ। ਫ਼ਿਕਰਮੰਦੀ ਦੇ ਵਿੱਚ ਉਹ ਪੰਜਾਬ ਦੇ ਬਹੁਤ ਸਾਰੇ ਮਸਲਿਆਂ ਨੂੰ ਆਪਣੇ ਆਪਣੇ ਦੇਸ਼ਾਂ ਦੀਆਂ ਪਾਰਲੀਮੈਂਟਾਂ ਵਿੱਚ ਚੁੱਕਦੇ ਨੇ, ਜਸਟਿਨ ਟਰੂਡੋ ਦੀ ਨਰਮਾਈ ਓਧਰ ਦੇ ਕਾਨੂੰਨਾਂ ਅਨੁਸਾਰ ਹੈ ਪਰ ਇੱਧਰ ਹਾਕਮੀ ਸੁਰਾਂ ਇਹ ਕਹਿ ਰਹੀਆਂ ਨੇ ਕਿ ਉਹ ਵੋਟਾਂ ਖ਼ਾਤਰ ਸਿੱਖਾਂ ਦੇ ਹੱਕ ਵਿੱਚ ਭੁਗਤਦਾ ਹੈ। ਇਹ ਵੀ ਬੇਚਾਰੇ ਸੱਚੇ ਨੇ ਕਿਉਂਕਿ ਇੱਧਰਲੀਆਂ ਸਰਕਾਰਾਂ ਤਾਂ ਐਨ.ਐਸ.ਏ. ਦੇ ਸਰਟੀਫ਼ਿਕੇਟ ਬਿਨਾਂ ਕਸੂਰੋਂ ਹੀ ਵੰਡ ਦਿੰਦੀਆਂ ਨੇ।

ਪੰਜਾਬ ਦੇ ਲੋਕਾਂ ਦਾ ਵੱਖਰੀਆਂ-ਵੱਖਰੀਆਂ ਪਾਰਟੀਆਂ ਪ੍ਰਤੀ ਡੂੰਘਾ ਰੋਸ ਹੈ, ਖ਼ਾਸ ਕਰਕੇ ਅਕਾਲੀ ਪਾਰਟੀ ਦੇ ਨਾਲ। ਖ਼ੈਰ ਘੱਟ ਤਾਂ ਕਿਸੇ ਵੀ ਪਾਰਟੀ ਨੇ ਪੰਜਾਬ ਨਾਲ ਨਹੀਂ ਕੀਤੀ ਪਰ ਲੋਕਾਂ ਦੇ ਮੱਥੇ 'ਤੇ ਤਿਊੜੀਆਂ ਉਦੋਂ ਪੈ ਜਾਂਦੀਆਂ ਨੇ ਜਦੋਂ ਸੁਖਬੀਰ ਬਾਦਲ ਕਹਿੰਦਾ ਹੈ ਕਿ ਅਕਾਲੀ ਪਾਰਟੀ ਤੁਹਾਡੀ ਮਾਂ ਪਾਰਟੀ ਹੈ। ਸਹੀ ਗੱਲ ਹੈ ਕਿ ਅਕਾਲੀ ਪਾਰਟੀ ਦਾ ਬੜਾ ਮਾਣਮੱਤਾ ਇਤਿਹਾਸ ਰਿਹਾ ਹੈ। ਜਦੋਂ ਜ਼ਮੀਰ ਵਾਲੇ ਲੋਕ, ਜ਼ੁਬਾਨ ਵਾਲੇ ਲੋਕ ਅਕਾਲੀ ਪਾਰਟੀ ਦੀ ਨੁਮਾਇੰਦਗੀ ਕਰਦੇ ਸਨ। ਸੁਖਬੀਰ ਬਾਦਲ ਨੂੰ ਸਵਾਲ ਹੈ ਕਿ ਮਾਂ ਪਾਰਟੀ ਮਤਰੇਈ ਮਾਂ ਕਿਉਂ ਬਣੀ, ਇਹ ਮਾਂ ਪਾਰਟੀ ਸਿੱਖਾਂ ਦਾ ਖ਼ਲਾਅ ਕਿਉਂ ਨਹੀਂ ਭਰ ਸਕੀ? ਅੱਜ ਦੇ ਸਮੇਂ ਦੇ ਵਿੱਚ ਹਰ ਕੋਈ ਪੰਥ ਦਾ ਪਹਿਰੇਦਾਰ ਬਣ ਬੈਠਦਾ ਹੈ। ਪਰ ਅੱਜ ਕੱਲ ਸਿੱਖੀ ਦੇ ਵਿੱਚ ਉਹ ਬਹੁਰੂਪੀਏ ਵੀ ਸ਼ਾਮਲ ਹੋ ਚੁੱਕੇ ਹਨ ਜਿਹੜੇ ਚੀਚੀ ਨੂੰ ਲਹੂ ਲਗਾ ਕੇ ਆਪਣੇ ਆਪ ਨੂੰ ਸਿੱਖ ਕੌਮ ਦਾ ਹੀਰਾ ਕਹਾਉਣ ਬੈਠ ਜਾਂਦੇ ਨੇ ਪਰ ਇਹ ਸਮਝਣਾ ਚਾਹੀਦਾ ਹੈ ਕਿ ਕੌਮ ਦਾ ਹੀਰਾ ਇੱਕ ਹੁੰਦਾ ਹੈ ਬਾਕੀ ਕੌਮ ਉਸ ਦੀ ਨੁਮਾਇੰਦਗੀ ਹੇਠ ਹੁੰਦੀ ਹੈ। ਫ਼ਰਜ਼ ਪੂਰਾ ਕਰਨਾ ਕੁਰਬਾਨੀ ਨਹੀਂ ਹੁੰਦੀ। ਸੁਖਬੀਰ ਬਾਦਲ ਨੇ ਕਿਹਾ ਕਿ ਅਸੀਂ ਲੋਕਾਂ ਦਾ ਦਿੱਲ ਜਿੱਤਣਾ ਹੈ। ਇਸ ਬਿਆਨ ਦੀ ਹਾਂ ਪੱਖੀ ਤਾਰੀਫ਼ ਵੀ ਹੋਈ, ਸਾਡਾ ਖ਼ਿਆਲ ਹੈ ਕਿ ਜੇ ਕਿਧਰੇ ਵਿਰਸਾ ਸਿੰਘ ਵਲਟੋਹਾ ਪੰਥਕ ਸੀਟ ਤੋਂ ਪੈਰ ਪਿੱਛੇ ਖਿੱਚ ਲੈਂਦੇ ਤਾਂ ਸੁਖਬੀਰ ਬਾਦਲ ਦਾ ਕੱਦ ਬੁੱਤ ਕਿੰਨਾਂ ਵੱਡਾ ਹੋ ਜਾਂਦਾ। ਜਿਹੜੇ ਜੇਲ੍ਹਾਂ ਵਿੱਚ ਹੈ ਨੇ, ਉਹਨਾਂ ਨੇ ਤਾਂ ਜੇਲ੍ਹਾਂ ਵਿੱਚ ਉਮਰਾਂ ਭੋਗ ਲਈਆਂ। ਇੱਕ ਵਾਰ ਅੰਮ੍ਰਿਤਪਾਲ ਦੇ ਹੱਕ ਵਿੱਚ ਇੱਕਮੁੱਠ ਹੋ ਕੇ ਸਾਰੇ ਡਟ ਜਾਂਦੇ ਤਾਂ ਅਕਾਲੀ ਪਾਰਟੀ ਨੂੰ ਕੀ ਫ਼ਰਕ ਪੈਣਾ ਸੀ? ਅਕਾਲੀ ਪਾਰਟੀ ਦੇ ਕੋਲ ਤਾਂ ਆਪਣਾ ਬਹੁਤ ਵੱਡਾ ਇਤਿਹਾਸ ਪਿਆ ਹੈ, ਪਰ ਅੰਮ੍ਰਿਤਪਾਲ ਨੇ ਤਾਂ ਪੰਥ ਵਿੱਚ ਆ ਕੇ ਅਜੇ ਬਹੁਤ ਕੁਝ ਸਿੱਖਣੈ। ਜੇਕਰ ਬਾਜੀ ਦੂਸਰੇ ਭਰਾ ਦੇ ਹੱਥ ਵਿੱਚ ਸੌਖੀ ਆ ਜਾਵੇ ਤਾਂ ਕੀ ਜਾਂਦਾ? ਵਿਦੇਸ਼ਾਂ ਦੇ ਵਿੱਚ ਬੈਠੇ ਪੰਜਾਬੀਆਂ ਦੀਆਂ ਸੁਰਾਂ ਤੇ ਪੰਜਾਬ ਦੇ ਯੂਥ ਦਾ ਕੁਝ ਹਿੱਸਾ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਭੁਗਤ ਰਿਹਾ ਹੈ। ਇਹ ਸਭ ਨੂੰ ਪਤਾ ਹੈ ਕਿ ਅੰਮ੍ਰਿਤਪਾਲ ਨੂੰ ਆਪਣੇ ਆਪ ਨੂੰ ਅਜੇ ਹੋਰ ਤਰਾਸ਼ਣਾ ਪੈਣਾ, ਕਿਉਂਕਿ ਪੰਥ ਦੀ ਨੁਮਾਇੰਦਗੀ ਬਹੁਤ ਨਿਮਰਤਾ ਤੇ ਸਹਿਜਤਾ ਮੰਗਦੀ ਹੈ ਤੇ ਕਿਉਂਕਿ ਕਾਹਲੀ ਵਿੱਚ ਲਏ ਫ਼ੈਸਲੇ ਧਰਮ ਦੀ ਚਾਦਰ ਹੇਠ ਲੁਕਾਉਣੇ ਬਹੁਤ ਔਖੇ ਨੇ।

ਸੱਤਾ ਦੀ ਭੁੱਖ ਸਿੱਖ ਪੰਥ ਦਾ ਵੱਡਾ ਨੁਕਸਾਨ ਕਰ ਸਕਦੀ ਹੈ। ਸਰਕਾਰੀ ਤੰਤਰ ਚਾਹੁੰਦਾ ਹੈ ਕਿ ਪੰਥ ਵੰਡਿਆ ਜਾਵੇ, ਸਿੱਖ ਲੀਡਰਸ਼ਿਪ ਨੂੰ ਹਾਸ਼ੀਏ ਦੇ ਵਿੱਚ ਧਕੇਲ ਦਿੱਤਾ ਜਾਵੇ, ਤੇ ਸਾਡੀ ਇਹੀ ਅੰਦਰਲੀ ਈਰਖਾ ਸਰਕਾਰੀ ਤੰਤਰ ਦੀ ਇੱਛਾ ਨੂੰ ਫ਼ੁੱਲ ਚੜ੍ਹਾ ਰਹੀ ਹੈ। ਇਹ ਕਹਿ ਦੇਣਾ ਕਿ ਅਸੀਂ ਪੰਜਾਬ ਦੇ ਲਈ ਕੁਰਬਾਨੀ ਦੇਣ ਲਈ ਤਿਆਰ ਹਾਂ। ਹਰ ਸਿਆਸਤਦਾਨ ਦਾ ਇਹ ਰਟਿਆ ਰਟਾਇਆ ਬਿਆਨ ਹੈ। ਅਸਲ ਵਿੱਚ ਜੋ ਕੁਰਬਾਨੀ ਕਰਦਾ ਹੈ ਜਾਂ ਕੌਮ ਲਈ ਕੁਝ ਚੰਗਾ ਸਿਰਜਦਾ ਹੈ ਤਾਂ ਉਹ ਲਾਹਾ ਨਹੀਂ ਲੈਂਦਾ ਹੁੰਦਾ। ਇਤਿਹਾਸ ਗਵਾਹ ਹੈ ਕਿ ਸ੍. ਕਪੂਰ ਸਿੰਘ ਇੱਕ ਵੱਡਾ ਜਰਨੈਲ ਰਿਹਾ ਤੇ ਘੋੜਿਆਂ ਦੀ ਸੇਵਾ ਵੀ ਕਰਦਾ ਰਿਹਾ ਹੈ ਪਰ ਜਦੋਂ ਰੁਤਬਾ ਜਾਂ ਅਹੁਦਾ ਜਾਂ ਸਰਦਾਰੀ ਉਸ ਦੇ ਕੋਲ ਆਪ ਚੱਲ ਕੇ ਆਈ ਸੀ ਤਾਂ ਉਹਨਾਂ ਨੇ ਕਿਹਾ ਸੀ ਕਿ ਮੈਨੂੰ ਸਿਰਫ਼ ਸਿੱਖੀ ਦੀ ਸੇਵਾ ਚਾਹੀਦੀ ਹੈ। ਨਵਾਬ ਕਪੂਰ ਸਿੰਘ ਵਰਗਾ ਬਣ ਕੇ ਹੀ ਸਿੱਖ ਪੰਥ ਦਾ ਰੋਲ ਮਾਡਲ ਬਣਿਆ ਜਾ ਸਕਦਾ ਹੈ।

ਸਾਡੀ ਕੌਮ ਦਾ ਇੱਕ ਬੜਾ ਵੱਡਾ ਦੁੱਖ ਰਿਹਾ ਹੈ ਕਿ ਜਿਹੜਾ ਵੀ ਕੋਈ ਪੰਥ ਦੀ ਮਾੜੀ ਜਿਹੀ ਵੀ ਗੱਲ ਕਰਦਾ ਹੈ, ਉਸ ਦੇ ਪਿੱਛੇ ਸਾਰੇ ਲੱਗ ਤੁਰਦੇ ਨੇ। ਜਦੋਂ ਉਹ ਖਰਾ ਨਹੀਂ ਉਤਰਦਾ ਤਾਂ ਸਿੱਖ ਸਫ਼ਾਂ ਦੇ ਵਿੱਚ ਨਿਰਾਸ਼ਾ ਹੁੰਦੀ ਹੈ ਤੇ ਇੱਕ ਸੱਚਾਈ ਇਹ ਵੀ ਹੈ ਕਿ ਪੰਜਾਬ ਦੇ ਕੋਲ ਸਿੱਖ ਯੋਧੇ ਕਹਾਉਣ ਵਾਲੇ ਤਾਂ ਕਈ ਹਨ ਪਰ ਪੰਥ ਦਾ ਏਜੰਡਾ ਕੀ ਹੈ?, ਕਰਨਾ ਕੀ ਹੈ?, ਰੂਪ ਰੇਖਾ ਕੀ ਹੈ? , ਇਹ ਕਿਸੇ ਨੇ ਵੀ ਨਹੀਂ ਉਲੀਕਿਆ। ਸਿਰਫ਼ ਇਹ ਕਹਿ ਦੇਣਾ ਕਿ ਬੰਦੀ ਸਿੰਘਾਂ ਨੂੰ ਰਿਹਾਅ ਕਰਵਾ ਦੇਣਾ ਹੈ, ਇਸ ਨਾਲ ਕੋਈ ਸਿੱਖ ਨਹੀਂ ਬਣ ਜਾਂਦਾ। ਜੇ ਦੂਰ ਦੂਰੇਡੇ ਨਜ਼ਰ ਮਾਰੀਏ ਤਾਂ ਸਾਡੀ ਸਿੱਖ ਲੀਡਰਸ਼ਿਪ ਕੋਲ ਅਲਾਦੀਨ ਦਾ ਚਿਰਾਗ਼ ਨਹੀਂ ਹੈ ਕਿ ਉਹ ਸਿੱਖਾਂ ਨੂੰ ਇੱਕ ਮੰਚ 'ਤੇ ਇਕੱਠਾ ਕਰ ਸਕੇ, ਵਿਸ਼ਵਾਸ ਦਿਵਾ ਸਕੇ ਉਹਨਾਂ ਨੂੰ, ਜੋ ਉਖੜੇ ਹੋਏ ਹਨ, ਜੋ ਬੇ- ਆਸ ਹਨ, ਉਹਨਾਂ ਨੂੰ ਧੀਰਜ ਬਣਾ ਸਕੇ। ਕੋਈ ਬੰਦਾ ਇਵੇਂ ਦਾ ਨਹੀਂ ਹੈ ਜੋ ਕੌਮ ਲਈ ਆਪਣੀ ਜ਼ਿੰਦਗੀ ਦਾਅ 'ਤੇ ਲਗਾ ਸਕੇ। ਕਹਿੰਦੇ ਨੇ ਕਿ ਗੁਰੂ ਦਾ ਸਿੱਖ ਉੱਡਦੇ ਕਾਂ ਦੀ ਅੱਖ ਪਛਾਣਦਾ ਹੈ, ਪਰ ਪਤਾ ਨਹੀਂ ਕੀ ਕਮੀ ਰਹਿ ਗਈ ਹੈ ਕਿ ਉਹ ਸਿੱਖ ਪੰਥ ਦੇ ਵਿੱਚ ਬਹੁਰੂਪੀਆਂ ਨੂੰ ਕਿਉਂ ਨਹੀਂ ਪਹਿਚਾਣ ਰਹੇ। ਜੋ ਚੜ੍ਹਦੀਕਲਾ ਵਾਲੇ ਪੰਜਾਬ ਨੂੰ ਕਾਲਾ ਟਿੱਕਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸ. ਕਪੂਰ ਸਿੰਘ ਨੇ ਕਿਹਾ ਸੀ ਕਿ ਬੱਚੇਖਾਣੀ ਸਿਆਸਤ ਤੋਂ ਬਚਣਾ ਚਾਹੀਦਾ ਹੈ ਸੋ ਪੰਥ ਨੂੰ ਏਸ ਸਮੇਂ ਇੱਕਮੁੱਠ ਹੋਣ ਤੇ ਸੰਭਲਣ ਦੀ ਜ਼ਰੂਰਤ ਹੈ। ਬਾਕੀ ਪੰਜਾਬ ਗੁਰਾਂ ਦੀ ਕਿਰਪਾ ਦੇ ਨਾਲ ਘੁੱਗ ਵਸਦਾ ਹੈ।

## ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਨਾਲ ਇੱਕ ਮੁਲਾਕਾਤ

# ਸਮੂਹ ਪੰਥ ਸਿੱਖ ਕੈਲੰਡਰ ਦਾ ਸਾਂਝਾ ਹੱਲ ਲੱਭੇ !

### ਕਿਹਾ ਕਿ ਪਾਕਿਸਤਾਨ 'ਚ ਜਲਦ ਲਾਗੂ ਹੋਵੇਗਾ ਸਿੱਖ ਮੈਰਿਜ ਐਕਟ

### ਭਾਰਤ-ਪਾਕਿਸਤਾਨ ਦੋਸਤਾਨਾ ਸਬੰਧਾਂ ਦੀ ਕੀਤੀ ਹਮਾਇਤ

ਪਾਕਿਸਤਾਨ ਵਿੱਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪਾਕਿਸਤਾਨੀ ਪੰਜਾਬ ਦੇ ਪਹਿਲੇ ਸਿੱਖ ਮੰਤਰੀ ਰਮੇਸ਼ ਸਿੰਘ ਨੇ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਕਿਹਾ ਕਿ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਨੂੰ ਸਤਿਕਾਰ ਅਤੇ ਬਰਾਬਰਤਾ ਦਿੱਤੀ ਜਾ ਰਹੀ ਹੈ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਵਿੱਚ ਕਲੰਡਰ ਅਤੇ ਹੋਰ ਕਈ ਦੁਬਿਧਾਵਾਂ ਦੇ ਹੱਲ ਲਈ ਸੰਸਾਰ ਭਰ ਦੀਆਂ ਸਿੱਖ ਸੰਸਥਾਵਾਂ, ਜਿਨ੍ਹਾਂ ਵਿੱਚ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ ਵੀ ਸ਼ਾਮਿਲ ਹੈ , ਨੂੰ ਸੱਦਾ ਦਿੰਦੀ ਹੈ ਜੇ ਇਹ ਸਿੱਖ ਸੰਸਥਾਵਾਂ ਇਨ੍ਹਾਂ ਦੁਬਿਧਾਵਾਂ ਦੇ ਸਾਂਝੇ ਹੱਲ ਲਈ ਮਿਲ ਬੈਠਣ ਲਈ ਤਿਆਰ ਹੋਣ ਤਾਂ ਉਹ ਇਸ ਮੀਟਿੰਗ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਰਹੀ ਹੈ। ਪੇਸ਼ ਹੈ ਉਨ੍ਹਾਂ ਨਾਲ ਕੀਤੀ ਗਈ ਇਸ ਵਿਸ਼ੇਸ਼ ਗੱਲਬਾਤ ਦੇ ਕੁੱਝ ਅੰਸ਼-

**ਸੁਆਲ- ਜਦੋਂ ਤੁਸੀਂ ਐਮ. ਐਲ. ਏ. ਬਣੇ ਸੀ ਤਾਂ ਤੁਸੀਂ ਪਾਕਿਸਤਾਨ ਵਿੱਚ ਸਿੱਖ ਮੈਰਿਜ ਐਕਟ ਪਾਸ ਕਰਵਾਉਣ ਲਈ ਕੰਮ ਕੀਤਾ ਸੀ। ਪਰ ਹੁਣ ਤੱਕ ਪਾਕਿਸਤਾਨ ਵਿੱਚ ਇਸ ਨੂੰ ਲਾਗੂ ਨਹੀਂ ਕੀਤਾ ਗਿਆ ਅਤੇ ਨਾ ਹੀ ਨਿਯਮ-ਕਾਨੂੰਨਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ ?**

**ਜੁਆਬ-**ਮੈਂ 2013 ਵਿੱਚ ਪਹਿਲੀ ਵਾਰ ਲਹਿੰਦੇ ਪੰਜਾਬ ਵਿੱਚ ਐਮ. ਐਲ. ਏ. ਬਣਿਆ ਸਾਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੈਂ 2018 ਵਿੱਚ ਸਿੱਖ ਮੈਰਿਜ ਐਕਟ ਦਾ ਪ੍ਰਾਈਵੇਟ ਬਿੱਲ ਪੇਸ਼ ਕੀਤਾ ਸੀ, ਜੋ ਪੰਜਾਬ ਅਸੈਂਬਲੀ ਵਿੱਚ ਆਮ ਸਹਿਮਤੀ ਨਾਲ ਪਾਸ ਹੋਇਆ ਸੀ। ਪਰ ਬਦਕਿਸਮਤੀ ਨਾਲ ਇਹ ਲਾਗੂ ਨਹੀਂ ਹੋ ਸਕਿਆ ਅਤੇ ਇਸ ਦੇ ਨਿਯਮ ਕਾਨੂੰਨ ਨਹੀਂ ਬਣ ਸਕੇ। ਪਰ ਹੁਣ ਮੈਂ ਮੰਤਰੀ ਬਣਦਿਆਂ ਸਾਰ ਹੀ ਪਹਿਲੀ ਹਦਾਇਤ ਇਹ ਕੀਤੀ ਹੈ ਕਿ ਸਿੱਖ ਮੈਰਿਜ ਐਕਟ, ਹਿੰਦੂ ਮੈਰਿਜ ਐਕਟ ਅਤੇ ਕ੍ਰਿਸਚੀਅਨ ਮੈਰਿਜ ਐਕਟ ਜਲਦੀ ਤੋਂ ਜਲਦੀ ਪਾਸ ਕਰਵਾ ਕੇ ਲਾਗੂ ਕੀਤੇ ਜਾਣ। ਸਿੱਖ ਮੈਰਿਜ ਐਕਟ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖਾਂ ਦੀ ਸਲਾਹ ਨਾਲ ਜੂਨ ਤੋਂ ਪਹਿਲਾਂ ਪਹਿਲਾਂ ਲਾਗੂ ਹੋ ਜਾਵੇਗਾ ਅਤੇ ਪਾਕਿਸਤਾਨ ਦੁਨੀਆ ਦਾ ਪਹਿਲਾ ਦੇਸ਼ ਹੋਵੇਗਾ, ਜਿੱਥੇ ਸਿੱਖ ਮੈਰਿਜ ਐਕਟ ਲਾਗੂ ਹੋਵੇਗਾ।

**ਸੁਆਲ- ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਪ੍ਰਬੰਧ ਇੱਕ ਵੱਖਰੀ ਏਜੰਸੀ ਦੇ ਅਧੀਨ ਹੈ, ਜਦੋਂ ਕਿ ਬਾਕੀ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤਾ ਜਾਂਦਾ ਹੈ। ਕੀ ਤੁਹਾਨੂੰ ਨਹੀਂ ਲਗਦਾ ਕਿ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਵੀ ਗੁਰਦੁਆਰਾ ਕਮੇਟੀ ਦੇ ਅਧੀਨ ਹੋਣਾ ਚਾਹੀਦਾ ਹੈ ?**

**ਜੁਆਬ-**ਗੁਰਦੁਆਰਾ ਕਰਤਾਰਪੁਰ ਸਾਹਿਬ ਪਹਿਲੀ ਵਾਰ ਮੀਆਂ ਨਵਾਜ਼ ਸ਼ਰੀਫ਼ ਦੀ ਹਕੂਮਤ ਵੇਲੇ ਦਰਸ਼ਨਾਂ ਲਈ 1999-2000 ਵਿੱਚ ਖੁੱਲ੍ਹਿਆ ਸੀ। ਅਮਰੀਕਾ ਦੇ ਸਿੰਘ ਜੇ. ਬੀ. ਸਿੰਘ ਨੇ ਕਾਰ ਸੇਵਾ ਸ਼ੁਰੂ ਕੀਤੀ ਸੀ। ਮੇਰੇ ਵੱਡੇ ਭਰਾ ਜੀ ਉੱਥੇ ਪਹਿਲੀ ਵਾਰ ਮੁੱਖ ਗ੍ਰੰਥੀ ਵਜੋਂ ਉੱਥੇ ਗਏ ਸਨ। ਸੰਗਤਾਂ ਦੀ ਅਰਦਾਸ ਸੀ ਕਿ ਖੁੱਲ੍ਹੇ ਦਰਸ਼ਨ ਦੀਦਾਰ ਕੀਤੇ ਜਾਣ, ਇੱਥੇ ਜਾਣ ਦਾ ਰਸਤਾ ਬਹੁਤ ਔਖਾ ਸੀ। ਇੱਥੇ ਰਸਤੇ ਵਿੱਚ ਸਿਰਫ਼ ਜੰਗਲ ਹੀ ਜੰਗਲ ਸਨ। ਕੋਈ ਵਸੋਂ ਨਹੀਂ ਸੀ। ਉਸ ਵੇਲੇ ਗੁਰਦੁਆਰਾ ਸਾਹਿਬ ਤੋਂ ਟੈਲੀਫ਼ੋਨ ਕਰਨ ਲਈ ਵੀ 18 ਕਿੱਲੋਮੀਟਰ ਦੂਰ ਜਾਣਾ ਪੈਂਦਾ ਸੀ। ਹੁਣ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਾਸਤੇ ਵੱਖਰੀ ਏਜੰਸੀ ਨਹੀਂ ਹੈ। ਇਹ ਵੀ ਇਵੈਕੂਈ ਟਰੱਸਟ ਬੋਰਡ ਦੇ ਅਧੀਨ ਹੀ ਹੈ। ਇਹ ਇੱਕ ਪ੍ਰਾਜੈਕਟ ਮੈਨੇਜਮੈਂਟ ਹੈ। ਸਾਰਾ ਕੰਮ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਇਵੈਕੂਈ ਟਰੱਸਟ ਪ੍ਰਾਪਟੀ ਬੋਰਡ ਅਤੇ ਪ੍ਰਾਜੈਕਟ ਮੈਨੇਜਮੈਂਟ ਮਿਲ



ਕੇ ਕਰ ਰਹੇ ਹਨ। ਗੁਰਦੁਆਰਾ ਸਾਹਿਬ ਦੇ ਅੰਦਰ ਦੇ ਸਾਰੇ ਪ੍ਰਬੰਧ ਤੇ ਯਾਤਰੀਆਂ ਦੀ ਸੇਵਾ ਸੰਭਾਲ ਪਾਕਿਸਤਾਨ ਗੁਰਦੁਆਰਾ ਕਮੇਟੀ ਹੀ ਕਰਦੀ ਹੈ। ਸਾਰੇ ਅਦਾਰੇ ਮਿਲ ਕੇ ਹੀ ਕੰਮ ਕਰ ਰਹੇ ਹਨ।

**ਸੁਆਲ- ਸਿੰਧ ਅਤੇ ਹੋਰ ਸੂਬਿਆਂ ਵਿੱਚ ਨਾਬਾਲਗ ਲੜਕੀਆਂ ਦੇ ਜਬਰੀ ਧਰਮ ਪਰਿਵਰਤਨ ਅਤੇ ਅਗਵਾ ਕਰਨ ਦੀਆਂ ਘਟਨਾਵਾਂ ਵਧ ਰਹੀਆਂ ਹਨ,ਪਰ ਕੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਅਜਿਹੀਆਂ ਘਟਨਾਵਾਂ ਨੂੰ ਰੁਕਵਾਉਣ ਲਈ ਕੋਸ਼ਿਸ਼ਾਂ ਕਰੋਗੇ ?**

**ਜੁਆਬ-**ਰਿਆਸਤੇ ਪਾਕਿਸਤਾਨ ਦਾ ਸੰਵਿਧਾਨ ਹਰ ਪਾਕਿਸਤਾਨੀ ਨੂੰ ਉਹ ਚਾਹੇ ਕਿਸੇ ਵੀ ਧਰਮ ਦੇ ਹੋਣ, ਬਰਾਬਰੀ ਦਾ ਅਧਿਕਾਰ ਦਿੰਦਾ ਹੈ। ਸਾਡੀ ਮੁੱਖ ਮੰਤਰੀ ਮਰੀਅਮ ਨਵਾਜ਼ ਸਾਹਿਬਾ ਨੇ ਖ਼ੁਦ ਕਿਹਾ ਹੈ ਕਿ ਘੱਟ ਗਿਣਤੀਆਂ ਸਾਡੇ ਸਿਰ ਦਾ ਤਾਜ ਹਨ। ਮੈਂ ਆਪਣੀ ਪੂਰੀ ਟੀਮ ਨੂੰ ਹਦਾਇਤ ਕੀਤੀ ਹੈ ਕਿ ਕਿਸੇ ਨਾਲ ਕੋਈ ਵਿਤਕਰਾ ਨਾ ਹੋਵੇ। ਰਹੀ ਗੱਲ ਸਿੰਧ ਅਤੇ ਹੋਰ ਸੂਬਿਆਂ ਵਿੱਚ ਨਾਬਾਲਗਾਂ ਨਾਲ ਕੁੱਝ ਜ਼ਿਆਦਤੀ ਦੇ ਕੇਸ ਸਾਹਮਣੇ ਆਏ ਹਨ। ਪਰ ਸਰਕਾਰ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕਰਦੀ ਹੈ ਅਤੇ ਘੱਟ ਗਿਣਤੀਆਂ ਨਾਲ ਜ਼ਿਆਦਤੀ ਕਰਨ ਦਾ ਵਾਲਿਆਂ ਖ਼ਿਲਾਫ਼ ਕਾਰਵਾਈ ਹੁੰਦੀ ਹੈ। ਮੈਂ ਇਸ ਮਾਮਲੇ ਵਿੱਚ ਜੋ ਕਰ ਸਕਦਾ ਹਾਂ ਜ਼ਰੂਰ ਕਰਾਂਗਾ।

**ਸੁਆਲ : ਕੀ ਤੁਸੀਂ ਪਾਕਿਸਤਾਨ ਵਿੱਚ ਰਹਿੰਦੇ ਸਿੱਖਾਂ, ਹਿੰਦੂਆਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਦੀ ਬਿਹਤਰੀ ਲਈ ਕੁੱਝ ਨਵਾਂ ਕਰਨ ਦੀ ਯੋਜਨਾ ਬਣਾ ਰਹੇ ਹੋ ?**

**ਜੁਆਬ-** ਮੇਰੇ ਲਈ ਇਹ ਸੱਚਮੁੱਚ ਚੁਣੌਤੀ ਪੂਰਨ ਹੈ ਕਿ ਮੈਂ ਘੱਟ ਗਿਣਤੀਆਂ ਦਾ ਮੰਤਰੀ ਹੋਣ ਦੇ ਨਾਤੇ ਘੱਟ ਗਿਣਤੀਆਂ ਲਈ ਕੀ ਕੰਮ ਕਰਾਂਗਾ। ਮੈਂ ਇੱਕ 5 ਸਾਲਾ ਰੋਡ ਮੈਪ ਬਣਾ ਰਿਹਾ ਹਾਂ ਜਿਸ ਵਿੱਚ ਸਾਰੀਆਂ ਧਿਰਾਂ ਨੂੰ ਸ਼ਾਮਿਲ ਕਰਕੇ ਘੱਟ ਗਿਣਤੀਆਂ ਦੇ ਸਾਰੇ ਮਸਲੇ ਹੱਲ ਕਰਨ ਲਈ ਕੰਮ ਕਰਾਂਗਾ। ਉਨ੍ਹਾਂ ਨੂੰ ਧਰਮ ਕਾਰਨ ਮੁਸ਼ਕਿਲ ਨਾ ਆਏ। ਉਨ੍ਹਾਂ ਨਾਲ ਕਿਤੇ ਵੀ ਧੱਕਾ ਨਾ ਹੋਵੇ, ਇਸ ਲਈ ਲੋਕਾਂ ਦੇ ਰਵੱਈਏ ਨੂੰ ਬਦਲਣਾ ਪੈਣਾ ਹੈ। ਮੇਰਾ ਮੰਤਰਾਲਾ ਇਸ ਲਈ ਸਮਰਪਿਤ ਹੈ। ਅੰਤਰ-ਧਰਮ ਸਦਭਾਵਨਾ ਸਹਿਮਤੀ ਬਣਾਉਣਾ, ਪੰਜਾਬ ਵਿੱਚ ਵਸਦੀਆਂ ਘੱਟ ਗਿਣਤੀਆਂ ਲਈ ਸਮਾਜਿਕ ਨਿਆਂ, ਨੌਕਰੀਆਂ ਅਤੇ ਸਕੂਲਾਂ ਕਾਲਜਾਂ ਵਿਚ ਇਕੋ ਜਿਹੇ ਬਰਾਬਰੀ ਦੇ ਮੌਕੇ ਦੇਣ ਲਈ ਅਸੀਂ 5 ਸਾਲਾਂ ਵਿੱਚ ਪੂਰੀ ਮਿਹਨਤ ਕਰਾਂਗੇ ਅਤੇ ਕੋਸ਼ਿਸ਼ ਕਰਾਂਗੇ ਕਿ ਇਹ ਰੋਡ ਮੈਪ ਪੱਕੇ ਤੌਰ 'ਤੇ ਲਾਗੂ ਰਹੇ।

**ਸੁਆਲ- ਕੀ ਇੱਕ ਸੱਤਾਧਾਰੀ ਪਾਰਟੀ ਦੇ ਆਗੂ ਵਜੋਂ ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਨੂੰ ਸੁਧਾਰਨ ਵਿੱਚ ਤੁਸੀਂ ਕੋਈ ਭੂਮਿਕਾ ਨਿਭਾਓਗੇ ?**

**ਜੁਆਬ-**ਪਾਕਿਸਤਾਨ ਦੀ ਪਾਲਿਸੀ ਹੈ ਗੁਆਂਢੀ ਮੁਲਕਾਂ ਨਾਲ ਚੰਗੇ ਸੰਬੰਧ ਹੋਣ। ਸਾਡੇ ਕਾਇਦ ਨਵਾਜ਼ ਸ਼ਰੀਫ਼ ਨੇ ਵੀ ਕਈ ਵਾਰ ਕਿਹਾ ਹੈ ਕਿ ਅਸੀਂ ਗੁਆਂਢੀ ਮੁਲਕ (ਭਾਰਤ) ਨਾਲ ਚੰਗੇ ਸੰਬੰਧਾਂ ਦੇ ਹਾਮੀ ਹਾਂ, ਹੁਣ ਵਾਲੀ ਸਰਕਾਰ ਵੀ ਇਹੀ ਚਾਹੁੰਦੀ ਹੈ। ਪਰ ਇਹ ਬਰਾਬਰੀ ਦੇ ਆਧਾਰ 'ਤੇ ਹੀ ਹੋ ਸਕਦਾ ਹੈ। ਅਸੀਂ ਚਾਹੁੰਦੇ ਹਾਂ ਕਿ ਭਾਰਤ ਨਾਲ ਵਪਾਰ ਹੋਵੇ, ਲੋਕਾਂ ਦਾ ਆਉਣ ਜਾਣ ਹੋਵੇ। ਪਰ ਜੇ ਇਹ ਦੋਵਾਂ ਪਾਸਿਓਂ ਹੋਵੇ ਤਾਂ ਹੀ ਹੋ ਸਕਦਾ ਹੈ। ਖ਼ਾਸ ਕਰ ਭਾਰਤ ਤੇ ਪਾਕਿਸਤਾਨ ਲਈ ਸਭ ਤੋਂ ਵੱਡੀ ਚੁਣੌਤੀ ਗਰੀਬੀ ਹੈ ਤੇ ਇਸ ਗਰੀਬੀ ਨੂੰ ਖ਼ਤਮ ਕਰਨ ਲਈ ਦੋਸਤੀ ਦੀ ਜ਼ਰੂਰਤ ਹੈ। ਪਰ ਇਹ ਨਹੀਂ ਹੋ ਸਕਦਾ ਕਿ ਕੋਈ ਕਹੇ ਕਿ ਮੈਂ ਵੱਡਾ ਹਾਂ ਤੇ ਛੋਟੇ ਨੂੰ ਦਬਾਅ ਸਕਦਾ ਹਾਂ ਅਤੇ ਛੋਟਾ ਇਹ ਮਹਿਸੂਸ ਕਰੇ ਕਿ ਮੈਨੂੰ ਵੱਖਰਾ ਤੇ ਇਕੱਲਾ ਕਰਨ ਲਈ ਕੋਈ ਰਣਨੀਤੀ ਬਣਾਈ ਗਈ ਹੈ। ਅਸੀਂ ਸਿਰਫ਼ ਭਾਰਤ ਨਾਲ ਹੀ ਨਹੀਂ ਬਾਕੀ ਗੁਆਂਢੀ ਦੇਸ਼ਾਂ ਨਾਲ ਵੀ ਚੰਗੇ ਸੰਬੰਧਾਂ ਲਈ ਕੰਮ ਕਰ ਰਹੇ ਹਾਂ। ਮੈਂ ਜਿੰਨੀ ਕੁ ਭੂਮਿਕਾ ਨਿਭਾਅ ਸਕਦਾ ਹਾਂ, ਨਿਭਾਅ ਰਿਹਾ ਹਾਂ।

**ਸੁਆਲ -ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਦੂਜੇ ਦੇਸ਼ਾਂ ਦੇ ਨਿਵਾਸੀਆਂ ਤੋਂ ਫ਼ੀਸ ਵਸੂਲਣ ਦਾ ਵਿਚਾਰ ਤਾਂ ਸਮਝ ਵਿੱਚ ਆਉਂਦਾ ਹੈ, ਪਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਪਾਕਿਸਤਾਨੀ ਨਾਗਰਿਕਾਂ ਤੋਂ ਇਹ ਕਿਉਂ ?**

**ਜੁਆਬ** -ਕਰਤਾਰਪੁਰ ਸਾਹਿਬ ਬਹੁਤ ਵੱਡਾ ਕਾਰੀਡੋਰ ਹੈ ਇਹ 175 ਏਕੜ ਦਾ ਹੈ । ਅਸੀਂ ਕੁੱਝ ਅਜਿਹੇ ਕਦਮ ਚੁੱਕੇ ਹਨ ਕਿ ਇਹ ਪ੍ਰਾਜੈਕਟ ਚਲਦਾ ਰਹੇ। ਇੱਥੇ 17 ਅਰਬ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ। ਅਸਲ ਵਿੱਚ ਗੁਰਦੁਆਰਾ ਸਾਹਿਬ ਦੇ ਅੰਦਰ ਜਾਣ ਦੀ ਕੋਈ ਫ਼ੀਸ ਨਹੀਂ। ਗੁਰੂ ਦਰਬਾਰ ਸਭ ਲਈ ਸਾਂਝਾ ਹੈ, ਕਿਸੇ 'ਤੇ ਰੋਕ ਨਹੀਂ। ਬਾਹਰੋਂ ਵੀਜ਼ਾ ਲੈ ਕੇ ਆਉਣ ਵਾਲੇ ਸਿੱਖਾਂ ਲਈ ਇਥੇ ਆਉਣ ਦੀ ਫ਼ੀਸ ਵੀ ਖ਼ਤਮ ਕਰ ਦਿੱਤੀ ਗਈ ਹੈ। ਪਰ ਸਥਾਨਕ ਲੋਕ ਕੰਪਲੈਕਸ ਵਿੱਚ ਆ ਕੇ ਉੱਥੇ ਬਣੇ ਵਪਾਰਕ ਅਤੇ ਮਨੋਰੰਜਕ ਅਦਾਰਿਆਂ ਵਿੱਚ ਵੀ ਜਾਂਦੇ ਹਨ। ਇਹ ਫ਼ੀਸ ਉਨ੍ਹਾਂ ਕਾਰਨ ਹੀ ਲਈ ਜਾਂਦੀ ਹੈ। ਗੁਰਦੁਆਰਾ ਸਾਹਿਬ 'ਤੇ ਕੋਈ ਫ਼ੀਸ ਨਹੀਂ ਹੈ।

**ਸੁਆਲ- ਗੁਰਪੁਰਬ ਮਨਾਉਣ ਦੇ ਸੰਬੰਧ ਵਿੱਚ, ਪਾਕਿਸਤਾਨ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਵੱਖੋ-ਵੱਖਰੇ ਕੈਲੰਡਰਾਂ ਦੀ ਪਾਲਣਾ ਕਰ ਰਹੀਆਂ ਹਨ ? ਕੀ ਤੁਸੀਂ ਇੱਕ ਆਮ ਸਹਿਮਤੀ ਤੱਕ ਪਹੁੰਚਣ ਲਈ ਯਤਨ ਕਰੋਗੇ ?**

**ਜੁਆਬ-**ਜਿਸ ਦਿਨ ਮੈਂ ਪਾਕਿਸਤਾਨ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਬਣਿਆ ਸੀ, ਮੈਂ ਉਸ ਦਿਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ ਤੇ ਸਾਰੀ ਦੁਨੀਆ ਦੀਆਂ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਸੀ ਕਿ ਆਓ, ਬੈਠ ਕੇ ਗੱਲ ਕਰੀਏ ਤੇ ਨਿੱਕੇ ਨਿੱਕੇ ਵਖਰੇਵੇਂ ਮਿਟਾ ਲਈਏ। ਅਸੀਂ 2003 ਤੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਹੋਇਆ ਹੈ।

# ਰਾਜ ਸਿੰਘ ਬਦੇਸ਼ਾ ਫਰਿਜ਼ਨੋ ਕਾਉਂਟੀ ਸੁਪੀਰੀਅਰ ਕੋਰਟ ਵਿੱਚ ਜੱਜ ਨਿਯੁਕਤ

ਸੈਕਰਾਮੈਂਟੋ /ਏ.ਟੀ.ਨਿਊਜ਼ :- ਗਵਰਨਰ ਗੇਵਿਨ ਨਿਊਜ਼ੋਮ ਨੇ ਅੱਜ 18 ਸੁਪੀਰੀਅਰ ਕੋਰਟ ਜੱਜਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਜਿਸ ਵਿੱਚ ਫਰਿਜ਼ਨੋ ਕਾਉਂਟੀ ਦੇ ਰਾਜ ਸਿੰਘ ਬਦੇਸ਼ਾ ਨੂੰ ਫਰਿਜ਼ਨੋ ਕਾਉਂਟੀ ਸੁਪੀਰੀਅਰ ਕੋਰਟ ਵਿੱਚ ਜੱਜ ਵਜੋਂ ਸੇਵਾ ਨਿਭਾਉਣ ਲਈ ਨਿਯੁਕਤ ਕੀਤਾ ਗਿਆ ਹੈ। ਸਿੱਖ ਕੌਮ ਲਈ ਇਹ ਮਾਣ ਵਾਲੀ ਗੱਲ ਹੈ, ਕਿ ਉਹਨਾਂ ਦੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵਿੱਚ ਚੰਗੇ ਮੁਕਾਮ ਹਾਸਿਲ ਕਰ ਰਹੇ ਹਨ। ਰਾਜ ਸਿੰਘ ਬਦੇਸ਼ਾ ਨੇ 2022 ਤੋਂ ਫਰਿਜ਼ਨੋ ਸਿਟੀ ਅਟਾਰਨੀ ਦੇ ਦਫਤਰ ਵਿੱਚ ਮੁੱਖ ਸਹਾਇਕ ਸਿਟੀ ਅਟਾਰਨੀ ਵਜੋਂ ਸੇਵਾ ਨਿਭਾਈ ਹੈ ਅਤੇ 2012 ਤੋਂ ਐਸੋਸੀਏਟ ਅਹੁਦੇ ਤੇ ਰਹਿੰਦੀਆਂ ਕਈ ਮੁੱਖ ਸੇਵਾਵਾਂ



ਨਿਭਾਈਆਂ ਹਨ। ਬੇਕਰ ਮਾਨੌਕ ਐਂਡ ਜੇਨਸਨ ਵਿਖੇ 2008 ਤੋਂ 2012 ਤੱਕ ਬਦੇਸ਼ਾ ਨੇ ਕੈਲੀਫੋਰਨੀਆ ਯੂਨੀਵਰਸਿਟੀ ਕਾਲਜ ਆਫ਼ ਲਾਅ ਸੈਨ ਫਰਾਂਸਿਸਕੋ ਤੋਂ ਜੂਰੀਸ ਡਾਕਟਰ ਦੀ ਡਿਗਰੀ ਹਾਸਲ ਕੀਤੀ। ਰਾਜ ਸਿੰਘ ਬਦੇਸ਼ਾ ਜੱਜ ਜੋਨ ਐਨ ਕਪੇਟਨ ਦੀ ਸੇਵਾਮੁਕਤੀ ਤੋਂ ਬਾਅਦ ਉਹਨਾ ਦੀ ਥਾਂ ਕਾਰਜਭਾਰ ਸੰਭਾਲਣਗੇ।

# ਅਮਰੀਕਾ 'ਚ ਵੀ ਕੋਰੋਨਾ ਵੈਕਸਿਨ ਨਾਲ ਹੋਇਆ ਲੋਕਾਂ ਦੇ ਸਰੀਰ ਨੂੰ ਨੁਕਸਾਨ

ਨਵੀਂ ਦਿੱਲੀ/ਏ.ਟੀ.ਨਿਊਜ਼ : ਕਹਿਰ ਬਣ ਕੇ ਸਾਹਮਣੇ ਆਈ ਕੋਵਿਡ-19 ਮਹਾਮਾਰੀ ਨੇ ਦੁਨੀਆਂ ਭਰ ਦੇ ਦੇਸ਼ਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਤੋਂ ਬਾਅਦ ਦਸੰਬਰ 2020 ਵਿੱਚ ਜਾਰੀ ਹੋਏ ਕੋਵਿਡ -19 ਟੀਕਿਆਂ ਨੇ ਕੋਰੋਨਾ ਮਹਾਂਮਾਰੀ ਦੀ ਤਸਵੀਰ ਬਦਲ ਦਿੱਤੀ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਟੀਕਿਆਂ ਨੇ ਦੁਨੀਆ ਵਿੱਚ ਲਗਭਗ 144 ਕਰੋੜ ਤੋਂ ਵੱਧ ਮੌਤਾਂ ਨੂੰ ਰੋਕਿਆ ਸੀ। ਇਸ ਦੇ ਮੁਕਾਬਲੇ, ਬਹੁਤ ਘੱਟ ਲੋਕਾਂ ਦੇ ਮਾੜੇ ਪ੍ਰਭਾਵ ਹੋਏ ਹਨ। ਨਿਊਯਾਰਕ ਟਾਈਮਜ਼ ਨੇ ਪਿਛਲੇ ਸਾਲ 30 ਤੋਂ ਵੱਧ ਲੋਕਾਂ ਨਾਲ ਗੱਲ ਕੀਤੀ ਹੈ। ਇਨ੍ਹਾਂ ਲੋਕਾਂ ਨੂੰ ਲੱਗਦਾ ਹੈ ਕਿ ਕੋਵਿਡ ਵੈਕਸੀਨ ਨਾਲ ਉਨ੍ਹਾਂ ਨੂੰ ਨੁਕਸਾਨ ਪਹੁੰਚਿਆ ਹੈ। ਇੱਕ ਦਰਜਨ ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕੀ ਸਰਕਾਰ ਦੇ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਸ਼ਿਕਾਇਤਾਂ ਦੀ ਜਾਂਚ ਲਈ ਲੋੜੀਂਦੇ ਕਦਮ ਨਹੀਂ ਚੁੱਕੇ ਹਨ।



ਯੂਰਪੀ ਮੈਡੀਸਨ ਯੂਨੀਅਨ ਨੇ ਕੋਵਿਡ ਵੈਕਸੀਨ ਦੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਹਾਲਾਂਕਿ, 13 ਹਜ਼ਾਰ ਤੋਂ ਵੱਧ ਲੋਕਾਂ ਨੇ ਕੋਵਿਡ ਵੈਕਸੀਨ ਕਾਰਨ ਹੋਏ ਨੁਕਸਾਨ ਲਈ ਸਰਕਾਰੀ ਫੰਡਾਂ ਤੋਂ ਮੁਆਵਜ਼ੇ ਦਾ ਦਾਅਵਾ ਕੀਤਾ ਹੈ। ਹਾਲਾਂਕਿ ਹੁਣ ਤੱਕ ਸਿਰਫ਼ ਇੱਕ ਦਰਜਨ ਲੋਕਾਂ ਨੂੰ ਹੀ ਮੁਆਵਜ਼ਾ ਮਿਲਿਆ ਹੈ। ਇਹ ਸਾਰੇ ਲੋਕ ਟੀਕਿਆਂ ਕਾਰਨ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਹਨ।

ਕੋਵਿਡ ਵੈਕਸੀਨ ਦੇ ਕੁਝ ਮਾੜੇ ਪ੍ਰਭਾਵ ਬਹੁਤ ਘੱਟ ਹਨ। ਹਾਂਗਕਾਂਗ ਦੇ ਖੋਜਕਰਤਾਵਾਂ ਨੇ ਇਹ ਪਾਇਆ ਹੈ ਕਿ ਦਵਾਈ ਦੀਆਂ ਹਰ ਦਸ ਲੱਖ ਖ਼ੁਰਾਕਾਂ ਲਈ, ਲਗਭਗ ਸੱਤ ਮਾਮਲਿਆਂ ਵਿੱਚ ਵਾਇਰਸ ਦੀ ਲਾਗ ਕਾਰਨ ਹਸਪਤਾਲ ਵਿੱਚ ਦਾਖਲ ਹੋਣਾ ਜ਼ਰੂਰੀ ਹੈ। ਕੋਵਿਡ ਟੀਕਿਆਂ ਕਾਰਨ ਹਰ ਦਸ ਹਜ਼ਾਰ ਨੌਜਵਾਨਾਂ ਵਿੱਚੋਂ ਇੱਕ ਨੂੰ ਦਿਲ ਦੀ ਬਿਮਾਰੀ ਹੋ ਸਕਦੀ ਹੈ ਜਿਸ ਨੂੰ 'ਮਾਇਓਕਾਰਡਾਈਟਿਸ' ਕਿਹਾ ਜਾਂਦਾ ਹੈ। ਯੂ.ਐਸ. ਸੰਘੀ ਸਿਹਤ ਅਧਿਕਾਰੀਆਂ ਨੇ ਟੀਕਿਆਂ ਦੇ ਚਾਰ ਗੰਭੀਰ ਮਾੜੇ ਪ੍ਰਭਾਵਾਂ ਵਿੱਚ ਮਾਇਓਕਾਰਡਾਈਟਿਸ ਨੂੰ ਸ਼ਾਮਲ ਕੀਤਾ ਹੈ।

ਕੁਝ ਵਿਗਿਆਨੀਆਂ ਨੇ ਖਦਸ਼ਾ ਜ਼ਾਹਰ ਕੀਤਾ ਹੈ ਕਿ ਟੀਕੇ ਨੇ ਉਨ੍ਹਾਂ ਲੋਕਾਂ ਦੀ ਮਦਦ ਨਹੀਂ ਕੀਤੀ ਜਿਨ੍ਹਾਂ ਨੂੰ ਨੁਕਸਾਨ ਹੋਇਆ ਹੈ। ਸੰਭਾਵੀ ਖ਼ਤਰਿਆਂ ਨੂੰ ਸਪੱਸ਼ਟ ਕਰਨ ਲਈ ਹੁਣ ਹੋਰ ਬਹੁਤ ਕੁਝ ਕੀਤਾ ਜਾਣਾ ਚਾਹੀਦਾ ਹੈ। ਲੰਬੇ ਸਮੇਂ ਤੱਕ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਵਿੱਚ ਅਹਿਮ ਅਹੁਦੇ 'ਤੇ ਰਹੇ ਡਾਕਟਰ ਜੈਨੇਟ ਵੁੱਡਕਾਕ ਦਾ ਕਹਿਣਾ ਹੈ ਕਿ ਕੋਰੋਨਾ ਵੈਕਸੀਨ ਨੇ ਕੁਝ ਲੋਕਾਂ ਲਈ ਗੰਭੀਰ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਮੈਨੂੰ ਅਜਿਹੇ ਲੋਕਾਂ ਲਈ ਅਫਸੋਸ ਹੈ।




## ਖ਼ਾਕ ਹੋ ਜਾਏਂਗੇ ਹਮ ਤੁਮਕੋ ਖ਼ਬਰ ਹੋਨੇ ਤਕ...

# ਲੋਕ ਸਭਾ ਚੋਣਾਂ 'ਚ ਬੇਰੁਜ਼ਗਾਰੀ ਤੇ ਮਹਿੰਗਾਈ ਦੀ ਥਾਂ ਹਿੰਦੂਤਵ ਤੇ ਰਾਮ ਮੰਦਰ ਬਣਿਆ ਮੁੱਖ ਮੁੱਦਾ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਅੱਜ ਦੇ ਸਮੇਂ ਵਿੱਚ ਬੇਰੁਜ਼ਗਾਰੀ, ਕਿਸਾਨੀ, ਸਿੱਖਿਆ, ਸਿਹਤ ਆਦਿ ਸਿਆਸਤਦਾਨਾਂ ਦੇ ਮਸਲੇ ਨਹੀਂ ਰਹੇ, ਸਗੋਂ ਧਰਮ, ਨਫ਼ਰਤ, ਝੂਠ, ਮੁਗ਼ਲ, ਮਟਰ, ਮੰਗਲ ਸੂਤਰ, ਦਲ ਬਦਲ, ਮੁਸਲਮਾਨ ਆਦਿ ਮਸਲਿਆਂ ਦੇ ਉੱਤੇ ਸਿਆਸਤ ਹੋ ਰਹੀ ਹੈ। ਧੋਖਾ, ਫ਼ਰੇਬ ਇਲੈਕਸ਼ਨ ਕਮਿਸ਼ਨ ਦੀ ਚੌਧਰ ਹੇਠ ਵਧ ਫੁੱਲ ਰਿਹਾ ਹੈ। ਲੋਕਤੰਤਰ ਨੂੰ ਖ਼ਤਰਾ ਹੈ, ਇਹ ਤਾਂ ਆਮ ਸੁਣਿਆ ਸੀ, ਪਰ ਖੁਜਰਾਹੋਂ, ਸੂਰਤ ਤੇ ਇੰਦੌਰ ਦੇ ਵਿੱਚ ਤਾਂ ਲੋਕਾਂ ਨੇ ਲੋਕਤੰਤਰ ਆਪਣੇ ਅੱਖੀਂ ਮਰਦਾ ਵੇਖਿਆ ਹੈ। ਜੇ ਇਹੀ ਪੈਟਰਨ ਭਾਵ ਖੁਜਰਾਹੋਂ, ਸੂਰਤ ਤੇ ਇੰਦੌਰ ਵਾਲਾ ਚੱਲਦਾ ਰਿਹਾ ਤਾਂ ਮੇਰਾ ਖ਼ਿਆਲ ਹੈ ਕਿ ਚਾਰ ਸੌ ਪਾਰ ਕਰਨਾ ਕੋਈ ਔਖਾ ਨਹੀਂ ਹੋਵੇਗਾ। ਖ਼ਰੀਦੋ ਫ਼ਰੋਖ਼ਤ ਸਿਆਸਤ ਵਿੱਚ ਪਹਿਲਾਂ ਵੀ ਹੁੰਦੀ ਸੀ, ਪਰ ਕਦੇ ਬੰਦ ਦਰਵਾਜ਼ਿਆਂ ਦੇ ਪਿੱਛੇ, ਕਦੇ ਫ਼ਾਰਮ ਹਾਊਸ ਵਿੱਚ, ਕਦੇ ਹੋਟਲਾਂ ਵਿੱਚ, ਪਰ ਅੱਜ ਦੇ ਸਮੇਂ ਦੇ ਵਿੱਚ ਇਹ ਸ਼ਰੇਆਮ ਚੁਣਾਂਵੀ ਮਾਹੌਲ ਦੇ ਵਿੱਚ ਹੋ ਰਹੀ ਹੈ। ਜਿਥੇ ਤੁਸੀਂ ਤਿੰਨ ਸ਼ਹਿਰਾਂ ਦੇ ਵਿੱਚ ਲੋਕਤੰਤਰ ਮਰਦਾ ਵੇਖਿਆ ਹੈ, ਉਥੇ ਤੁਸੀਂ ਮਹਿਸੂਸ ਕੀਤਾ ਹੋਣੈ ਕਿ ਤਿੰਨ ਬੰਦਿਆਂ ਦੀ ਜ਼ਮੀਰ ਵੀ ਮਰ ਰਹੀ ਹੈ। ਅਸੀਂ ਗੱਲ ਕਰ ਰਹੇ ਹਾਂ ਤਿੰਨ ਚੋਣ ਕਮਿਸ਼ਨਰਾਂ, ਸੁਖਬੀਰ ਸੰਧੂ, ਰਾਜੀਵ ਕੁਮਾਰ ਤੇ ਗਿਆਨੇਸ਼ ਦੀ। ਉਹਨਾਂ ਦੀ ਡਿਊਟੀ ਲੋਕਤੰਤਰ ਦੀ ਰੱਖਿਆ ਕਰਨਾ ਹੈ, ਪਰ ਉਹ ਚੁੱਪ ਨੇ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਉਹਨਾਂ ਨੂੰ ਵੀ ਹੈਕ ਕਰ ਲਿਆ ਗਿਆ ਹੈ। ਟਵਿੱਟਰ 'ਤੇ ਲੋਕ ਚੋਣ ਕਮਿਸ਼ਨ ਦੇ ਲਈ ਡੈਥ ਸਰਟੀਫ਼ਿਕੇਟ ਪੋਸਟ ਕਰ ਰਹੇ ਹਨ। ਸੀ.ਐਸ.ਡੀ.ਐਸ. ਦਾ ਡਾਟਾ ਕਹਿ ਰਿਹਾ ਹੈ ਕਿ ਲੋਕਤੰਤਰ ਵਿੱਚ ਵਿਸ਼ਵਾਸ 28 ਫ਼ੀਸਦੀ ਲੋਕਾਂ ਦਾ ਰਹਿ ਗਿਆ ਹੈ।

ਲੋਕ ਕੇਂਦਰ ਸਰਕਾਰ ਦੇ ਵਿਰੋਧ 'ਤੇ ਉੱਤਰ ਆਏ ਹਨ। ਸਰਕਾਰ ਦੇ ਵੱਲੋਂ 80 ਕਰੋੜ ਲੋਕਾਂ ਨੂੰ ਪੰਜ ਕਿਲੋ ਮੁਫ਼ਤ ਆਟਾ ਤੇ ਚਾਵਲ ਦਿੱਤੇ ਜਾਂਦੇ ਹਨ, ਪਰ ਲੋਕਾਂ ਨੇ ਇਹ ਚੀਜ਼ਾਂ ਸਰਕਾਰ ਨੂੰ ਵਾਪਸ ਕਰਕੇ ਕਹਿ ਦਿੱਤਾ ਹੈ ਕਿ ਸਾਨੂੰ ਸਿੱਖਿਆ ਚਾਹੀਦੀ ਹੈ, ਸਾਨੂੰ ਰੁਜ਼ਗਾਰ ਚਾਹੀਦਾ ਹੈ। ਇਸ ਦੀ ਤਾਜ਼ਾ ਉਦਾਹਰਣ ਮਹਾਰਾਸ਼ਟਰ ਦੇ ਵਿੱਚ ਪਾਲ ਘਰ ਦੇ ਆਦਿ ਵਾਸੀਆਂ ਨੇ ਦਿੱਤੀ। ਦੇਸ਼ ਦੇ ਵਿੱਚ ਭਾਵੇਂ ਨੌਜਵਾਨ ਵਿਦੇਸ਼ਾਂ ਵੱਲ ਨੂੰ ਆਪਣੇ ਕਦਮ ਵਧਾ ਰਹੇ ਨੇ ਪਰ ਪ੍ਰੀਮੀਅਰ ਇੰਸਟੀਚਿਊਟ ਆਈ.ਆਈ.ਟੀ. ਨੇ ਦੱਸਿਆ ਕਿ ਇੱਥੇ 30-35 ਫ਼ੀਸਦੀ ਵਿਦਿਆਰਥੀ ਹਾਲੇ ਵੀ ਸਹੀ ਨੌਕਰੀ ਮਿਲਣ ਦਾ ਇੰਤਜ਼ਾਰ ਕਰ ਰਹੇ ਨੇ। ਦੇਸ਼ ਦੇ ਵਿੱਚ ਪੜ੍ਹੇ ਲਿਖੇ ਲੋਕ ਵਧੀਆ ਰੁਜ਼ਗਾਰ ਦੇ ਲਈ ਪ੍ਰੇਸ਼ਾਨ ਹਨ, ਵਿਰੋਧ ਕਰ ਰਹੇ ਹਨ, ਇਹ ਦੇਸ਼ ਦੀ ਅਰਥ ਵਿਵਸਥਾ ਦੀ ਸਭ ਤੋਂ ਚਿੰਤਾਜਨਕ ਤਸਵੀਰ ਹੈ। ਪਿਛਲੇ ਸਾਲ 'ਤੇ ਨਜ਼ਰ ਮਾਰੀਏ ਤਾਂ 'ਇੰਗਲਿਸ਼ ਚੈਨਲ' ਨੂੰ ਪਾਰ ਕਰਕੇ ਬ੍ਰਿਟੇਨ ਦੇ ਵਿੱਚ ਗਲਤ ਤਰੀਕੇ ਨਾਲ ਪਹੁੰਚਣ ਵਿੱਚ ਭਾਰਤੀਆਂ ਦੀ ਗਿਣਤੀ ਵਿੱਚ 60 ਫ਼ੀਸਦੀ ਵਾਧਾ ਹੋਇਆ ਹੈ। ਇਹੋ ਜਿਹੀਆਂ ਵੱਖ- ਵੱਖ ਘਟਨਾਵਾਂ ਦੱਸ ਰਹੀਆਂ ਨੇ ਕਿ ਅਰਥ ਵਿਵਸਥਾ ਦੇ ਵਿੱਚ ਰੁਜ਼ਗਾਰ ਦਾ ਕਿੰਨਾ ਵੱਡਾ ਸੰਕਟ ਹੈ। ਸੀ.ਐਚ.ਡੀ.ਐਸ. ਦੇ ਰਾਸ਼ਟਰੀ ਸਰਵੇਖਣ ਵਿੱਚ ਇਹ ਸਾਹਮਣੇ ਆਇਆ ਹੈ ਕਿ ਦੇਸ਼ ਦੇ ਸਾਹਮਣੇ ਦੋ ਸਭ ਤੋਂ ਵੱਡੇ ਮੁੱਦੇ ਹਨ ਬੇਰੁਜ਼ਗਾਰੀ ਤੇ ਮਹਿੰਗਾਈ ਪਰ ਏਸ 'ਤੇ ਚਰਚਾ ਨਹੀਂ ਹੈ, ਮੁੱਦਾ ਹਿੰਦੂਤਵ ਤੇ ਰਾਮ ਮੰਦਰ ਨੂੰ ਬਣਾਇਆ ਜਾ ਰਿਹਾ ਹੈ। ਸਰਕਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਬੇਰੁਜ਼ਗਾਰ ਨੌਜਵਾਨ ਕਿਸੇ ਵੀ ਸਮਾਜ ਨੂੰ ਡਾਵਾਂਡੋਲ ਕਰ ਸਕਦੇ ਹਨ। ਇਹਨਾਂ ਨੂੰ ਸੰਭਾਲਣ ਦੀ ਬਹੁਤ ਜ਼ਰੂਰਤ ਹੈ। ਅਸੀਂ ਅਮਰੀਕਾ ਦੇ ਵਿੱਚ ਪਿਛਲੇ ਦਿਨੀਂ ਵੇਖਿਆ ਹੈ ਕਿ ਕਿਸ ਤਰ੍ਹਾਂ ਯੂਨੀਵਰਸਿਟੀਆਂ ਦੇ ਵਿੱਚ ਫਲਸਤੀਨ ਦੇ ਪੱਖ ਵਿੱਚ ਪ੍ਰਦਰਸ਼ਨ ਕਰਦੇ ਵਿਦਿਆਰਥੀਆਂ ਨੇ ਸਰਕਾਰ ਦੇ ਨੱਕ ਵਿੱਚ ਦਮ ਕਰ ਦਿੱਤਾ ਹੈ। ਫ਼ਰਾਂਸ ਦੇ ਵਿੱਚ ਅਜਿਹੇ ਪ੍ਰਦਰਸ਼ਨ ਆਮ ਹੁੰਦੇ ਹਨ। ਸਾਡੇ ਨੌਜਵਾਨਾਂ ਦੇ ਵਿੱਚ ਥੋੜ੍ਹਾ ਬਹੁਤਾ ਹੌਂਸਲਾ ਹੈ ਪਰ ਹੌਂਸਲੇ ਦੀ ਪ੍ਰੀਖਿਆ ਵੀ ਨਹੀਂ ਲੈਣੀ ਚਾਹੀਦੀ। ਸਾਡੇ ਦੇਸ਼ ਦੇ ਵਿੱਚ ਇੱਕ ਪਾਸੇ ਅੰਬਾਨੀ, ਅਡਾਨੀ ਵਰਗੇ ਉਦਯੋਗਪਤੀਆਂ ਦਾ ਯੋਗਦਾਨ ਹੈ, ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ, ਜਿਸ ਤੋਂ ਸਰਕਾਰ ਨੂੰ ਟੈਕਸ ਮਿਲਦਾ ਹੈ। ਅਰਥ ਵਿਵਸਥਾ ਨੂੰ ਗਤੀ ਮਿਲਦੀ ਹੈ ਪਰ ਦੂਜੇ ਪਾਸੇ ਰੌਲਾ ਇਹ ਵੀ ਹੈ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਦੇਣ ਦੇ ਲਈ ਸਰਕਾਰ ਮਜਬੂਰ ਹੈ। ਦੁਨੀਆਂ ਦੇ ਹਰ ਦੇਸ਼ ਵਿੱਚ ਨਾਬਰਾਬਰੀ ਹੈ ਪਰ ਸਭ ਤੋਂ ਜ਼ਿਆਦਾ ਸਾਡੇ ਦੇਸ਼ ਵਿੱਚ ਹੈ। ਸਾਡੇ ਦੇਸ਼ ਦੇ ਵਿੱਚ ਅਮੀਰਾਂ ਦੇ ਕੋਲ ਰਾਸ਼ਟਰੀ ਜਾਇਦਾਦ ਦਾ 40.1 ਫ਼ੀਸਦੀ ਅਤੇ ਆਮਦਨ ਦਾ 22.6 ਫ਼ੀਸਦੀ ਹਿੱਸਾ ਹੈ। ਦੁਨੀਆਂ ਵਿੱਚ ਤੀਸਰੀ ਸਭ ਤੋਂ ਜ਼ਿਆਦਾ ਡਾਲਰ ਅਰਬਪਤੀਆਂ ਦੀ ਗਿਣਤੀ ਭਾਰਤ ਵਿੱਚ ਹੈ ਜਦੋਂ ਕਿ ਦੂਜੇ ਪਾਸੇ ਸਾਡੇ ਲਗਭਗ ਇੱਕ ਅਰਬ ਲੋਕ ਰੋਜ਼ 250 ਰੁਪਏ ਤੋਂ ਘੱਟ ਕਮਾਉਂਦੇ ਹਨ। ਜਨਵਰੀ 2023 ਦੇ ਵਿੱਚ ਰੁਜ਼ਗਾਰ ਦਾ ਸਭ ਤੋਂ ਚਿੰਤਾਜਨਕ ਅੰਕੜਾ 37.4 ਫ਼ੀਸਦੀ ਹਰਿਆਣੇ ਤੋਂ ਸੀ। ਜਦੋਂ ਕਿ ਇਹ ਇੱਕ ਬਹੁਤ ਹੀ ਵਿਕਾਸਸ਼ੀਲ ਪ੍ਰਾਂਤ ਮੰਨਿਆ ਜਾਂਦਾ ਹੈ। ਦਿਨੋਂ ਦਿਨ ਵਧ ਰਹੀ ਆਬਾਦੀ ਨੂੰ ਦੇਖਦੇ ਹੋਏ ਅਨੁਮਾਨ ਹੈ ਕਿ ਅਗਲੇ ਕੁਝ ਦਹਾਕਿਆਂ ਤਕ ਹਰ ਸਾਲ 1.2 ਕਰੋੜ ਨਵੇਂ ਨੌਜਵਾਨ ਵਰਕਰ ਮਾਰਕੀਟ ਵਿੱਚ ਉੱਤਰਣਗੇ। ਇਹਨਾਂ ਸਭ ਦੇ ਲਈ ਰੁਜ਼ਗਾਰ ਦਾ ਪ੍ਰਬੰਧ ਕਿਵੇਂ ਹੋਵੇਗਾ? ਸਰਕਾਰ ਨਵੀਂ ਸਿੱਖਿਆ ਨੀਤੀ ਦੇ ਵਿੱਚ ਸਕਿੱਲ ਦੇ ਉੱਤੇ ਜ਼ੋਰ ਦੇ ਰਹੀ ਹੈ ਪਰ ਹਾਲੇ ਵੀ ਸਾਡੀ ਸਿੱਖਿਆ ਪ੍ਰਣਾਲੀ ਬਹੁਤ ਸਾਰੇ ਪੜ੍ਹੇ ਲਿਖੇ ਅਨਪੜ੍ਹ ਪੈਦਾ ਕਰ ਰਹੀ ਹੈ। ਲਗਭਗ 30 ਫ਼ੀਸਦੀ ਗ੍ਰੈਜੂਏਟ ਬੇਰੁਜ਼ਗਾਰ ਹਨ। ਨੌਕਰੀਪੇਸ਼ੇ ਦੇ ਸੰਕਟ ਦਾ ਨਤੀਜਾ ਇਹ ਹੈ ਕਿ ਚਾਰ ਸਾਲ ਪਹਿਲਾਂ ਦੇ ਮੁਕਾਬਲੇ ਵਿੱਚ ਅੱਜ ਖੇਤੀ ਸੈਕਟਰ ਦੇ ਵਿੱਚ 6 ਕਰੋੜ ਲੋਕ ਵੱਧ ਕੰਮ ਕਰ ਰਹੇ ਹਨ ਕਿਉਂਕਿ ਜਦੋਂ ਨੌਜਵਾਨਾਂ ਨੂੰ ਕੰਮ ਨਹੀਂ ਮਿਲਦਾ ਤਾਂ ਉਹਨਾਂ ਨੂੰ ਵਾਪਸ ਆਪਣੇ ਪਿੰਡ ਪਰਤਣਾ ਪੈਂਦਾ ਹੈ। ਦੇਸ਼ ਦੇ ਅੰਦਰ ਰੁਜ਼ਗਾਰ ਦੀ ਬਹੁਤ ਮੰਦੀ ਤਸਵੀਰ ਸਾਹਮਣੇ ਆ ਰਹੀ ਹੈ। ਏਸ ਲਈ ਇੱਥੇ ਇੱਕ ਪਾਸੇ ਧਿਆਨ ਹਟਾਉਣ ਦੀ ਕੋਸ਼ਿਸ਼ ਰਾਜੇ ਮਹਾਰਾਜੇ ਬਨਾਮ ਨਵਾਬ, ਸਮਾਜ ਦੇ ਐਕਸਰੇ ਆਦਿ ਹੋ ਰਹੇ ਹਨ ਤੇ ਦੂਜੇ ਪਾਸੇ ਵਾਅਦੇ ਕੀਤੇ ਜਾ ਰਹੇ ਹਨ। ਭਾਜਪਾ ਨੇ ਭਾਵੇਂ ਆਪਣੇ ਚੋਣ ਮਨੋਰਥ ਪੱਤਰ ਦੇ ਵਿੱਚ ਰੁਜ਼ਗਾਰ ਦੇ ਉੱਤੇ ਪੂਰਾ ਜ਼ੋਰ ਦਿੱਤਾ ਹੈ ਪਰ ਇਹ ਨਹੀਂ ਦੱਸਿਆ ਕਿ ਰੁਜ਼ਗਾਰ ਦਾ ਰਸਤਾ ਕੀ ਹੈ? ਕਾਂਗਰਸ ਨੇ 30 ਲੱਖ ਸਰਕਾਰੀ ਨੌਕਰੀਆਂ ਦੀ ਗੱਲ ਕੀਤੀ ਹੈ, ਪਰ ਇਹ ਨਹੀਂ ਦੱਸਿਆ ਕਿ ਅਸੀਂ ਇਹ ਰਸਤਾ ਕਿਸ ਤਰ੍ਹਾਂ ਬਣਾਵਾਂਗੇ? ਪਰ ਸਰਕਾਰਾਂ ਸ਼ੋਸ਼ੇ ਛੱਡਦੀਆਂ ਰਹਿਣਗੀਆਂ। ਮਿਰਜ਼ਾ ਗਾਲਿਬ ਨੇ ਕਿਹਾ ਹੈ ਕਿ "ਖ਼ਾਕ ਹੋ ਜਾਏਂਗੇ ਹਮ ਤੁਮਕੋ ਖ਼ਬਰ ਹੋਨੇ ਤਕ....।" ਮੁੱਕਦੀ ਗੱਲ ਜਦੋਂ ਤਕ ਨੌਜਵਾਨਾਂ ਨੂੰ ਉਹਨਾਂ ਦੀ ਕਾਬਲੀਅਤ ਮੁਤਾਬਕ ਰੁਜ਼ਗਾਰ ਨਹੀਂ ਮਿਲਦਾ, ਇਸ ਸਰਕਾਰ ਅਤੇ ਆਉਣ ਵਾਲੀਆਂ ਸਰਕਾਰਾਂ ਲਈ ਇਹ ਮਸਲਾ ਗਲੇ ਦੀ ਹੱਡੀ ਬਣਿਆ ਰਹੇਗਾ।

## ਭਾਰਤ-ਕੈਨੇਡਾ ਤਣਾਅ : ਜੈਸ਼ੰਕਰ ਦੇ ਬਿਆਨ 'ਤੇ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਨੇ ਦਿੱਤਾ ਸਪੱਸ਼ਟੀਕਰਨ

# ਕੈਨੇਡਾ 'ਚ ਦਾਖ਼ਲੇ ਸਮੇਂ ਲੋਕਾਂ ਦੀ ਜਾਂਚ ਕੀਤੀ ਜਾਂਦੀ ਹੈ : ਮਾਰਕ ਮਿਲਰ

ਟੋਰਾਂਟੋ/ਏ.ਟੀ.ਨਿਊਜ਼: ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਪਿਛਲੇ ਕੁਝ ਸਮੇਂ ਤੋਂ ਖਟਾਸ ਬਣੀ ਹੋਈ ਹੈ। ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ ਵਿੱਚ ਤਿੰਨ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ 'ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਦੋਸ਼ ਲਾਇਆ ਸੀ ਕਿ ਕੈਨੇਡਾ ਸਰਕਾਰ ਭਾਰਤ ਵੱਲੋਂ ਜਾਰੀ ਚਿਤਾਵਨੀਆਂ 'ਤੇ ਧਿਆਨ ਨਹੀਂ ਦਿੰਦੀ ਅਤੇ ਅਪਰਾਧਿਕ ਸਬੰਧਾਂ ਵਾਲੇ ਲੋਕਾਂ ਨੂੰ ਵੀਜ਼ੇ ਦਿੱਤੇ ਜਾਂਦੇ ਹਨ। ਜੈਸ਼ੰਕਰ ਦੇ ਇਸ ਬਿਆਨ 'ਤੇ ਕੈਨੇਡਾ ਦੇ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਮੰਤਰੀ ਮਾਰਕ ਮਿਲਰ ਨੇ ਸਪੱਸ਼ਟੀਕਰਨ ਦਿੱਤਾ ਹੈ।

ਮਿਲਰ ਦਾ ਦਾਅਵਾ ਹੈ ਕਿ ਉਹ ਢਿੱਲਮੱਠ ਨਹੀਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੇ ਵਿਦੇਸ਼ ਮੰਤਰੀ ਆਪਣੀ ਗੱਲ ਕਹਿਣ ਲਈ ਆਜ਼ਾਦ ਹਨ ਪਰ ਇਹ ਦੋਸ਼ ਸੱਚ ਨਹੀਂ ਹੈ। ਮਿਲਰ ਨੇ ਇਹ ਵੀ ਕਿਹਾ ਕਿ ਪੁਲਿਸ ਆਪਣੀ ਜਾਂਚ ਕਰ ਰਹੀ ਹੈ, ਇਸ ਲਈ ਪੂਰੀ ਕਹਾਣੀ ਨਹੀਂ ਦੱਸ ਸਕਦੇ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਦਾਖਲ



ਹੋਣ ਤੋਂ ਪਹਿਲਾਂ ਸਾਰਿਆਂ ਦੇ ਅਪਰਾਧਿਕ ਰਿਕਾਰਡ ਦੀ ਜਾਂਚ ਕੀਤੀ ਜਾਂਦੀ ਹੈ। ਅਸੀਂ ਹਰ ਤਰ੍ਹਾਂ ਦੀਆਂ ਰਿਪੋਰਟਾਂ ਨੂੰ ਗੰਭੀਰਤਾ ਨਾਲ ਲੈਂਦੇ ਹਾਂ।

ਜ਼ਿਕਰਯੋਗ ਹੈ ਕਿ ਭਾਰਤ ਵੱਲੋਂ ਨਾਮਜ਼ਦ ਸਿੱਖ ਆਗੂ ਦੀ ਮੌਤ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਧ ਗਿਆ ਹੈ। 5 ਮਈ ਨੂੰ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਸੀ ਕਿ ਕੈਨੇਡਾ ਭਾਰਤ ਦੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ ਅਤੇ ਅਪਰਾਧ ਨਾਲ ਜੁੜੇ ਭਾਰਤੀਆਂ ਦਾ ਸਵਾਗਤ ਕਰ ਰਿਹਾ ਹੈ। ਉਹ ਚਿਤਾਵਨੀ ਦੇ ਬਾਵਜੂਦ ਅਜਿਹੇ ਲੋਕਾਂ ਨੂੰ ਵੀਜ਼ੇ ਜਾਰੀ ਕਰ ਰਿਹਾ ਹੈ ਜੋ ਅਪਰਾਧੀ ਹਨ। ਜੈਸ਼ੰਕਰ ਨੇ ਕਿਹਾ ਕਿ ਭਾਰਤ ਨੇ 25 ਲੋਕਾਂ ਦੀ ਹਵਾਲਗੀ ਦੀ ਮੰਗ ਕੀਤੀ, ਜਿਨ੍ਹਾਂ 'ਚੋਂ ਜ਼ਿਆਦਾਤਰ ਖਾਲਿਸਤਾਨ ਸਮਰਥਕ ਹਨ, ਪਰ ਉਸ ਨੇ ਕੋਈ ਧਿਆਨ ਨਹੀਂ ਦਿੱਤਾ।

ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਸਮਰਥਕਾਂ ਨੇ ਕੈਨੇਡਾ ਵਿੱਚ ਆਪਣੇ ਗਰੁੱਪ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਸਿਆਸੀ ਤੌਰ 'ਤੇ ਉਹ ਲਾਬੀ ਨੂੰ ਸੰਗਠਿਤ ਅਤੇ ਤਿਆਰ ਕਰ ਰਹੇ ਹਨ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਜਾਂਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੂੰ ਸੌਂਪੀ ਜਾਣੀ ਚਾਹੀਦੀ ਹੈ। ਜੈਸ਼ੰਕਰ ਨੇ ਸ਼ਨੀਵਾਰ ਨੂੰ ਕਿਹਾ ਕਿ ਨਿੱਝਰ ਦੇ ਕਤਲ ਨੂੰ ਲੈ ਕੇ ਚੋਣਾਵੀ ਰਾਜ ਕੈਨੇਡਾ 'ਚ ਜੋ ਕੁਝ ਵੀ ਹੋ ਰਿਹਾ ਹੈ, ਉਹ ਜ਼ਿਆਦਾਤਰ ਉਨ੍ਹਾਂ ਦੀ ਅੰਦਰੂਨੀ ਵੋਟ ਬੈਂਕ ਰਾਜਨੀਤੀ ਕਾਰਨ ਹੈ ਅਤੇ ਇਸ ਦਾ ਭਾਰਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਖਾਲਿਸਤਾਨ ਪੱਖੀ ਲੋਕਾਂ ਦਾ ਇੱਕ ਵਰਗ ਕੈਨੇਡਾ ਦੇ ਲੋਕਤੰਤਰ ਦੀ ਵਰਤੋਂ ਕਰਕੇ ਲਾਬੀ ਬਣਾ ਕੇ ਵੋਟ ਬੈਂਕ ਬਣ ਰਿਹਾ ਹੈ।

## ਕੈਨੇਡਾ ਵਿਚ 'ਕਾਨੂੰਨ ਦਾ ਰਾਜ': ਟਰੂਡੋ

ਟੋਰਾਂਟੋ : ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ ਵਿੱਚ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਮਗਰੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ 'ਕਾਨੂੰਨ ਦੇ ਰਾਜ ਵਾਲਾ ਮੁਲਕ' ਹੈ, ਜਿਸ ਦਾ ਨਿਆਂ ਪ੍ਰਬੰਧ ਮਜ਼ਬੂਤ ਤੇ ਸੁਤੰਤਰ ਅਤੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਮੌਲਿਕ ਤੌਰ 'ਤੇ ਵਚਨਬੱਧ ਹੈ। ਕੈਨੇਡੀਅਨ ਨਾਗਰਿਕ ਨਿੱਝਰ ਦੀ ਪਿਛਲੇ ਸਾਲ 18 ਜੂਨ ਨੂੰ



ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਕੈਨੇਡੀਅਨ ਪੁਲਿਸ ਨੇ ਸ਼ੁੱਕਰਵਾਰ ਨੂੰ ਐਡਮਿੰਟਨ ਰਹਿੰਦੇ ਭਾਰਤੀ ਨਾਗਰਿਕਾਂ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਤੇ ਕਰਨਪ੍ਰੀਤ ਸਿੰਘ (28) ਨੂੰ ਪਹਿਲਾ ਦਰਜਾ ਕਤਲ ਤੇ ਕਤਲ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਸੀ। ਇਥੇ ਟੋਰਾਂਟੋ ਗਾਲਾ ਵਿੱਚ ਸਿੱਖ ਵਿਰਾਸਤ ਤੇ ਸਭਿਆਚਾਰ ਦੇ ਜਸ਼ਨਾਂ ਲਈ ਰੱਖੇ ਸਮਾਗਮ ਦੌਰਾਨ ਟਰੂਡੋ ਨੇ ਉਪਰੋਕਤ ਗ੍ਰਿਫ਼ਤਾਰੀਆਂ ਦੇ ਹਵਾਲੇ ਨਾਲ ਕਿਹਾ, "ਇਹ ਬਹੁਤ ਅਹਿਮ ਹੈ ਕਿਉਂਕਿ ਕੈਨੇਡਾ ਕਾਨੂੰਨ ਦੇ ਰਾਜ ਵਾਲਾ ਦੇਸ਼ ਹੈ, ਜਿਸ ਦਾ ਨਿਆਂ ਪ੍ਰਬੰਧ ਮਜ਼ਬੂਤ ਤੇ ਸੁਤੰਤਰ ਹੋਣ ਦੇ ਨਾਲ ਆਪਣੇ ਸਾਰੇ ਨਾਗਰਿਕਾਂ ਦੀ ਸੁਰੱਖਿਆ ਲਈ ਮੌਲਿਕ ਰੂਪ ਵਿੱਚ ਵਚਨਬੱਧ ਹੈ।" ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਨੇ ਟਰੂਡੋ ਦੇ ਹਵਾਲੇ ਨਾਲ ਕਿਹਾ, "ਜਿਵੇਂ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਕਿਹਾ ਹੈ, ਜਾਂਚ ਦਾ ਅਮਲ ਜਾਰੀ ਹੈ ਤੇ ਇਹ ਲੰਘੇ ਦਿਨ ਗ੍ਰਿਫ਼ਤਾਰ ਕੀਤੇ ਤਿੰਨ ਵਿਅਕਤੀਆਂ ਦੀ ਸ਼ਮੂਲੀਅਤ ਤੱਕ ਸੀਮਤ ਨਹੀਂ ਹੈ।" ਟਰੂਡੋ ਨੇ ਕਿਹਾ ਕਿ ਨਿੱਝਰ ਦੀ ਹੱਤਿਆ ਮਗਰੋਂ ਕੈਨੇਡਾ ਦੇ ਸਿੱਖ ਭਾਈਚਾਰੇ 'ਚੋਂ ਕਈ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ।

(ਬਾਕੀ ਸਫ਼ਾ 30 'ਤੇ)

# ਅਮਰੀਕਾ ਵਿੱਚ ਦੇਸ਼ ਵਿਆਪੀ ਕਾਲਜਾਂ ਵਿੱਚ ਫ਼ਲਸਤੀਨੀਆਂ ਦੇ ਹੱਕ ਵਿੱਚ ਪ੍ਰਦਰਸ਼ਨ, ਹਜ਼ਾਰਾਂ ਵਿਦਿਆਰਥੀਆਂ ਦੀਆਂ ਗ੍ਰਿਫ਼ਤਾਰੀਆਂ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਵਿੱਚ ਦੇਸ਼ ਵਿਆਪੀ ਕਾਲਜ ਕੈਂਪਸ ਅੰਦਰ ਇਜ਼ਰਾਈਲ ਵਿਰੋਧੀ ਤੇ ਫ਼ਲਸਤੀਨੀਆਂ ਦੇ ਹੱਕ ਵਿੱਚ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨ ਕਰਨ ਦੀਆਂ ਰਿਪੋਰਟਾਂ ਹਨ। ਅਮਰੀਕਾ ਦੀ ਨਿਊਯਾਰਕ ਸਥਿਤ ਕੋਲੰਬੀਆ ਯੂਨੀਵਰਸਿਟੀ ਜਿਥੇ ਬੀਤੇ ਦਿਨ 100 ਤੋਂ ਵਧ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਵਿਖੇ ਸਖ਼ਤ ਪਾਬੰਦੀਆਂ ਲਾ ਦਿੱਤੀਆਂ ਗਈਆਂ ਹਨ ਤੇ ਪ੍ਰਦਰਸ਼ਨ ਕਾਰੀ ਵਿਦਿਆਰਥੀਆਂ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕੁਝ ਵਿਦਿਆਰਥੀਆਂ ਨੂੰ ਮੁਅੱਤਲ ਕੀਤੇ ਜਾਣ ਦੀ ਵੀ ਰਿਪੋਰਟ ਹੈ ਜਦ ਕਿ ਪ੍ਰਦਰਸ਼ਨ ਕਾਰੀ ਵਿਦਿਆਰਥੀਆਂ ਨੇ ਇੱਕ ਅਕੈਡਮਿਕ ਇਮਾਰਤ 'ਤੇ ਕਬਜ਼ਾ ਕਰਕੇ ਅੰਦਰ ਜਾਣ ਦੇ ਰਸਤੇ ਅੱਗੇ ਮਨੁੱਖੀ ਕੜੀ ਬਣਾ ਕੇ ਇਸ ਦਾ ਵਿਰੋਧ ਕੀਤਾ ਹੈ।



ਇੱਕ ਬਿਆਨ ਵਿੱਚ ਯੂਨੀਵਰਸਿਟੀ ਨੇ ਕਿਹਾ ਹੈ ਕਿ ਹੈਮਿਲਟਨ ਹਾਲ 'ਤੇ ਕਬਜ਼ਾ ਕਰਕੇ ਬੈਠੇ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ ਜਾਵੇਗਾ। ਮਾਮਲਾ ਹੱਲ ਕਰਨ ਲਈ ਚੱਲ ਰਹੀ ਗੱਲਬਾਤ ਅਸਫ਼ਲ ਹੋਣ ਉਪਰੰਤ ਮੁੱਖ ਵਾਰਤਾਕਾਰ ਮੁਹੰਮਦ ਖਾਲਿਦ, ਜੋ ਗਰੈਜੂਏਟ ਵਿਦਿਆਰਥੀ ਹੈ, ਨੂੰ ਮੁਅੱਤਲ ਕਰਕੇ ਉਸ ਦਾ ਸ਼ਨਾਖ਼ਤੀ ਕਾਰਡ ਬਲਾਕ ਕਰ ਦਿੱਤਾ ਗਿਆ ਹੈ। ਵਿਦਿਆਰਥੀ ਆਗੂ ਖਾਲਿਦ ਨੇ ਕਿਹਾ ਹੈ ਕਿ ਯੂਨੀਵਰਸਿਟੀ ਦੀ ਇਹ ਕਾਰਵਾਈ ਨਿਯਮਾਂ ਦੇ ਵਿਰੁੱਧ ਹੈ। ਯੂਨੀਵਰਸਿਟੀ ਮੰਨਮਾਨੇ ਢੰਗ ਨਾਲ ਕਾਰਵਾਈ ਕਰ ਰਹੀ ਹੈ। ਹੁਣ ਤੱਕ 1000 ਤੋਂ ਵਧ ਵਿਦਿਆਰਥੀਆਂ ਨੂੰ ਕਾਲਜਾਂ ਤੇ ਯੂਨੀਵਰਸਿਟੀਆਂ ਵਿਚੋਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਘੱਟੋ ਘੱਟ 21 ਰਾਜਾਂ ਦੇ 25 ਯੂਨੀਵਰਸਿਟੀ ਕੈਂਪਸ ਵਿੱਚ ਪ੍ਰਦਰਸ਼ਨ ਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਹਨ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹ ਫ਼ਲਸਤੀਨੀਅਨ ਲਿਬਰੇਸ਼ਨ ਨਾਲ ਖੜੇ ਰਹਿਣਗੇ ਤੇ ਉਸ ਦਾ ਪੁਰਜ਼ੋਰ ਸਮਰਥਨ ਕਰਦੇ ਹਨ।

## ਭਾਰਤੀ ਵਿਦੇਸ਼ ਮੰਤਰਾਲੇ ਨੇ ਭਾਰਤੀ ਵਿਦਿਆਰਥੀਆਂ ਨੂੰ ਸਥਾਨਕ ਕਾਨੂੰਨ ਦੀ ਪਾਲਣਾ ਕਰਨ ਲਈ ਕਿਹਾ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੀਆਂ ਉੱਚ ਸਿੱਖਿਆ ਸੰਸਥਾਵਾਂ ਵਿੱਚ, ਗਾਜ਼ਾ ਵਿੱਚ ਇਜ਼ਰਾਈਲ ਵੱਲੋਂ ਵਿੱਢੀ ਜੰਗ ਵਿਰੁੱਧ ਹੋ ਰਹੇ ਪ੍ਰਦਰਸ਼ਨਾਂ ਦਰਮਿਆਨ ਭਾਰਤੀ ਵਿਦੇਸ਼ ਮੰਤਰਾਲੇ ਨੇ ਭਾਰਤੀ ਵਿਦਿਆਰਥੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਥਾਨਕ ਕਾਨੂੰਨਾਂ ਤੇ ਨਿਯਮਾਂ ਦੀ ਪਾਲਣਾ ਕਰਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰੰਧੀਰ ਜੈਸਵਾਲ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਅਜੇ ਤੱਕ ਭਾਰਤੀ ਵਿਦਿਆਰਥੀਆਂ ਦੇ ਇਜ਼ਰਾਈਲ ਵਿਰੁੱਧ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਦੀ ਕੋਈ ਰਿਪੋਰਟ ਨਹੀਂ ਹੈ ਤੇ ਨਾ ਹੀ ਕਿਸੇ ਵਿਦਿਆਰਥੀ ਜਾਂ ਪਰਿਵਾਰ ਨੇ ਮੱਦਦ ਲਈ ਭਾਰਤੀ ਮਿਸ਼ਨ ਨਾਲ ਸੰਪਰਕ ਕੀਤਾ ਹੈ। ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਹੋਏ ਪ੍ਰਦਰਸ਼ਨ ਦੇ ਮੁੱਦੇ 'ਤੇ ਬੁਲਾਰੇ ਨੇ ਸਪਸ਼ਟ ਕੀਤਾ ਹੈ ਕਿ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਕਾਰਨ ਯੁਨੀਵਰਸਿਟੀ ਪ੍ਰਸ਼ਾਸਨ ਵੱਲੋਂ ਕੀਤੀ ਅਨੁਸ਼ਾਸਨੀ ਕਾਰਵਾਈ ਨੂੰ ਲੈ ਕੇ ਕਿਸੇ ਵੀ ਭਾਰਤੀ ਵਿਦਿਆਰਥੀ ਜਾਂ ਉਨ੍ਹਾਂ ਦੇ ਪਰਿਵਾਰਾਂ ਨੇ ਸਹਾਇਤਾ ਲਈ ਸਾਡੇ ਤੱਕ ਪਹੁੰਚ ਨਹੀਂ ਕੀਤੀ। ਇਥੇ ਜ਼ਿਕਰਯੋਗ ਹੈ ਕਿ ਕੋਲੰਬੀਆ ਯੂਨੀਵਰਸਿਟੀ ਵੱਲੋਂ ਕੀਤੀ ਅਨੁਸ਼ਾਸਨੀ ਕਾਰਵਾਈ ਤਹਿਤ ਕੁਝ ਵਿਦਿਆਰਥੀਆਂ ਨੂੰ ਮੁਅੱਤਲ ਕਰ ਦੇਣ ਦੀ ਰਿਪੋਰਟ ਹੈ। ਬੀਤੇ ਦਿਨ ਹੋਏ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਦੀ ਪੁਲਿਸ ਨਾਲ ਹੱਥੋਪਾਈ ਵੀ ਹੋਈ ਸੀ ਤੇ ਇਸ ਉਪਰੰਤ ਪੁਲਿਸ ਨੇ ਕਈ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਕਾਲਜ ਪ੍ਰਸ਼ਾਸਨ ਤੇ ਲਾਅ ਇਨਫੋਰਸਮੈਂਟ ਏਜੰਸੀਆਂ ਨੇ ਦੋਸ਼ ਲਾਇਆ ਹੈ ਕਿ ਬਾਹਰੇ ਲੋਕ ਵਿਦਿਆਰਥੀਆਂ ਦੇ ਪ੍ਰਦਰਸ਼ਨ ਵਿੱਚ ਹਿੱਸਾ ਲੈ ਰਹੇ ਹਨ ਜਿਸ ਕਾਰਨ ਹਿੰਸਾ ਹੋਈ ਹੈ। ਨਿਊਯਾਰਕ ਪੁਲਿਸ ਅਨੁਸਾਰ ਕੋਲੰਬੀਆ ਯੁਨੀਵਰਸਿਟੀ ਵਿੱਚ ਹੋ ਰਹੇ ਪ੍ਰਦਰਸ਼ਨਾਂ ਵਿੱਚ ਕੁਝ ਪੇਸ਼ਾਵਰ ਪ੍ਰਦਰਸ਼ਨਕਾਰੀ ਸ਼ਾਮਿਲ ਹੋ ਗਏ ਹਨ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਵਾਈਟ ਹਾਊਸ ਤੋਂ ਦਿੱਤੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਪ੍ਰਦਰਸ਼ਨ ਦੀ ਆਜ਼ਾਦੀ ਦੇ ਨਾਲ ਕਾਨੂੰਨ ਦੀ ਪਾਲਣਾ ਕਰਨੀ ਜ਼ਰੂਰੀ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਜੇਕਰ ਹਿੰਸਾ ਹੁੰਦੀ ਹੈ ਤਾਂ ਇਹ ਕਾਨੂੰਨ ਦੇ ਵਿਰੁੱਧ ਹੈ। ਅਜਿਹਾ ਕਿਸੇ ਵੀ ਹਾਲਤ ਵਿੱਚ ਨਹੀਂ ਹੋਣਾ ਚਾਹੀਦਾ। ਉਨ੍ਹਾਂ ਹੋਰ ਕਿਹਾ ਕਿ ਨਸਲਵਾਦ ਲਈ ਅਮਰੀਕਾ ਵਿੱਚ ਕੋਈ ਥਾਂ ਨਹੀਂ ਹੈ।

## ਅਮਰੀਕਾ 'ਚ ਗੋਲੀਬਾਰੀ ਦੌਰਾਨ ਜ਼ਖ਼ਮੀ ਹੋਏ ਇੱਕ ਹੋਰ ਪੁਲਿਸ ਅਧਿਕਾਰੀ ਵੱਲੋਂ ਦਮ ਤੋੜਨ ਨਾਲ ਮਾਰੇ ਗਏ ਅ.ਫ਼ਸਰਾਂ ਦੀ ਗਿਣਤੀ 4 ਹੋਈ

ਸੈਕਰਾਮੈਂਟੋ ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਨਾਰਥ ਕੈਰੋਲੀਨਾ ਰਾਜ ਵਿੱਚ ਚਾਰਲੋਟ ਸ਼ਹਿਰ ਦੇ ਇੱਕ ਘਰ ਵਿੱਚ ਵਾਰੰਟਾਂ ਦੀ ਤਾਮੀਲ ਕਰਵਾਉਣ ਗਈ ਪੁਲਿਸ ਉੱਪਰ ਸ਼ੱਕੀ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿੱਚ ਜ਼ਖਮੀ ਹੋਏ 5 ਪੁਲਿਸ ਅ.ਫ਼ਸਰਾਂ ਵਿਚੋਂ ਇੱਕ ਹੋਰ ਦਮ ਤੋੜ ਗਿਆ। ਇਸ ਤਰਾਂ ਇਸ ਗੋਲੀਬਾਰੀ ਵਿੱਚ ਮਰਨ ਵਾਲੇ ਪੁਲਿਸ ਅ.ਫ਼ਸਰਾਂ ਦੀ ਗਿਣਤੀ 4 ਹੋ ਗਈ ਹੈ। ਬੀਤੇ ਦਿਨ ਵਾਪਰੀ ਇਸ ਘਟਨਾ ਵਿੱਚ 3 ਅ.ਫ਼ਸਰ ਮੌਕੇ ਉੱਪਰ ਹੀ ਦਮ ਤੋੜ ਗਏ ਸਨ। ਮਾਰੇ ਗਏ 3 ਅ.ਫ਼ਸਰ ਯੂ ਐਸ ਮਾਰਸ਼ਲ ਟਾਸਕ .ਫ਼ੋਰਸ ਨਾਲ ਸਬੰਧਿਤ ਹਨ ਜਦ ਕਿ ਇੱਕ ਚਾਰਲੋਟ ਮੈਕਲੇਨਬਰਗ ਪੁਲਿਸ ਵਿਭਾਗ ਨਾਲ ਸਬੰਧਿਤ ਹੈ। ਪੁਲਿਸ ਦੀ ਜਵਾਬੀ ਕਾਰਵਾਈ ਵਿੱਚ 39 ਸਾਲਾ ਸ਼ੱਕੀ ਟੈਰੀ ਕਲਾਰਕ ਹੁਗਸ ਜੂਨੀਅਰ ਜਿਸ ਵਿਰੁੱਧ ਵਾਰੰਟ ਜਾਰੀ ਹੋਏ ਸਨ, ਵੀ ਮਾਰਿਆ ਗਿਆ। ਪੁਲਿਸ ਨੇ ਘਰ ਵਿੱਚ ਮੌਜੂਦ 2 ਹੋਰ ਲੋਕਾਂ ਨੂੰ ਵੀ ਹਿਰਾਸਤ ਵਿੱਚ ਲਿਆ ਹੈ ਤੇ ਪੁਲਿਸ ਦਾ ਵਿਸ਼ਵਾਸ ਹੈ ਕਿ ਗੋਲੀ ਇੱਕ ਤੋਂ ਵਧ ਲੋਕਾਂ ਨੇ ਚਲਾਈ ਹੈ। ਪੁਲਿਸ ਨੇ ਘਰ ਦੀ ਘੇਰਾ ਬੰਦੀ ਕਰ ਲਈ ਹੈ। ਪੁਲਿਸ ਨੇ ਮੌਕੇ ਤੋਂ ਇੱਕ ਸੈਮੀ ਆਟੋਮੈਟਿਕ ਏ ਆਰ 15 ਰਾਈਫ਼ਲ, ਇੱਕ 40 ਕੈਲੀਬਰ ਹੈਂਡਗੰਨ , ਕਾਰਤੂਸ ਤੇ ਅਸਲਾ ਬਰਾਮਦ ਕੀਤਾ ਹੈ। ਮਾਰੇ ਗਏ ਅਫ਼ਸਰਾਂ ਵਿੱਚ ਵਿਲੀਅਮ ਇਲੀਓਟ, ਸੈਮੂਅਲ ਪੋਲੋਚ ਤੇ ਜੋਸ਼ੂਆ ਈਰ ਸ਼ਾਮਿਲ ਹਨ ਜਦ ਕਿ ਚੌਥੇ ਪੁਲਿਸ ਅਫ਼ਸਰ ਦੇ ਨਾਂ ਬਾਰੇ ਜਾਣਕਾਰੀ ਨਹੀਂ ਮਿਲੀ ਹੈ।



### ਮਾਮਲਾ ਯੂਕਰੇਨ ਨਾਲ ਜੰਗ ਵਿੱਚ ਰੂਸ ਦੇ ਸਮਰਥਨ ਦਾ

## ਅਮਰੀਕਾ ਨੇ ਚੀਨ-ਹਾਂਗਕਾਂਗ ਦੀਆਂ ਇੱਕ ਦਰਜਨ ਕੰਪਨੀਆਂ ਉੱਪਰ ਲਾਈਆਂ ਪਾਬੰਦੀਆਂ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਨੇ ਯੂਕਰੇਨ ਨਾਲ ਜੰਗ ਵਿੱਚ ਰੂਸ ਦਾ ਸਮਰਥਨ ਕਰਨ ਕਾਰਨ ਚੀਨ ਤੇ ਹਾਂਗਕਾਂਗ ਦੀਆਂ ਇੱਕ ਦਰਜਨ ਕੰਪਨੀਆਂ ਉੱਪਰ ਪਾਬੰਦੀਆਂ ਲਾ ਦਿੱਤੀਆਂ ਹਨ। ਇਹ ਪਾਬੰਦੀਆਂ ਬੀਤੇ ਦਿਨ ਅਮਰੀਕਾ ਵੱਲੋਂ ਐਲਾਨੀਆਂ ਤਕਰੀਬਨ 300 ਨਵੀਆਂ ਪਾਬੰਦੀਆਂ ਦਾ ਹਿੱਸਾ ਹਨ। ਇਸ ਤੋਂ ਪਹਿਲਾਂ ਖ਼ਜ਼ਾਨਾ ਸਕੱਤਰ ਜੈਨਟ ਯੈਲਨ ਤੇ ਵਿਦੇਸ਼ ਮੰਤਰੀ ਐਨਟਨੀ ਬਲਿੰਕਨ ਸਮੇਤ ਅਮਰੀਕਾ ਦੇ ਚੋਟੀ ਦੇ ਹੋਰ ਅਧਿਕਾਰੀਆਂ ਨੇ ਵਾਰ ਵਾਰ ਚਿਤਾਵਨੀਆਂ ਦਿੱਤੀਆਂ ਸਨ ਕਿ ਚੀਨੀ ਅਧਿਕਾਰੀ ਰੂਸ ਨੂੰ ਉਹ ਸਾਜ ਸਮਾਨ ਭੇਜਣ ਦੀ ਵਿਵਸਥਾ ਖਤਮ ਕਰਨ, ਜਿਸ ਸਮਾਨ ਦੀ ਵਰਤੋਂ ਯੂਕਰੇਨ ਵਿਰੁੱਧ ਜੰਗ ਵਿੱਚ ਰੂਸ ਆਪਣੀ ਫ਼ੌਜ ਨੂੰ ਮਜ਼ਬੂਤ ਬਣਾਉਣ ਲਈ ਕਰ ਰਿਹਾ ਹੈ ਪਰੰਤੂ ਇਨ੍ਹਾਂ ਚਿਤਾਵਨੀਆਂ ਦੀ ਚੀਨੀ ਅਧਿਕਾਰੀਆਂ ਨੇ ਕੋਈ ਪਰਵਾਹ ਨਹੀਂ ਕੀਤੀ। ਖ਼ਜ਼ਾਨਾ ਵਿਭਾਗ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਖ਼ਜ਼ਾਨਾ ਵਿਭਾਗ ਤੇ ਵਿਦੇਸ਼ ਵਿਭਾਗ ਨੇ ਦਰਜਨ ਕੰਪਨੀਆਂ ਜਿਨ੍ਹਾਂ ਨੇ ਰੂਸ ਨੂੰ ਅਤਿ ਲੋੜੀਂਦੀ ਤਕਨੀਕ ਤੇ ਸਾਜ ਸਮਾਨ ਵਿਦੇਸ਼ ਵਿਚੋਂ ਮੰਗਵਾਉਣ ਦੇ ਸਮਰੱਥ ਬਣਾਇਆ ਹੈ, ਸਮੇਤ 300 ਰਣਨੀਤਿਕ ਟੀਚਿਆਂ ਨੂੰ ਪ੍ਰਵਾਨਗੀ ਦਿੱਤੀ ਹੈ। ਇਹ ਪਾਬੰਦੀਆਂ ਰੂਸ ਦੇ ਨਾਲ ਨਾਲ ਅਜ਼ਰਬਾਈਜਾਨ, ਬੈਲਜੀਅਮ, ਸਲੋਵਾਕੀਆ, ਤੁਰਕੀ ਤੇ ਸੰਯੁਕਤ ਅਰਬ ਅਮੀਰਾਤ ਨੂੰ ਵੀ ਪ੍ਰਭਾਵਿਤ ਕਰਨਗੀਆਂ। ਬਿਆਨ ਵਿੱਚ ਹੋਰ ਕਿਹਾ ਗਿਆ ਹੈ ਕਿ ਇਨ੍ਹਾਂ ਪਾਬੰਦੀਆਂ ਦਾ ਮੰਤਵ ਪਾਬੰਦੀਆਂ ਤੋਂ ਬਚਣ ਲਈ ਬਹਾਨੇਬਾਜ਼ੀ ਕਰਨ ਵਾਲੀਆਂ ਤੇ ਰੂਸ ਦੀ ਫ਼ੌਜੀ ਸਨਅਤ ਅਤੇ ਉਸ ਦੇ ਰਸਾਇਣਿਕ ਤੇ ਜੀਵ ਹਥਿਆਰ ਪ੍ਰੋਗਰਾਮ ਦਾ ਸਮਰਥਨ ਕਰਨ ਵਾਲੀਆਂ ਕੰਪਨੀਆਂ ਨੂੰ ਨੱਥ ਪਾਉਣਾ ਹੈ। ਬਿਆਨ ਵਿੱਚ ਕਿਹਾ ਹੈ ਕਿ ਰੂਸ ਨੂੰ ਬਰੂਦ ਮੁਹੱਈਆ ਕਰਵਾਉਣ ਵਾਲਿਆਂ ਵਿਰੁੱਧ ਵੀ ਕਾਰਵਾਈ ਹੋਵੇਗੀ।

## ਅਮਰੀਕਾ ਵਿੱਚ ਪਿਛਲੇ ਮਹੀਨੇ ਬੇਰੁਜ਼ਗਾਰੀ 3 .9 ਫ਼ੀਸਦੀ ਦੀ ਦਰ ਨਾਲ ਵਧੀ

ਸੈਕਰਾਮੈਂਟੋ ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਵਿੱਚ ਨਵੀਆਂ ਨੌਕਰੀਆਂ ਨਿਕਲਣ ਦੀ ਰਫਤਾਰ ਮਧਮ ਹੋਈ ਹੈ ਤੇ ਪਿਛਲੇ ਮਹੀਨੇ 1,75,000 ਹੀ ਨਵੀਆਂ ਨੌਕਰੀਆਂ ਨਿਕਲੀਆਂ ਹਨ।

ਇਹ ਜਾਣਕਾਰੀ ਬਿਊਰੋ ਆਫ ਲੇਬਰ ਸਟੈਟਿਸਟਿਕਸ ਡੈਟਾ ਨੇ ਜਾਰੀ ਬਿਆਨ ਵਿੱਚ ਦਿੱਤੀ ਹੈ। ਪਿਛਲੇ ਸਾਲ ਅਕਤੂਬਰ ਤੋਂ ਬਾਅਦ ਪਹਿਲੀ ਵਾਰ ਨੌਕਰੀਆਂ ਵਰਣਨਯੋਗ ਹੱਦ ਤੱਕ ਘਟੀਆਂ ਹਨ। ਬੇਰੁਜ਼ਗਾਰੀ 3.9% ਦਰ ਨਾਲ ਵਧੀ ਹੈ। ਹਾਲਾਂ ਕਿ ਰੁਜ਼ਗਾਰ ਦੇ ਮੌਕੇ ਵਧਣ ਦੀ ਆਸ ਕੀਤੀ ਜਾਂਦੀ ਸੀ ਪਰੰਤੂ ਹੋਇਆ ਇਸ ਦੇ ਉਲਟ ਹੈ। ਇਥੇ ਜ਼ਿਕਰਯੋਗ ਹੈ ਕਿ ਆਰਥਿਕ ਮਾਹਿਰਾਂ ਨੇ ਅਨੁਮਾਨ ਲਾਇਆ ਸੀ ਕਿ ਉੱਚ ਵਿਆਜ ਦਰਾਂ ਦੇ ਦਬਾਅ ਕਾਰਨ ਲੇਬਰ ਮਾਰਕਿਟ ਵਿੱਚ ਨਿਘਾਰ ਆਵੇਗਾ।

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu
Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗੁ. ਗੁਰੂ ਨਾਨਕ ਪ੍ਰਕਾਸ਼ ਫ਼ਰਿਜਨੋ ਵੱਲੋਂ ਜੱਜ ਰਾਜ ਸਿੰਘ ਬਦੇਸ਼ਾ ਤੇ ਗੱਤਕਾ ਟੀਮਾਂ ਦਾ ਸਨਮਾਨ





ਫ਼ਰਿਜਨੋ ( ਕੈਲੀਫ਼ੋਰਨੀਆ)/ ਏ.ਟੀ.ਨਿਊਜ਼ : ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਸੇਵਾਵਾਂ ਦੇ ਰਹੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫ਼ਰਿਜਨੋ ਦੀ ਕਮੇਟੀ ਵੱਲੋਂ ਵਿਸ਼ੇਸ਼ ਦੀਵਾਨ ਵਿੱਚ ਫ਼ਰਿਜਨੋ ਕਾਉਂਟੀ ਸੁਪੀਰੀਅਰ ਕੋਰਟ ਵਿੱਚ ਸਾਬਤ ਸੂਰਤ ਸਿੱਖੀ ਸਰੂਪ ਵਿੱਚ ਜੱਜ ਬਣੇ ਸ. ਰਾਜ ਸਿੰਘ ਬਦੇਸ਼ਾ ਅਤੇ ਕੈਲੀਫ਼ੋਰਨੀਆ ਗੱਤਕਾ ਦਲ ਦੀਆਂ ਟੀਮਾਂ ਨੂੰ ਸਨਮਾਨ ਚਿੰਨ੍ਹ ਤੇ ਸਿਰੋਪਾਓ ਦੇ ਕੇ ਸਨਮਾਨਿਆ ਗਿਆ। ਇਸ ਮੌਕੇ ਸੈਕਟਰੀ ਜਗਰੂਪ ਸਿੰਘ ਨੇ ਬੋਲਦਿਆਂ ਕਿਹਾ ਕਿ ਜੱਜ ਬਣੇ ਸ. ਰਾਜ ਸਿੰਘ ਬਦੇਸ਼ਾ ਨੇ ਸਾਡੀ ਨਵੀਂ ਪੀੜ੍ਹੀ ਵਾਸਤੇ ਬੜਾ ਖ਼ੂਬਸੂਰਤ ਪੂਰਨਾ ਪਾਇਆ ਕਿ ਸਿੱਖੀ ਸਰੂਪ ਵਿੱਚ ਰਹਿੰਦਿਆਂ ਕੀ ਨਹੀਂ ਕੀਤਾ ਜਾ ਸਕਦਾ ? ਇਸ ਮੌਕੇ ਇੰਜੀਨੀਅਰ ਅਤੇ ਗੱਤਕਾ ਕੋਚ ਹਰਪ੍ਰੀਤ ਸਿੰਘ ਨੇ ਵੀ ਕੈਲੀਫ਼ੋਰਨੀਆ ਗੱਤਕਾ ਦਲ ਦੀਆਂ ਪ੍ਰਾਪਤੀਆਂ ਗਿਣਾਈਆਂ।ਉਹਨਾਂ ਕਿਹਾ



ਕਿ ਸਾਡੀ ਮਿਹਨਤ ਦਾ ਮੁੱਲ ਮੁੜਿਆ ਕਿ ਕੈਲੈਫ਼ੋਰਨੀਆਂ ਗੱਤਕਾ ਦਲ ਦੀਆਂ 9 ਟੀਮਾਂ ਰਿਵਰਸਾਈਡ ਹੋਲੇ ਮਹੱਲੇ ਤੋਂ ਜੇਤੂ ਰਹੀਆਂ।ਇਸ ਮੌਕੇ ਜੱਜ ਸ. ਰਾਜ ਸਿੰਘ ਬਦੇਸ਼ਾ ਨੇ ਕਿਹਾ ਕਿ ਇਹ ਜੋ ਮਾਣ ਸਤਿਕਾਰ ਮਿਲ ਰਿਹਾ ਹੈ, ਇਹ ਗੁਰੂ ਸਾਹਿਬ ਦੀ ਕਿਰਪਾ ਸਦਕੇ ਹੀ ਹੈ। ਉਹਨਾਂ ਕਿਹਾ ਕਿ ਸੰਗਤੀ ਰੂਪ ਵਿੱਚ ਕੋਈ ਜੱਜ, ਵਕੀਲ ਨਹੀਂ ਬਲਕਿ ਸਭ ਬਰਾਬਰ ਹੁੰਦੇ ਨੇ। ਉਹਨਾਂ ਕਿਹਾ ਕਿ ਜੋ ਮਾਣ ਸਤਿਕਾਰ ਸੰਗਤ ਵੱਲੋਂ ਮਿਲਿਆ, ਇਹ ਵੀ ਸਭ ਗੁਰੂ ਦੇ ਸਰੂਪ, ਗੁਰੂ ਦੇ ਬਾਣੇ ਦਾ ਹੀ ਨਤੀਜਾ ਹੈ। ਉਹਨਾਂ ਕਿਹਾ ਕਿ ਕੈਲੀਫੋਰਨੀਆ ਸਟੇਟ ਦਾ ਮੈਂ ਰਿਣੀ ਹਾਂ ਜਿੰਨਾਂ ਨੇ ਗੁਰੂ ਦੇ ਬਾਣੇ ਤੇ ਬਾਣੀ ਨੂੰ ਸਤਿਕਾਰ ਦਿੰਦਿਆਂ ਮੈਨੂੰ ਜੱਜ ਨਿਯੁਕਤ ਕੀਤਾ। ਉਹਨਾਂ ਕਿਹਾ ਕਿ ਗੁਰੂ ਚੜ੍ਹਦੀਕਲਾ ਬਖ਼ਸ਼ੇ ਤਾਂ ਜੋ ਮੈਂ ਅਮਰੀਕਨ ਲੋਕਾਂ ਦੀ ਸੇਵਾ ਤਨਦੇਹੀ ਨਾਲ ਕਰ ਸਕਾਂ। ਅਖੀਰ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਦਲਬੀਰ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਹਨਾਂ ਜੇਤੂ ਰਹੀਆਂ ਗੱਤਕਾ ਟੀਮਾਂ ਅਤੇ ਜੱਜ ਬਣੇ ਭਾਈ ਰਾਜ ਸਿੰਘ ਬਦੇਸ਼ਾ ਨੂੰ ਵਧਾਈ ਦਿੱਤੀ।ਅਰਦਾਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਢਾਡੀ ਭਾਈ ਸ਼ਿੰਗਾਰਾ ਸਿੰਘ ਬੱਲ ਦੇ ਜੱਥੇ ਨੇ ਢਾਡੀ ਵਾਰਾਂ ਨਾਲ ਖ਼ੂਬ ਰੰਗ ਬੰਨ੍ਹਿਆ।

# ਫ਼ਰਿਜ਼ਨੋ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 301 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਹੋਏ ਵਿਸ਼ੇਸ਼ ਸਮਾਗਮ

ਫਰਿਜ਼ਨੋ, ਕੈਲੀਫ਼ੋਰਨੀਆ/ ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਫਰਿਜ਼ਨੋ ਦੇ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜ੍ਹੀਆਂ ਦੀ 301 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ। ਜਿੱਥੇ ਪਾਠ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਸਮਾਗਮ ਦੀ ਸ਼ੁਰੂਆਤ ਗੁਰੂ ਘਰ ਅੰਦਰ ਚਲਾਏ ਜਾ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਵੱਲੋਂ ਸ਼ਬਦ ਗਾਇਨ ਨਾਲ ਹੋਈ। ਇਸ ਉਪਰੰਤ ਭਾਈ ਗੁਰਮੀਤ ਸਿੰਘ ਅਤੇ ਜਥੇ ਨੇ ਕੀਰਤਨ ਰਾਹੀ ਹਾਜ਼ਰੀ ਲਾਉਂਦੇ ਹੋਏ ਗੁਰਬਾਣੀ ਸਰਵਣ ਕਰਵਾਈ। ਇਸੇ ਤਰ੍ਹਾਂ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਹਰਬਲਜੀਤ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਅਤੇ ਗੁਰਮਤਿ ਨਾਲ



ਜੋੜਿਆ। ਇਸ ਉਪਰੰਤ ਸ. ਫੌਜਾ ਸਿੰਘ ਸਾਗਰ ਅਤੇ ਸਾਥੀਆਂ ਢਾਡੀ ਜਥੇ ਨੇ ਜੋਸ਼ੀਲੀਆਂ ਵਾਰਾ ਸੁਣਾਉਂਦੇ ਹੋਏ ਸਿੱਖ ਕੌਮ ਦੇ ਮਹਾਨ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆਂ ਦੇ ਜੀਵਨ ਅਤੇ ਇਤਿਹਾਸ ਨੂੰ ਸਾਂਝਾ ਕੀਤਾ। ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਭਾਈ ਜਸਪਾਲ ਸਿੰਘ ਨੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆਂ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ ਜਿਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆਂ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸੇਵਾ ਸ. ਰੇਸ਼ਮ ਸਿੰਘ, ਸਮੂਹ ਟਰੱਕਰਜ਼ ਅਤੇ ਸਹਿਯੋਗੀ ਸੰਗਤਾਂ ਵੱਲੋਂ ਨਿਭਾਈ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤੇ।

## ਵਿਦੇਸ਼ਾਂ ’ਚ ਫਿੱਕੀ ਹੋ ਰਹੀ ਭਾਰਤੀ ਗਹਿਣਿਆਂ ਦੀ ਚਮਕ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਦੇ ਗਹਿਣਿਆਂ ਦਾ ਦੁਨੀਆਂ ’ਚ ਹਰ ਕੋਈ ਦੀਵਾਨਾ ਰਿਹਾ ਹੈ। ਇਸੇ ਕਾਰਨ ਦੇਸ਼ ਤੋਂ ਦੁਨੀਆਂ ਦੇ ਹਰੇਕ ਕੋਨੇ ’ਚ ਗਹਿਣੇ ਜਾਂਦੇ ਰਹੇ ਹਨ।

ਖ਼ਾਸ ਗੱਲ ਤਾਂ ਇਹ ਹੈ ਕਿ ਭਾਰਤ ਦੇ ਐਕਸਪੋਰਟ ਬਕੇਟ ’ਚ ਇਨ੍ਹਾਂ ਗਹਿਣਿਆਂ ਦੀ ਹਿੱਸੇਦਾਰੀ ਕਾਫ਼ੀ ਰਹੀ ਹੈ ਪਰ ਬੀਤੇ ਕੁਝ ਸਾਲਾਂ ਦੇ ਅੰਕੜਿਆਂ ਨੂੰ ਦੇਖੀਏ ਤਾਂ ਲੱਗਦਾ ਹੈ ਕਿ ਦੁਨੀਆਂ ਦਾ ਭਾਰਤ ਦੀ ਜਿਊਲਰੀ ਤੋਂ ਮੋਹ ਭੰਗ ਜਿਹਾ ਹੁੰਦਾ ਜਾ ਰਿਹਾ ਹੈ। ਬੀਤੇ 3 ਸਾਲਾਂ ’ਚੋਂ ਮਾਲੀ ਸਾਲ 2024 ’ਚ ਭਾਰਤ ਤੋਂ ਜੈਮਸ ਐਂਡ ਜਿਊਲਰੀ ਦਾ ਐਕਸਪੋਰਟ ਸਭ ਤੋਂ ਘੱਟ ਦੇਖਣ ਨੂੰ ਮਿਲਿਆ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮਾਲੀ ਸਾਲ 2022 ਦੇ ਮੁਕਾਬਲੇ 2024 ’ਚ ਇਸ ਕੈਟੇਗਰੀ ਦਾ ਐਕਸਪੋਰਟ ਲਗਭਗ 52 ਹਜ਼ਾਰ ਕਰੋੜ ਰੁਪਏ ਘੱਟ ਹੋਇਆ ਹੈ, ਜਿਸ ਨੂੰ ਇੱਕ ਤਰ੍ਹਾਂ ਨਾਲ ਨੁਕਸਾਨ ਦੀ ਕੈਟੇਗਰੀ ’ਚ ਆਰਾਮ ਨਾਲ ਰੱਖਿਆ ਜਾ ਸਕਦਾ ਹੈ। ਵਿੱਤ ਮੰਤਰਾਲਾ ਦੇ ਅੰਕੜਿਆਂ ਅਨੁਸਾਰ ਮਾਲੀ ਸਾਲ 2024 ਦੌਰਾਨ ਰਤਨ (**ਬਾਕੀ ਸਫ਼ਾ** 30 **’ਤੇ**)

# ਨਵੀਂ ਕਿਤਾਬ ਕੌਰਨਾਮਾ: ਖਾੜਕੂ ਸੰਘਰਸ਼ ਦੀਆਂ ਸ਼ਹੀਦ ਬੀਬੀਆਂ ਦੀ ਗਾਥਾ ਪਿੰਡ ਪੰਜਵੜ੍ਹ ਵਿਖੇ ਜਾਰੀ

ਤਰਨਤਾਰਨ: 1980-90ਵਿਆਂ ਦੀ ਖਾੜਕੂ ਸੰਘਰਸ਼ ਦੌਰਾਨ ਸ਼ਹੀਦ ਹੋਈਆਂ ਸਿੱਖ ਬੀਬੀਆਂ ਦੀ ਦਾਸਤਾਨ ਬਿਆਨ ਕਰਦੀ ਨਵੀਂ ਕਿਤਾਬ ਕੌਰਨਾਮਾ: ਖਾੜਕੂ ਸੰਘਰਸ਼ ਦੀਆਂ ਸ਼ਹੀਦ ਬੀਬੀਆਂ ਦੀ ਗਾਥਾ ਲੰਘੀ 6 ਮਈ ਨੂੰ ਪਿੰਡ ਪੰਜਵੜ੍ਹ ਵਿਖੇ ਹੋਏ ਇੱਕ ਸ਼ਹੀਦੀ ਸਮਾਗਮ ਦੌਰਾਨ ਜਾਰੀ ਕੀਤੀ ਗਈ। ਇਹ ਸਮਾਗਮ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੇ ਪਹਿਲੇ ਸ਼ਹੀਦੀ ਦਿਹਾੜੇ ਮੌਕੇ ਪਿੰਡ ਪੰਜਵੜ੍ਹ ਸਥਿਤ ਗੁਰਦੁਆਰਾ ਸ਼ਹੀਦਾਂ ਵਿਖੇ ਕਰਵਾਇਆ ਗਿਆ ਸੀ। ਲੇਖਕ ਬਲਜਿੰਦਰ ਸਿੰਘ ਕੋਟਭਾਰਾ ਵੱਲੋਂ ਲਿਖੀ ਗਈ ਇਹ ਕਿਤਾਬ ਸਿੱਖ ਆਜ਼ਾਦੀ ਲਹਿਰ ਦੌਰਾਨ ਸ਼ਹਾਦਤ ਪ੍ਰਾਪਤ ਕਰਨ ਵਾਲੀਆਂ ਬੀਬੀਆਂ ਦੀਆਂ ਜੀਵਨੀਆਂ ਉੱਪਰ ਅਧਾਰਿਤ ਹੈ। ਸ਼ਹੀਦ ਸਿੱਖ ਬੀਬੀਆਂ ਦੇ



ਇਤਿਹਾਸ ਨੂੰ ਸਾਂਭਣ ਅਤੇ ਨਵੀਂ ਪੀੜ੍ਹੀ ਸਾਹਮਣੇ ਪੇਸ਼ ਕਰਨ ਦਾ ਇਹ ਕਾਰਜ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਪ੍ਰੇਰਨਾ ਨਾਲ ਸ਼ੁਰੂ ਹੋਇਆ ਸੀ। ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਇਹ ਕਾਰਜ ਪੰਥ ਸੇਵਕ ਸ਼ਖਸੀਅਤ ਭਾਈ ਦਲਜੀਤ ਸਿੰਘ ਦੀ ਰਹਿਨੁਮਾਈ ਵਿੱਚ ਜਾਰੀ ਰਿਹਾ ਜਿਸ ਦੇ ਨਤੀਜੇ ਵਜੋਂ ਕੌਰਨਾਮਾ



ਦਾ ਪਹਿਲਾ ਭਾਗ ਭਾਈ ਪੰਜਵੜ੍ਹ ਦੇ ਸ਼ਹੀਦੀ ਦਿਹਾੜੇ ਉੱਪਰ ਜਾਰੀ ਕੀਤਾ ਗਿਆ ਹੈ।

ਸ਼ਹੀਦੀ ਸਮਾਗਮ ਦੌਰਾਨ ਕੌਰਨਾਮਾ ਕਿਤਾਬ ਪੰਥ ਸੇਵਕ ਸ਼ਖਸੀਅਤਾਂ ਭਾਈ ਦਲਜੀਤ ਸਿੰਘ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਅਮਰੀਕ ਸਿੰਘ ਈਸੜੂ, ਦਲ ਖਾਲਸਾ ਦੇ ਆਗੂ ਭਾਈ ਹਰਪਾਲ ਸਿੰਘ ਚੀਮਾ ਅਤੇ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੇ ਭਰਾਵਾਂ ਵੱਲੋਂ ਸਾਂਝੇ ਤੌਰ ਉੱਤੇ ਜਾਰੀ ਕੀਤੀ ਗਈ।

ਇਸ ਮੌਕੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਭਾਈ ਦਲਜੀਤ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਵਿੱਚ ਸਦਾ ਹੀ ਬੀਬੀਆਂ ਦੀ ਅਹਿਮ ਭੂਮਿਕਾ ਰਹੀ ਹੈ। ਉਹਨਾਂ ਕਿਹਾ ਕਿ ਖਾੜਕੂ ਸੰਘਰਸ਼ ਦੌਰਾਨ ਵੀ ਸਿੱਖ ਬੀਬੀਆਂ ਨੇ ਬਹੁਤ ਅਹਿਮ ਯੋਗਦਾਨ ਪਾਇਆ ਹੈ। ਜਿੱਥੇ ਬੀਬੀਆਂ ਨੇ ਰਣ ਤੱਤੇ ਵਿੱਚ ਜੂਝਦਿਆਂ ਸ਼ਹੀਦੀ ਰੁਤਬੇ ਹਾਸਿਲ ਕੀਤੇ ਉੱਥੇ ਖਾੜਕੂ ਸਿੰਘਾਂ ਦੀ ਸੇਵਾ ਸੰਭਾਲ ਤੇ ਅਰਦਾਸਾਂ ਦੇ ਰੂਪ ਵਿੱਚ ਸਿੱਖ ਬੀਬੀਆਂ ਨੇ ਵੱਡੀ ਭੂਮਿਕਾ ਨਿਭਾਈ ਹੈ। ਉਹਨਾਂ ਕਿਹਾ ਕਿ ਤੀਜੇ ਘੱਲੂਘਾਰੇ ਤੋਂ ਬਾਅਦ ਲੜੀ ਗਈ ਅਸਾਵੀਂ ਜੰਗ ਵਿੱਚ ਸਿੱਖ ਬੀਬੀਆਂ ਦੀ ਸੱਚੀ ਸੁੱਚੀ ਅਰਦਾਸ ਜੁਝਾਰੂਆਂ ਦਾ ਬਹੁਤ ਵੱਡਾ ਆਸਰਾ ਸੀ। ਇਹ ਜੰਗ ਗੁਰੂ ਮਹਾਰਾਜ ਦੀ ਕਿਰਪਾ ਅਤੇ ਸੰਗਤਾਂ ਦੀਆਂ ਅਰਦਾਸਾਂ ਦੇ ਆਸਰੇ ਨਾਲ ਹੀ ਲੜੀ ਗਈ।

ਇਸ ਮੌਕੇ ਭੇਜੇ ਇੱਕ ਲਿਖਤੀ ਸੁਨੇਹੇ ਵਿੱਚ ਸਿੱਖ ਫੈਡਰੇਸ਼ਨ ਜਰਮਨੀ ਦੇ ਆਗੂ ਭਾਈ ਗੁਰਮੀਤ ਸਿੰਘ ਖੁਨਿਆਣ ਨੇ ਕਿਹਾ ਕਿ ਸ਼ਹੀਦ ਸਿੱਖ ਬੀਬੀਆਂ ਦਾ ਇਤਿਹਾਸ ਲਿਖ ਕੇ ਸੰਗਤਾਂ ਸਾਹਮਣੇ ਲਿਆਉਣ ਦਾ ਫੁਰਨਾ ਭਾਈ ਪਰਮਜੀਤ ਸਿੰਘ ਪੰਜਵੜ੍ਹ ਦਾ ਸੀ। ਉਹਨਾਂ ਕਿਹਾ ਕਿ ਭਾਈ ਪੰਜਵੜ ਦੀ ਸ਼ਹਾਦਤ ਤੋਂ ਬਾਅਦ ਅਸੀਂ ਉਹਨਾ ਵੱਲੋਂ ਸੌਂਪੀ ਇਸ ਜਿੰਮੇਵਾਰੀ ਨੂੰ ਪੂਰਾ ਕਰਨ ਦਾ ਯਤਨ ਕੀਤਾ ਹੈ। ਉਹਨਾਂ ਕਿਹਾ ਕਿ ਇਹ ਕਾਰਜ ਅਗਾਹ ਵੀ ਜਾਰੀ ਰਹੇਗਾ।

# ਭਾਈ ਨਿੱਝਰ ਕਤਲ ਕਾਂਡ ਦੀ ਜਾਂਚ ਮੋਦੀ ਸਰਕਾਰ ਲਈ ਬਣੀ ਵੱਡੀ ਸਿਰਦਰਦੀ

## ਕੈਨੇਡੀਅਨ ਅਧਿਕਾਰੀਆਂ ਅਨੁਸਾਰ ਦੋਸ਼ੀ ਭਾਰਤੀ ਏਜੰਸੀਆਂ ਦੇ ਨੈਟਵਰਕ ਦਾ ਹਿੱਸਾ, ਲਾਰੈਂਸ ਗੈਂਗ ਨਾਲ ਜੁੜੇ ਤਾਰ

ਪ੍ਰੋ. ਬਲਵਿੰਦਰਪਾਲ ਸਿੰਘ

ਭਾਈ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਵਿੱਚ 3 ਪੰਜਾਬੀ ਮੂਲ ਦੇ ਭਾਰਤੀਆਂ 22 ਸਾਲਾ ਕਰਨ ਬਰਾੜ ਫ਼ਰੀਦਕੋਟ , 26 ਸਾਲਾ ਕਰਨਪ੍ਰੀਤ ਸਿੰਘ ਗੁਰਦਾਸਪੁਰ ਅਤੇ 22 ਸਾਲਾ ਕਮਲਪ੍ਰੀਤ ਸਿੰਘ ਜਲੰਧਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਭਾਰਤ ਤੇ ਕੈਨੇਡਾ ਵਿਚਾਲੇ ਤਣਾਅ ਵਧ ਗਿਆ ਹੈ।ਇਨ੍ਹਾਂ ਦੋਸ਼ੀਆਂ ਨੂੰ ਕੈਨੇਡਾ ਦੇ ਸ਼ਹਿਰ ਐਡਮਿੰਟਨ ਤੋਂ ਹਿਰਾਸਤ ਵਿੱਚ ਲਿਆ ਗਿਆ ਸੀ।ਹੁਣ ਕੈਨੇਡੀਅਨ ਪੁਲਿਸ ਵੱਲੋਂ ਇਸ ਘਟਨਾ ਨਾਲ ਤਿੰਨ ਹੋਰ ਕਤਲਾਂ ਨੂੰ ਜੋੜ ਕੇ ਜਾਂਚ ਨੂੰ ਅੱਗੇ ਵਧਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਵੀ ਸੰਕੇਤ ਮਿਲੇ ਹਨ ਕਿ ਜਲਦੀ ਹੀ ਕੁਝ ਹੋਰ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ।

ਆਈ.ਐੱਚਆਈ.ਟੀ. ਦੇ ਇੰਚਾਰਜ ਅਫ਼ਸਰ ਸੁਪਰਟੈਂਨਡੇਂਟ ਮਨਦੀਪ ਮੂਕਰ ਅਨੁਸਾਰ ਇਹ ਜਾਂਚ ਅਜੇ ਜਾਰੀ ਹੈ।ਅਸੀਂ ਜਾਣਦੇ ਹਾਂ ਕਿ ਇਸ ਕਤਲਕਾਂਡ ਵਿੱਚ ਕਈ ਹੋਰ ਲੋਕਾਂ ਨੇ ਵੀ ਭੂਮਿਕਾ ਨਿਭਾਈ ਹੋ ਸਕਦੀ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਪਛਾਨਣ ਅਤੇ ਗ੍ਰਿਫ਼ਤਾਰ ਕਰਨ ਤੱਕ ਜਾਂਚ ਜਾਰੀ ਰਖਾਂਗੇ।ਉਨ੍ਹਾਂ ਨੇ ਕਿਹਾ ਕਿ ਇਹ ਤਿੰਨੇ, ਕਥਿਤ ਦੋਸ਼ੀ ਐਡਮਿੰਟਨ, ਐਲਬਰਟਾ ਵਿੱਚ ਰਹਿ ਰਹੇ ਸਨ, ਜਿੱਥੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਇੱਕ ਗੈਰ ਰਸਮੀ ਬ੍ਰੀਫਿੰਗ ਵਿੱਚ, ਕੈਨੇਡੀਅਨ ਅਧਿਕਾਰੀਆਂ ਨੇ ਟਿੱਪਣੀ ਕੀਤੀ ਸੀ ਕਿ ਤਿੰਨੇ ਦੋਸ਼ੀ ਇੱਕ ਸੰਗਠਿਤ ਅਪਰਾਧਿਕ ਨੈਟਵਰਕ ਦਾ ਹਿੱਸਾ ਸਨ ਜੋ ਭਾਰਤ ਸਰਕਾਰ ਅਤੇ ਇਸਦੀਆਂ ਖੁਫ਼ੀਆ ਏਜੰਸੀਆਂ ਵੱਲੋਂ ਕੰਮ ਕਰ ਰਿਹਾ ਸੀ।

ਪੁਲਿਸ ਦੇ ਅਸਿਸਟੈਂਟ ਕਮਿਸ਼ਨਰ ਡੇਵਿਡ ਟੇਬੁਲ ਅਨੁਸਾਰ ਤਿੰਨੇ ਜਣੇ ਤਿੰਨ ਤੋਂ ਪੰਜ ਸਾਲ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ। ਜਾਂਚ ਜਾਰੀ ਹੈ, ਜਿਸ ਵਿੱਚ ਇਨ੍ਹਾਂ ਦੇ ਭਾਰਤ ਸਰਕਾਰ ਨਾਲ ਸੰਬੰਧ ਹੋਣ ਦਾ ਪਹਿਲੂ ਵੀ ਸ਼ਾਮਲ ਹੈ। ਉਨ੍ਹਾਂ ਨੇ ਕਿਹਾ ਭਾਰਤ ਇਸ ਬਾਰੇ ਸਹਿਯੋਗ ਨਹੀਂ ਦੇ ਰਿਹਾ।



ਕੈਨੇਡੀਅਨ ਮੀਡੀਆ ਵਿੱਚ ਛਪੀਆਂ ਰਿਪੋਰਟਾਂ ਤੇ ਕੈਨੇਡੀਅਨ ਏਜੰਸੀਆਂ ਦੇ ਸ਼ੱਕ ਮੁਤਾਬਕ ਗ੍ਰਿਫ਼ਤਾਰ ਕੀਤੇ ਤਿੰਨੇ ਨੌਜਵਾਨ ਤਿਹਾੜ ਜੇਲ ਵਿੱਚ ਬੰਦ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਦੋਸ਼ੀ ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਿਤ ਹਨ। ਪੁਲਿਸ ਨੂੰ ਇਨ੍ਹਾਂ ਸ਼ੱਕੀਆਂ ਦਾ ਨਿੱਝਰ ਹੱਤਿਆ ਕਾਂਡ ਤੋਂ ਇਲਾਵਾ ਵਿੰਨੀਪੈਗ ਵਿਖੇ ਸਤੰਬਰ 2023 ਵਿੱਚ ਇੱਕ ਗੈਂਗਸਟਰ ਸੁਖਦੂਲ ਗਿੱਲ ਉਰਫ ਸੁੱਖਾ ਦੁੰਨੇਕੇ ਤੇ ਐਡਮਿੰਟਨ ਵਿਖੇ 2023 ਵਿੱਚ ਬਿਜ਼ਨਸਮੈਨ ਹਰਪ੍ਰੀਤ ਉੱਪਲ ਤੇ ਉਸ ਦੇ 11 ਸਾਲਾ ਪੁੱਤਰ ਦੀ ਹੱਤਿਆ ਦੇ ਮਾਮਲੇ ਵਿੱਚ ਵੀ ਸ਼ਾਮਿਲ ਹੋਣ ਦਾ ਸ਼ੱਕ ਹੈ।ਗੈਂਗਸਟਰ ਸੁੱਖਾ ਦੁੰਨੇਕੇ ਪੰਜਾਬ ਵਿੱਚ ਗੈਂਗਸਟਰ ਬੰਬੀਹਾ ਗਰੁੱਪ ਦਾ ਮੈਂਬਰ ਸੀ, ਜੋ 2017 ਦੌਰਾਨ ਜਾਅਲੀ ਪਾਸਪੋਰਟ 'ਤੇ ਕੈਨੇਡਾ ਪੁੱਜਾ ਸੀ।

ਕਾਬਿਲੇਗੌਰ ਹੈ ਕਿ ਓਨਟਾਰੀਓ ਵਿੱਚ ਸਿੱਖ ਫਾਊਂਡੇਸ਼ਨ ਆਫ਼ ਕੈਨੇਡਾ ਦੇ ਸ਼ਤਾਬਦੀ ਸਮਾਗਮ ਵਿੱਚ ਟਰੂਡੋ ਨੇ ਕਿਹਾ ਸੀ ਕਿ ਕੈਨੇਡਾ ਇੱਕ ਕਾਨੂੰਨ ਦੀ ਪਾਲਣਾ ਕਰਨ ਵਾਲਾ ਦੇਸ਼ ਹੈ।ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਵਿੱਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ। ਇੱਥੇ ਹਰ ਵਿਅਕਤੀ ਨੂੰ ਵਿਤਕਰੇ ਅਤੇ ਹਿੰਸਾ ਤੋਂ ਸੁਰੱਖਿਅਤ ਰਹਿਣ ਦਾ ਮੌਲਿਕ ਅਧਿਕਾਰ ਹੈ।

ਯਾਦ ਰਹੇ ਕਿ ਖਾਲਿਸਤਾਨੀ ਲੀਡਰ ਹਰਦੀਪ ਸਿੰਘ ਨਿੱਝਰ ਦੀ ਪਿਛਲੇ ਸਾਲ ਜੂਨ ਵਿੱਚ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।ਇਸ ਮਗਰੋਂ ਕੈਨੇਡਾ ਨੇ ਇਸ ਹੱਤਿਆ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਦੱਸਿਆ ਸੀ।

**ਭਾਰਤ ਸਰਕਾਰ ਦਾ ਪ੍ਰਤੀਕਰਮ**

ਦੂਜੇ ਪਾਸੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਟਕ ਵਿੱਚ ਕਿਹਾ ਸੀ ਕਿ ਭਾਰਤ ਕੈਨੇਡੀਅਨ ਪੁਲਿਸ ਵੱਲੋਂ ਫੜੇ ਗਏ ਤਿੰਨ ਭਾਰਤੀ ਨਾਗਰਿਕਾਂ ਬਾਰੇ ਜਾਣਕਾਰੀ ਸਾਂਝੀ ਕੀਤੇ ਜਾਣ ਦੀ ਉਡੀਕ ਕਰੇਗਾ।ਵਿਦੇਸ਼ਾਂ ਵਿੱਚ ਸਾਡੇ ਦੂਤਾਵਾਸਾਂ ਨੂੰ ਧਮਕੀਆਂ ਮਿਲਦੀਆਂ ਹਨ। ਇਸ ਸਮੇਂ ਕੈਨੇਡਾ ਸਰਕਾਰ ਨੇ ਆਪਣੇ ਦੇਸ਼ ਵਿੱਚ ਵੱਖਵਾਦ ਅਤੇ ਹਿੰਸਾ ਦਾ ਸਮਰਥਨ ਕਰਨ ਵਾਲਿਆਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਿੱਤੀ ਹੈ। ਵਿਦੇਸ਼ ਮੰਤਰੀ ਅਨੁਸਾਰ ਭਾਈ ਨਿੱਝਰ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਸੀ ਅਤੇ ਖਾਲਿਸਤਾਨ ਟਾਈਗਰ ਫੋਰਸ ਦੇ ਮਾਡਿਊਲ ਮੈਂਬਰਾਂ ਨੂੰ ਸੰਚਾਲਨ, ਨੈੱਟਵਰਕਿੰਗ, ਸਿਖਲਾਈ ਅਤੇ ਵਿੱਤੀ ਮਦਦ ਪ੍ਰਦਾਨ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਸੀ।ਕੌਮੀ ਜਾਂਚ ਏਜੰਸੀ ਵੱਲੋਂ ਭਾਈ ਨਿੱਝਰ ਦੀ ਕੁੱਲ 11 ਕਨਾਲ 13.5 ਮਰਲੇ ਜ਼ਮੀਨ ਜਲੰਧਰ ਦੇ ਫਿਲੌਰ ਸਬ-ਡਿਵੀਜ਼ਨ ਵਿੱਚ ਉਨ੍ਹਾਂ ਦੇ ਜੱਦੀ ਪਿੰਡ ਭਾਰਾ ਸਿੰਘਪੁਰਾ ਵਿੱਚ ਜ਼ਬਤ ਕੀਤੀ ਗਈ ਸੀ।

ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਕਿ ਦੁਨੀਆ ਇਕਪਾਸੜ ਨਹੀਂ, ਕੁਝ ਹੋਇਆ ਤਾਂ ਵਿਰੋਧ ਹੋਵੇਗਾ।ਕੈਨੇਡਾ ਦੇ ਦਾਅਵੇ 'ਤੇ ਜੈਸ਼ੰਕਰ ਨੇ ਕਿਹਾ ਕਿ ਭਾਰਤ 'ਤੇ ਦੋਸ਼ ਲਗਾਉਣਾ ਕੈਨੇਡਾ ਦੀ ਸਿਆਸੀ ਮਜਬੂਰੀ ਹੈ।ਉੱਥੇ ਅਗਲੇ ਸਾਲ ਚੋਣਾਂ ਹੋਣੀਆਂ ਹਨ, ਇਸ ਲਈ ਦੇਸ਼ ਵਿੱਚ ਵੋਟ ਬੈਂਕ ਦੀ ਖਾਲਿਸਤਾਨੀ ਰਾਜਨੀਤੀ ਚੱਲ ਰਹੀ ਹੈ। ਇਸ ਕਾਂਡ ਦਾ ਭਾਰਤ ਨਾਲ ਕੋਈ ਸਬੰਧ ਨਹੀਂ ਹੈ।

**ਕੈਨੇਡਾ ਦੇ ਹੱਕ ਵਿੱਚ ਅਮਰੀਕਾ**

ਭਾਈ ਨਿਝਰ ਦੇ ਮਸਲੇ ਬਾਰੇ ਕੈਨੇਡਾ ਦਾ ਹਮਾਇਤੀ ਅਮਰੀਕਾ ਵੀ ਹੈ। ਦਰਅਸਲ ਇਨ੍ਹਾਂ ਦੋਹਾਂ ਦੇਸ਼ਾਂ ਤੋਂ ਇਲਾਵਾ ਬ੍ਰਿਟੇਨ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚਾਲੇ ਖੁਫੀਆ ਜਾਣਕਾਰੀ ਸਾਂਝੀ ਕਰਨ ਲਈ ਫਾਈਵ ਆਈਜ਼ ਨਾਂ ਦਾ ਸਮਝੌਤਾ ਹੋਇਆ ਹੈ।ਸਮਝਿਆ ਜਾਂਦਾ ਹੈ ਕਿ ਸਾਰੇ ਪੰਜ ਦੇਸ਼ ਅਜਿਹੇ ਸੰਵੇਦਨਸ਼ੀਲ ਮਾਮਲਿਆਂ 'ਤੇ ਸਹਿਮਤ ਹਨ।ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜਿਸ਼ ਦੇ ਮਾਮਲੇ ਸੰਬੰਧੀ ਖੁਲਾਸੇ ਤੋਂ ਬਾਅਦ ਅਮਰੀਕਾ ਨੇ ਵੀ ਭਾਰਤ ਸਰਕਾਰ 'ਤੇ ਕਾਫੀ ਦਬਾਅ ਪਾਇਆ ਹੈ।ਜ਼ਾਹਿਰ ਹੈ ਕਿ ਇਨ੍ਹਾਂ ਘਟਨਾਵਾਂ ਨੇ ਭਾਰਤੀ ਵਿਦੇਸ਼ ਨੀਤੀ ਲਈ ਗੰਭੀਰ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਮੌਜੂਦਾ ਭਾਰਤ ਸਰਕਾਰ ਨੇ ਅਮਰੀਕੀ ਧੁਰੇ ਨਾਲ ਸਬੰਧਾਂ ਨੂੰ ਚੰਗੇਰਾ ਕਰਨ ਲਈ ਸਭ ਤੋਂ ਵੱਧ ਤਰਜੀਹ ਦਿੱਤੀ ਹੈ। ਪਰ ਇਨ੍ਹਾਂ ਮਾਮਲਿਆਂ ਕਾਰਨ ਅਮਰੀਕਾ ਅਤੇ ਉਸ ਦੇ ਭਾਈਵਾਲ ਦੇਸ਼ ਭਾਰਤ ਵਿੱਚ ਲਗਾਤਾਰ ਅਵਿਸ਼ਵਾਸ ਪ੍ਰਗਟ ਕਰ ਰਹੇ ਹਨ। ਇਹ ਸੋਚਣ ਦਾ ਵਿਸ਼ਾ ਹੈ ਕਿ ਅਜਿਹਾ ਕਿਉਂ ਹੋਇਆ – ਖਾਸ ਤੌਰ 'ਤੇ ਅਜਿਹੇ ਸਮੇਂ ਜਦੋਂ ਉਹ ਇਹ ਪੱਛਮੀ ਦੇਸ਼ ਚੀਨ ਨੂੰ ਘੇਰਨ ਲਈ ਭਾਰਤ ਦਾ ਸਹਿਯੋਗ ਲੈਣ ਲਈ ਉਤਾਵਲੇ ਸਨ ? ਇਸ ਤੋਂ ਸਪਸ਼ਟ ਹੈ ਕਿ ਕੈਨੇਡਾ ,ਅਮਰੀਕਾ ਸਮੇਤ ਫਾਈਵ ਆਈਜ਼ ਦੇਸ ਭਾਰਤ ਦੇ ਇਸ ਵਰਤਾਰੇ ਤੇ ਪ੍ਰਭਸਤਾ ਦੀ ਉਲੰਘਣਾ ਸਹਿਣ ਨੂੰ ਤਿਆਰ ਨਹੀਂ।

## ਕੌਣ ਨੇ ਗ੍ਰਿਫ਼ਤਾਰ ਕੀਤੇ ਕਥਿਤ ਕਾਤਲ ?



ਭਾਈ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਵਿੱਚ ਗ੍ਰਿਫ਼ਤਾਰ ਕੀਤੇ ਤਿੰਨੋਂ ਦੋਸ਼ੀ ਪੰਜਾਬ ਨਾਲ ਸਬੰਧਿਤ ਹਨ।ਜਾਣਕਾਰੀ ਮੁਤਾਬਕ ਦੋਸ਼ੀ ਕਰਨ ਦੇ ਦਾਦਾ ਬਲਬੀਰ ਸਿੰਘ ਬਰਾੜ 'ਕਰਨ ਬਿਸਤਰ ਭੰਡਾਰ' ਨਾਮ ਦਾ ਇੱਕ ਸਥਾਨਕ ਕਾਰੋਬਾਰ ਚਲਾਉਂਦੇ ਹਨ।ਕਰਨ ਮਾਪਿਆਂ ਦਾ ਇਕਲੌਤਾ ਪੁੱਤ ਹੈ। ਕਰਨ ਬਰਾੜ ਦੀ ਮਾਤਾ ਰਮਨ ਕੌਰ ਬਰਾੜ ਅੱਜ ਕੱਲ ਸਿੰਗਾਪੁਰ ਵਿੱਚ ਰਹਿੰਦੇ ਹਨ, ਉੱਥੇ ਉਹ ਨੌਕਰੀ ਕਰਦੇ ਹਨ।ਕਰਨ ਦੇ ਪਿਤਾ ਮਨਦੀਪ ਸਿੰਘ ਦੀ ਬੀਤੇ ਮਹੀਨੇ 18 ਅਪ੍ਰੈਲ ਨੂੰ ਮੌਤ ਹੋ ਗਈ ਸੀ, ਜਿਸ ਕਰਕੇ ਕਰਨ ਦੀ ਮਾਤਾ ਭਾਰਤ ਵੀ ਆਏ ਹੋਏ ਸਨ। ਕਰਨ ਦੀ ਕੈਨੇਡਾ ਵਿੱਚ ਗ੍ਰਿਫ਼ਤਾਰੀ ਦੀ ਘਟਨਾ ਤੋਂ ਬਾਅਦ ਕਰਨ ਦੇ ਘਰ ਨੂੰ ਤਾਲਾ ਲੱਗਿਆ ਹੋਇਆ ਸੀ। ਕਰਨ ਬਰਾੜ ਕਰੀਬ ਸਾਢੇ ਚਾਰ ਸਾਲ ਪਹਿਲਾਂ ਕੈਨੇਡਾ ਗਿਆ ਸੀ।

ਫਰੀਦਕੋਟ ਦੇ ਐਸਪੀ ਜਸਮੀਤ ਸਿੰਘ ਨੇ ਕਿਹਾ ਕਿ ਕਰਨ ਬਰਾੜ ਦਾ ਕੋਈ ਵੀ ਪੁਰਾਣਾ ਅਪਰਾਧਕ ਰਿਕਾਰਡ ਨਹੀਂ ਹੈ।

ਦੂਸਰਾ ਦੋਸ਼ੀ ਕਰਨਪ੍ਰੀਤ ਸਿੰਘ ਪਿੰਡ ਸੁੱਡਲ ਗੁਰਦਾਸਪੁਰ ਸਾਧਾਰਨ ਕਿਸਾਨ ਪਰਿਵਾਰ ਨਾਲ ਸਬੰਧ ਰੱਖਦਾ ਹੈ।ਉਨ੍ਹਾਂ ਦੇ ਪਿਤਾ ਦੁਬਈ ਵਿੱਚ ਟਰੱਕ ਵੀ ਚਲਾਉਂਦੇ ਰਹੇ ਹਨ।ਕਰਨਪ੍ਰੀਤ ਆਪਣੀ ਮੁੱਢਲੀ ਪੜ੍ਹਾਈ ਪੂਰੀ ਕਰਨ ਮਗਰੋਂ 2016 ਵਿੱਚ ਦੁਬਈ ਚਲਾ ਗਿਆ ਸੀ, ਜਿੱਥੇ ਉਸ ਨੇ ਆਪਣੇ ਪਿਤਾ ਨਾਲ ਕਰੀਬ ਚਾਰ ਸਾਲ ਟਰੱਕ ਡਰਾਈਵਰ ਵਜੋਂ ਕੰਮ ਕੀਤਾ। ਕਰਨਪ੍ਰੀਤ ਵਰਕ ਪਰਮਿਟ ਉੱਤੇ ਕੈਨੇਡਾ ਗਿਆ ਸੀ।ਕਰਨਪ੍ਰੀਤ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਕੈਨੇਡਾ ਵਿੱਚ ਟਰੱਕ ਚਲਾਉਂਦਾ ਸੀ।ਕਰਨਪ੍ਰੀਤ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਉੱਤੇ ਯਕੀਨ ਨਹੀਂ ਹੋ ਰਿਹਾ ਕਿ ਉਨ੍ਹਾਂ ਦੇ ਪੁੱਤਰ ਦੀ ਅਜਿਹੇ ਕਿਸੇ ਜੁਰਮ ਵਿੱਚ ਸ਼ਮੂਲੀਅਤ ਹੋ ਸਕਦੀ ਹੈ।ਕਰਨਪ੍ਰੀਤ ਦੀਆਂ ਦੋ ਭੈਣਾਂ ਹਨ, ਦੋਵੇਂ ਵਿਆਹੀਆਂ ਹੋਈਆਂ ਹਨ।ਪਰਿਵਾਰਕ ਮੈਂਬਰਾਂ ਅਨੁਸਾਰ ਉਨ੍ਹਾਂ ਨੇ ਕਰਨਪ੍ਰੀਤ ਨੂੰ ਕਰਜ਼ਾ ਚੁੱਕ ਕੇ ਕੈਨੇਡਾ ਭੇਜਣ ਦਾ ਪ੍ਰਬੰਧ ਕੀਤਾ ਸੀ।

ਤੀਜਾ ਦੋਸ਼ੀ ਕਮਲਪ੍ਰੀਤ ਸਿੰਘ, ਜਲੰਧਰ ਜ਼ਿਲ੍ਹੇ ਦੇ ਨਕੋਦਰ ਸਬ ਡਵੀਜ਼ਨ ਦੇ ਪਿੰਡ ਚੱਕ ਕਲਾਂ ਨਾਲ ਸਬੰਧਤ ਹੈ। ਕਮਲਪ੍ਰੀਤ ਸਿੰਘ ਨੇ ਨਕੋਦਰ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਈ ਕੀਤੀ ਅਤੇ ਸਾਲ 2019 ਵਿੱਚ ਆਪਣੀ +2 ਪੂਰੀ ਕੀਤੀ। ਉਸ ਤੋਂ ਬਾਅਦ ਉਹ ਐਡਮਿੰਟਨ ਵਿੱਚ ਸਟੱਡੀ ਪਰਮਿਟ 'ਤੇ ਕੈਨੇਡਾ ਚਲਾ ਗਿਆ ਸੀ।

ਕਮਲਪ੍ਰੀਤ ਦਾ ਪਰਿਵਾਰ ਆਰਥਿਕ ਪੱਖੋਂ ਮਜ਼ਬੂਤ ਹੈ ਕਿਉਂਕਿ ਉਸਦੇ ਪਿਤਾ ਸਤਨਾਮ ਸਿੰਘ ਦਾ ਆੜ੍ਹਤ ਦਾ ਕੰਮ ਹੈ ਤੇ ਨਾਲ ਹੀ ਉਨ੍ਹਾਂ ਕੋਲ ਪਿੰਡ ਵਿੱਚ ਚੰਗੀ ਜ਼ਮੀਨ ਵੀ ਹੈ।ਕਮਲਪ੍ਰੀਤ ਦੀ ਭੈਣ ਵੀ ਕੈਨੇਡਾ ਵਿੱਚ ਰਹਿੰਦੀ ਹੈ ।ਜਲੰਧਰ ਦਿਹਾਤੀ ਦੇ ਸੀਨੀਅਰ ਪੁਲਿਸ ਕਪਤਾਨ, ਅੰਕੁਰ ਗੁਪਤਾ ਅਨੁਸਾਰ ਕਮਲਪ੍ਰੀਤ ਸਿੰਘ ਦਾ ਜਲੰਧਰ ਜ਼ਿਲ੍ਹੇ ਵਿੱਚ ਕੋਈ ਵੀ ਅਪਰਾਧਿਕ ਰਿਕਾਰਡ ਨਹੀਂ ਹੈ।

# ਵਲਾਦੀਮੀਰ ਪੁਤਿਨ ਨੇ ਰੂਸ ਦੇ ਰਾਸ਼ਟਰਪਤੀ ਵਜੋਂ ਆਪਣਾ ਪੰਜਵਾਂ ਕਾਰਜਕਾਲ ਕੀਤਾ ਸ਼ੁਰੂ

ਮਾਸਕੋ/ਏ.ਟੀ.ਨਿਊਜ਼: ਵਲਾਦੀਮੀਰ ਪੁਤਿਨ ਨੇ ਰੂਸ ਦੀ ਰਾਜਧਾਨੀ ਮਾਸਕੋ ਵਿੱਚ ਰਾਸ਼ਟਰਪਤੀ ਦਫ਼ਤਰ 'ਕ੍ਰੇਮਲਿਨ' ਵਿੱਚ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਵਿੱਚ ਦੇਸ਼ ਦੇ ਰਾਸ਼ਟਰਪਤੀ ਵਜੋਂ ਆਪਣੇ ਪੰਜਵੇਂ ਕਾਰਜਕਾਲ ਦੀ ਸ਼ੁਰੂਆਤ ਕੀਤੀ।ਆਪਣੇ ਸਿਆਸੀ ਵਿਰੋਧੀਆਂ ਨੂੰ ਹਰਾਉਣ ਦੇ ਨਾਲ-ਨਾਲ ਪੁਤਿਨ ਨੇ ਯੂਕ੍ਰੇਨ ਵਿੱਚ ਵਿਨਾਸ਼ਕਾਰੀ ਜੰਗ ਸ਼ੁਰੂ ਕਰਕੇ ਆਪਣੇ ਆਪ ਨੂੰ ਹੋਰ ਵੀ ਤਾਕਤਵਰ ਸਾਬਤ ਕੀਤਾ ਹੈ।ਪੁਤਿਨ ਹੁਣ ਅਗਲੇ ਛੇ ਸਾਲਾਂ ਲਈ ਦੇਸ਼ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣਗੇ। ਪਿਛਲੇ 25 ਸਾਲਾਂ ਤੋਂ ਦੇਸ਼ ਦੀ ਸੱਤਾ 'ਤੇ ਕਾਬਜ਼ ਪੁਤਿਨ ਜੋਸੇਫ ਸਟਾਲਿਨ ਤੋਂ ਬਾਅਦ ਸਭ ਤੋਂ ਲੰਬੇ ਸਮੇਂ ਤੱਕ ਰਾਸ਼ਟਰਪਤੀ ਦੇ ਅਹੁਦੇ 'ਤੇ ਰਹਿਣ ਵਾਲੇ ਪਹਿਲੇ ਰੂਸੀ ਨੇਤਾ ਬਣ ਗਏ ਹਨ। ਪੁਤਿਨ ਦਾ ਨਵਾਂ ਕਾਰਜਕਾਲ 2030 ਤੱਕ ਜਾਰੀ ਰਹੇਗਾ, ਜਿਸ ਤੋਂ ਬਾਅਦ ਉਹ ਇੱਕ ਵਾਰ ਫਿਰ ਸੰਵਿਧਾਨਕ ਤੌਰ 'ਤੇ ਅਗਲੇ ਰਾਸ਼ਟਰਪਤੀ ਕਾਰਜਕਾਲ ਲਈ ਚੋਣ ਲੜਨ ਦੇ ਯੋਗ ਬਣ ਜਾਣਗੇ। ਗ੍ਰੈਂਡ ਕ੍ਰੇਮਲਿਨ ਪੈਲੇਸ ਦੇ ਅੰਦਰ ਆਯੋਜਿਤ ਇੱਕ ਸਮਾਰੋਹ ਵਿੱਚ ਪੁਤਿਨ ਨੇ ਰੂਸੀ ਸੰਵਿਧਾਨ 'ਤੇ ਆਪਣਾ ਹੱਥ ਰੱਖਿਆ ਅਤੇ ਇਸ ਦੀ ਰੱਖਿਆ ਕਰਨ ਦੀ ਸਹੁੰ ਖਾਧੀ। ਇਸ ਦੌਰਾਨ ਚੋਣਵੇਂ ਪਤਵੰਤੇ ਹਾਜ਼ਰ ਸਨ। 1999 ਵਿੱਚ ਰਾਸ਼ਟਰਪਤੀ ਬੋਰਿਸ ਯੇਲਤਸਿਨ ਦੇ ਬਾਅਦ ਤੋਂ ਪੁਤਿਨ ਨੇ ਰੂਸ ਨੂੰ ਆਰਥਿਕ ਪਤਨ ਤੋਂ ਇੱਕ ਅਜਿਹੇ ਦੇਸ਼ ਵਿੱਚ ਬਦਲ ਦਿੱਤਾ ਹੈ ਜੋ ਪੱਛਮ ਨੂੰ ਇੱਕ ਗਲੋਬਲ ਸੁਰੱਖਿਆ ਖਤਰੇ ਵਜੋਂ ਵਿਚਾਰਦਾ ਹੈ।ਹੁਣ ਦੇਖਣਾ ਇਹ ਹੈ ਕਿ 71 ਸਾਲਾ ਪੁਤਿਨ ਅਗਲੇ ਛੇ ਸਾਲਾਂ ਦੌਰਾਨ ਰੂਸ ਨੂੰ ਘਰੇਲੂ ਅਤੇ ਵਿਦੇਸ਼ੀ ਦੋਵਾਂ ਮੋਰਚਿਆਂ 'ਤੇ ਕਿੱਥੇ ਲੈ ਕੇ ਜਾਣਗੇ।



# ਐਲੋਨ ਮਸਕ ਦੀ ਕੰਪਨੀ ਟੇਸਲਾ ਯੂ.ਐਸ.ਏ 'ਚ ਭਾਰਤੀਆਂ ਦੀ ਛਾਂਟੀ

ਨਿਊਯਾਰਕ/ਏ.ਟੀ.ਨਿਊਜ਼ : ਐਲੋਨ ਮਸਕ ਦੀ ਕੰਪਨੀ ਟੇਸਲਾ ਨੇ ਆਪਣੇ ਕਾਰੋਬਾਰ ਵਿੱਚ ਝਟਕੇ ਤੋਂ ਬਾਅਦ ਆਪਣੇ 10 ਪ੍ਰਤੀਸ਼ਤ ਸਟਾਫ ਦੀ ਛਾਂਟੀ ਦਾ ਐਲਾਨ ਕੀਤਾ ਹੈ। ਕੰਪਨੀ 'ਚੋਂ ਹੁਣ 16,000 ਦੇ ਕਰੀਬ ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ, ਜਿਨ੍ਹਾਂ 'ਚ ਕੁਝ ਭਾਰਤੀ ਵੀ ਸ਼ਾਮਲ ਹਨ। ਕੰਪਨੀ ਨੇ ਪਿਛਲੇ ਮਹੀਨੇ ਹੀ ਕੁਝ ਲੋਕਾਂ ਨੂੰ ਤਰੱਕੀਆਂ ਦਿੱਤੀਆਂ ਹਨ ਅਤੇ ਇਸ ਮਹੀਨੇ ਇਹ ਝਟਕਾ ਲੱਗਾ ਹੈ। ਜਿਸ ਵਿੱਚ ਇਕ ਭਾਰਤੀ ਕੁੜੀ ਅਮਰੀਕਾ ਵਿੱਚ ਸੱਤ ਸਾਲਾਂ ਤੋਂ ਟੇਸਲਾ ਵਿੱਚ ਕੰਮ ਕਰ ਰਹੀ ਸੀ ਉਸ ਨੂੰ ਵੀ ਪਿਛਲੇ ਮਹੀਨੇ ਹੀ ਤਰੱਕੀ ਦਿੱਤੀ ਗਈ ਸੀ। ਹੁਣ ਉਸ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ ਅਤੇ ਉਸ ਦਾ ਅਹੁਦਾ ਖ਼ਤਮ ਕਰ ਦਿੱਤਾ ਗਿਆ ਹੈ।



ਟੇਸਲਾ ਦੀ ਵੱਡੀ ਛਾਂਟੀ ਦਾ ਇਹ ਸਿਲਸਿਲਾ ਜਾਰੀ ਹੈ। ਐਲੋਨ ਮਸਕ ਦੀ ਕੰਪਨੀ ਟੇਸਲਾ ਵਿੱਚ ਕਈ ਭਾਰਤੀ ਇੰਜੀਨੀਅਰ ਕੰਮ ਕਰਦੇ ਹਨ। ਕੰਪਨੀ ਨੂੰ ਬਹੁਤ ਸਾਰੇ ਉਤਰਾਅ-ਚੜ੍ਹਾਅ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਅਤੇ ਜਦੋਂ ਕਾਰੋਬਾਰੀ ਲੋੜਾਂ ਅਨੁਸਾਰ ਛੁੱਟੀ ਦਾ ਸਮਾਂ ਆਉਂਦਾ ਹੈ ਤਾਂ ਕੋਈ ਰਹਿਮ ਨਹੀਂ ਦਿਖਾਇਆ ਜਾਂਦਾ ਹੈ। ਟੇਸਲਾ ਵਿੱਚ ਸੱਤ ਸਾਲਾਂ ਤੋਂ ਕੰਮ ਕਰਨ ਵਾਲੀ ਇੱਕ ਭਾਰਤੀ ਔਰਤ ਨੂੰ ਪਿਛਲੇ ਮਹੀਨੇ ਤਰੱਕੀ ਦਿੱਤੀ ਗਈ ਸੀ। ਤਰੱਕੀ ਮਿਲਣ ਤੋਂ ਬਾਅਦ ਉਹ ਬਹੁਤ ਖੁਸ਼ ਸੀ। ਪਰ ਹੁਣ ਕੰਪਨੀ ਨੇ ਉਸ ਨੂੰ ਇੱਕ ਈਮੇਲ ਭੇਜ ਕੇ ਕਿਹਾ ਹੈ ਕਿ ਸਾਨੂੰ ਤੁਹਾਡੀ ਲੋੜ ਨਹੀਂ ਹੈ। ਤੁਹਾਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਜਤਿਨ ਸੈਣੀ ਨਾਮ ਦੇ ਇੱਕ ਭਾਰਤੀ ਨੇ ਸੋਸ਼ਲ ਮੀਡੀਆ 'ਤੇ ਆਪਣੀ ਭੈਣ ਬਾਰੇ ਗੱਲ ਕੀਤੀ ਹੈ ਜੋ ਟੇਸਲਾ ਵਿੱਚ ਕੰਮ ਕਰਦੀ ਸੀ। ਉਸ ਨੇ ਲਿਖਿਆ ਕਿ ਮੇਰੀ ਭੈਣ ਟੇਸਲਾ ਵਿੱਚ ਸੱਤ ਸਾਲਾਂ ਤੋਂ ਰਹੀ ਸੀ ਅਤੇ ਪਿਛਲੇ ਮਹੀਨੇ ਹੀ ਪ੍ਰਮੋਟ ਹੋਈ ਸੀ। ਹੁਣ ਉਸ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਉਸ ਨੂੰ ਟੇਸਲਾ ਤੋਂ ਇੱਕ ਈਮੇਲ ਮਿਲੀ ਹੈ ਜਿਸ ਵਿੱਚ ਉਸਨੂੰ ਦੱਸਿਆ ਗਿਆ ਹੈ ਕਿ ਕੰਪਨੀ ਵਿੱਚ ਉਸਦੀ ਸਥਿੱਤੀ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਮਰੀਕਾ ਵਿੱਚ ਇਸ ਸਮੇਂ ਟੈਕਨਾਲੋਜੀ ਸੈਕਟਰ ਵਿੱਚ ਵੱਡੇ ਪੱਧਰ 'ਤੇ ਛਾਂਟੀ ਹੋ ਰਹੀ ਹੈ ਅਤੇ ਲੋਕ ਸੋਸ਼ਲ ਮੀਡੀਆ 'ਤੇ ਆਪਣਾ ਗੁੱਸਾ ਕੱਢ ਰਹੇ ਹਨ। ਇਕੱਲੇ ਅਪ੍ਰੈਲ 2024 ਵਿੱਚ ਅਮਰੀਕਾ ਵਿੱਚ ਟੈਕਨਾਲੋਜੀ ਖੇਤਰ ਦੀਆਂ ਲਗਭਗ 50 ਕੰਪਨੀਆਂ ਤੋਂ 21,500 ਲੋਕਾਂ ਨੂੰ ਨੌਕਰੀ ਤੋਂ ਕੱਢਿਆ ਗਿਆ ਹੈ। ਛਾਂਟੀ ਪਿਛਲੇ ਮਹੀਨੇ ਸ਼ੁਰੂ ਹੋਈ ਜਦੋਂ ਟੇਸਲਾ ਨੇ ਘੋਸ਼ਣਾ ਕੀਤੀ ਕਿ ਉਹ ਆਪਣੇ ਗਲੋਬਲ ਸਟਾਫ ਦੇ 10 ਪ੍ਰਤੀਸ਼ਤ ਨੂੰ ਛਾਂਟ ਦੇਵੇਗੀ। ਟੇਸਲਾ ਦਾ ਗਲੋਬਲ ਸਟਾਫ਼ ਲਗਭਗ 1.40 ਲੱਖ ਹੈ, ਜਿਸ ਵਿੱਚੋਂ 14,000 ਤੋਂ ਵੱਧ ਲੋਕ ਨੌਕਰੀ ਤੋਂ ਬਾਹਰ ਹੋ ਜਾਣਗੇ। ਇਸ ਵਿੱਚ ਭਾਰਤੀ ਕਰਮਚਾਰੀ ਵੀ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਨੇ ਕਰੀਬ ਇੱਕ ਦਹਾਕੇ ਤੋਂ ਟੇਸਲਾ ਨਾਲ ਕੰਮ ਕੀਤਾ ਹੈ।ਜਤਿਨ ਸੈਣੀ ਨੇ ਲਿੰਕਡਇਨ 'ਤੇ ਆਪਣੀ ਭੈਣ ਨਾਲ ਜੋ ਕੁਝ ਵਾਪਰਿਆ, ਸਾਂਝਾ ਕੀਤਾ ਹੈ। ਉਸ ਨੇ ਕਿਹਾ ਕਿ ਮੇਰੀ ਭੈਣ ਨੇ ਐਲੋਨ ਮਸਕ ਦੇ ਟੈਸਲਾ ਲਈ ਆਪਣੀ ਜ਼ਿੰਦਗੀ ਦੇ ਸੱਤ ਸਾਲ ਦਿੱਤੇ।

(ਬਾਕੀ ਸਫ਼ਾ 30 'ਤੇ)

# ਦੁਨੀਆਂ ਦਾ ਵਧਦਾ ਫ਼ੌਜੀ ਖ਼ਰਚ ਮਨੁੱਖਤਾ ਨੂੰ ਲੈ ਕੇ ਜਾ ਰਿਹੈ ਬਰਬਾਦੀ ਵਲ

## ਪਰਮਾਣੂ ਹਮਲਾ ਹੋਇਆ ਤਾਂ ਮਾਰੀ ਜਾਵੇਗੀ 75 ਫ਼ੀਸਦੀ ਆਬਾਦੀ

ਰਜਿੰਦਰ ਸਿੰਘ ਪੁਰੇਵਾਲ

ਦੁਨੀਆਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਵੱਖ- ਵੱਖ ਮੁਲਕਾਂ ਦੇ ਫ਼ੌਜੀ ਖਰਚੇ 24.4 ਅਰਬ ਡਾਲਰ ਦੇ ਅੰਕੜੇ ਪਾਰ ਕਰ ਚੁੱਕੇ ਹਨ। ਸਾਮਰਾਜੀ ਮੁਲਕਾਂ ਦੀ ਆਪਸੀ ਖਹਿ ਨੇ ਮਨੁੱਖਤਾ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ। ਯੋਜਨਾਬੱਧ ਤਰੀਕੇ ਨਾਲ਼ ਕੀਤੀ ਜਾਣ ਵਾਲ਼ੀ ਹਥਿਆਰਬੰਦੀ ਜੰਗ ਦਾ ਐਲਾਨ ਹੈ ਜਿਸ ਦੀ ਕੀਮਤ ਆਮ ਲੋਕਾਈ ਨੂੰ ਤਾਰਨੀ ਪੈਂਦੀ ਹੈ। ਪਹਿਲਾਂ ਹੀ ਗਰੀਬੀ, ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਮਾਰ ਝੱਲ ਰਹੇ ਲੋਕਾਂ ਲਈ ਜੰਗ ਸਮਾਜਿਕ ਅਤੇ ਆਰਥਿਕ ਸਰਾਪ ਹੈ।

ਦੁਨੀਆ ਦੇ ਦਸ ਵੱਡੇ ਮੁਲਕ- ਅਮਰੀਕਾ, ਚੀਨ, ਰੂਸ, ਭਾਰਤ, ਸਾਊਦੀ ਅਰਬ , ਇੰਗਲੈਂਡ, ਜਰਮਨੀ, ਯੂਕਰੇਨ, ਫ਼ਰਾਂਸ ਤੇ ਜਪਾਨ ਹਥਿਆਰਾਂ 'ਤੇ ਸਭ ਤੋਂ ਵੱਧ ਖਰਚ ਕਰਦੇ ਹਨ। ਪੂਰੀ ਦੁਨੀਆਂ ਦੇ ਹਥਿਆਰਾਂ 'ਤੇ ਕੀਤੇ ਜਾਣ ਵਾਲ਼ੇ ਖਰਚੇ ਦਾ 65 ਫ਼ੀਸਦੀ ਇਹਨਾਂ ਮੁਲਕਾਂ ਤੋਂ ਆਉਂਦਾ ਹੈ। ਸਵੀਡਨ ਦੇ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦਾ ਕਹਿਣਾ ਹੈ ਕਿ ਦੁਨੀਆਂ ਦੇ ਵੱਖ-ਵੱਖ ਦੇਸ਼ ਇਸ ਸਮੇਂ ਹਥਿਆਰਾਂ, ਗੋਲਾ-ਬਾਰੂਦ ਅਤੇ ਹੋਰ ਫ਼ੌਜੀ ਸਾਜ਼ੋ-ਸਾਮਾਨ 'ਤੇ ਜਿੰਨਾ ਪੈਸਾ ਖਰਚ ਰਹੇ ਹਨ, ਪਹਿਲਾਂ ਕਦੇ ਨਹੀਂ ਹੋਇਆ।

ਸਿਪਰੀ ਨੇ ਜਾਰੀ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ 2023 ਵਿੱਚ ਗਲੋਬਲ ਫ਼ੌਜੀ ਖਰਚ ਨਵੇਂ ਰਿਕਾਰਡ 'ਤੇ ਪਹੁੰਚ ਗਿਆ ਹੈ। ਇਸ ਰਿਪੋਰਟ ਦੇ ਅਨੁਸਾਰ, 2023 ਵਿੱਚ ਫ਼ੌਜੀ ਖਰਚ 2022 ਦੇ ਮੁਕਾਬਲੇ 6.8 ਪ੍ਰਤੀਸ਼ਤ ਵੱਧ ਕੇ 24.4 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ। 2022 ਵਿੱਚ ਇਹ ਖਰਚਾ 22.4 ਟ੍ਰਿਲੀਅਨ ਡਾਲਰ ਸੀ। ਇਹ 2009 ਤੋਂ ਬਾਅਦ ਇੱਕ ਸਾਲ ਵਿੱਚ ਸਭ ਤੋਂ ਵੱਡਾ ਵਾਧਾ ਹੈ ਅਤੇ ਲਗਾਤਾਰ ਨੌਵਾਂ ਸਾਲ ਹੈ ਜਦੋਂ ਫ਼ੌਜੀ ਖਰਚ ਵਿੱਚ ਵਾਧਾ ਹੋਇਆ ਹੈ। ਇਸ ਵਾਧੇ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਦਸ ਦੇਸ਼ਾਂ ਦੇ ਫ਼ੌਜੀ ਖਰਚੇ ਬਹੁਤ ਵਧ ਗਏ ਹਨ। ਇਸ ਤੋਂ ਇਲਾਵਾ ਇਸ ਵਾਧੇ ਵਿੱਚ ਰੂਸ-ਯੂਕਰੇਨ ਯੁੱਧ ਦੀ ਵੀ ਵੱਡੀ ਭੂਮਿਕਾ ਹੈ। ਸਿਪਰੀ ਦੇ ਖੋਜਕਰਤਾ ਲੋਰੇਂਜ਼ੋ ਸਕਾਰਜ਼ਾਟੋ ਨੇ ਦੱਸਿਆ ਕਿ ਸਾਡੇ ਦੁਆਰਾ ਟਰੈਕ ਕੀਤੇ ਜਾਣ ਵਾਲੇ ਸਾਰੇ ਖੇਤਰਾਂ ਵਿੱਚ ਖਰਚ ਵਧਿਆ ਹੈ। ਇਸ ਕਾਰਨ ਦੁਨੀਆਂ ਘੱਟ ਸੁਰੱਖਿਅਤ ਮਹਿਸੂਸ ਕਰ ਰਹੀ ਹੈ ਅਤੇ ਕੂਟਨੀਤੀ ਦੀ ਬਜਾਏ ਹੋਰ ਤਰੀਕਿਆਂ ਵੱਲ ਮੁੜ ਰਹੀ ਹੈ। ਇਸ ਨਾਲ ਫ਼ੌਜੀ ਖਰਚਿਆਂ ਵਿੱਚ ਨਿਵੇਸ਼ ਵਧ ਰਿਹਾ ਹੈ।

ਸਭ ਤੋਂ ਵੱਧ ਫ਼ੌਜੀ ਖਰਚ ਕਰਨ ਵਾਲੇ ਦੇਸ਼ਾਂ ਵਿੱਚ ਅਮਰੀਕਾ ਅਜੇ ਵੀ ਸਿਖਰ 'ਤੇ ਬਣਿਆ ਹੋਇਆ ਹੈ।2023 ਵਿੱਚ, ਅਮਰੀਕਾ ਨੇ ਫ਼ੌਜੀ ਪ੍ਰਬੰਧ 'ਤੇ 916 ਬਿਲੀਅਨ ਡਾਲਰ ਖਰਚ ਕੀਤੇ, ਜੋ ਕਿ ਵਿਸ਼ਵ ਦੇ ਕੁੱਲ ਖਰਚੇ ਦਾ 37 ਪ੍ਰਤੀਸ਼ਤ ਜਾਂ ਇੱਕ ਤਿਹਾਈ ਤੋਂ ਵੱਧ ਹੈ। ਦੂਜੇ ਨੰਬਰ 'ਤੇ ਚੀਨ ਹੈ, ਜਿਸ ਦਾ ਖਰਚ ਅਮਰੀਕਾ ਦਾ ਇਕ ਤਿਹਾਈ ਹੈ। ਇਸ 'ਤੇ 296 ਬਿਲੀਅਨ ਡਾਲਰ ਖਰਚ ਹੋਏ, ਜੋ ਕਿ ਕੁੱਲ ਖਰਚੇ ਦਾ 12 ਫ਼ੀਸਦੀ ਹੈ। ਇਹ 2022 ਦੇ ਮੁਕਾਬਲੇ 6 ਫ਼ੀਸਦੀ ਜ਼ਿਆਦਾ ਹੈ। ਇਨ੍ਹਾਂ ਦੋਵਾਂ ਦੇਸ਼ਾਂ ਨੇ ਕੁੱਲ ਖਰਚੇ ਦਾ ਅੱਧਾ ਹਿੱਸਾ ਪਾਇਆ।2022



ਵਿੱਚ ਸਭ ਤੋਂ ਵੱਧ ਖਰਚ ਕਰਨ ਵਾਲੇ ਪੰਜ ਦੇਸ਼ 2023 ਵਿੱਚ ਵੀ ਉਹੀ ਰਹੇ। ਰੂਸ ਤੀਜੇ ਨੰਬਰ 'ਤੇ ਹੈ। ਇਸ ਤੋਂ ਬਾਅਦ ਭਾਰਤ ਅਤੇ ਸਾਊਦੀ ਅਰਬ ਦਾ ਨੰਬਰ ਆਉਂਦਾ ਹੈ। 2023 ਵਿੱਚ ਰੂਸ ਦਾ ਖਰਚਾ 2022 ਦੇ ਮੁਕਾਬਲੇ 24 ਫ਼ੀਸਦੀ ਵੱਧ ਕੇ 109 ਬਿਲੀਅਨ ਡਾਲਰ ਤੱਕ ਪਹੁੰਚ ਗਿਆ। ਰੂਸ ਨੇ 2014 ਵਿੱਚ ਕ੍ਰੀਮੀਆ ਨੂੰ ਯੂਕਰੇਨ ਤੋਂ ਵੱਖ ਕਰਨ ਤੋਂ ਬਾਅਦ ਇਹ 57 ਪ੍ਰਤੀਸ਼ਤ ਦਾ ਵਾਧਾ ਹੈ। ਰੂਸ ਆਪਣੀ ਜੀਡੀਪੀ ਦਾ 5.9 ਫ਼ੀਸਦੀ ਫ਼ੌਜ 'ਤੇ ਖਰਚ ਕਰ ਰਿਹਾ ਹੈ।

ਫ਼ੌਜੀ ਖਰਚਿਆਂ ਦੇ ਲਿਹਾਜ਼ ਨਾਲ ਚੌਥਾ ਸਭ ਤੋਂ ਵੱਡਾ ਦੇਸ਼ ਭਾਰਤ ਹੈ ਜਿਸ ਨੇ 83.6 ਬਿਲੀਅਨ ਡਾਲਰ ਖਰਚ ਕੀਤੇ ਹਨ। ਇਹ 2022 ਦੇ ਮੁਕਾਬਲੇ 4.2 ਫ਼ੀਸਦੀ ਜ਼ਿਆਦਾ ਸੀ। ਫ਼ੌਜੀ ਖਰਚਿਆਂ ਦੇ ਮਾਮਲੇ ਵਿੱਚ ਯੂਕਰੇਨ ਅੱਠਵਾਂ ਸਭ ਤੋਂ ਵੱਡਾ ਦੇਸ਼ ਸੀ। ਇਸ ਦਾ ਖਰਚਾ 51 ਫ਼ੀਸਦੀ ਵਧ ਕੇ 64.8 ਬਿਲੀਅਨ ਡਾਲਰ ਤੱਕ ਪਹੁੰਚ ਗਿਆ, ਜੋ ਕਿ ਇਸਦੀ ਕੁੱਲ ਜੀਡੀਪੀ ਦਾ 37 ਫ਼ੀਸਦੀ ਹੈ।

ਫ਼ੌਜੀ ਖਰਚਿਆਂ ਵਿੱਚ ਸਭ ਤੋਂ ਵੱਧ ਵਾਧਾ ਕਾਂਗੋ ਦੇ ਲੋਕਤੰਤਰੀ ਗਣਰਾਜ ਵਿੱਚ ਦੇਖਿਆ ਗਿਆ, ਜਿੱਥੇ ਸਰਕਾਰ ਅਤੇ ਬਾਗੀਆਂ ਵਿਚਕਾਰ ਜੰਗ ਜਾਰੀ ਹੈ। ਇਸ ਦਾ ਖਰਚਾ 105 ਫ਼ੀਸਦੀ ਵਧਿਆ ਹੈ।

ਇਜ਼ਰਾਈਲ, ਮੱਧ ਪੂਰਬ ਵਿੱਚ ਸਾਊਦੀ ਅਰਬ ਤੋਂ ਬਾਅਦ ਸਭ ਤੋਂ ਵੱਧ ਫ਼ੌਜੀ ਖਰਚ ਕਰਨ ਵਾਲਾ ਦੇਸ਼, 2022 ਤੱਕ 27.5 ਬਿਲੀਅਨ ਡਾਲਰ 'ਤੇ 24 ਪ੍ਰਤੀਸ਼ਤ ਵੱਧ ਖਰਚ ਕਰਦਾ ਸੀ। ਦੂਜੇ ਪਾਸੇ, ਈਰਾਨ ਖੇਤਰ ਵਿੱਚ ਚੌਥਾ ਸਭ ਤੋਂ ਵੱਧ ਖਰਚ ਕਰਨ ਵਾਲਾ ਸੀ, ਜਿਸ ਨੇ ਕੁੱਲ 10.3 ਬਿਲੀਅਨ ਖਰਚ ਕੀਤੇ। ਉਪਲਬਧ ਅੰਕੜਿਆਂ ਮੁਤਾਬਕ 2019 ਦੌਰਾਨ ਇਰਾਨ ਵਿਚ ਫ਼ੌਜ 'ਤੇ ਖਰਚ 27 ਫ਼ੀਸਦੀ ਸੀ, ਜੋ ਹੁਣ ਵਧ ਕੇ 37 ਫ਼ੀਸਦੀ ਹੋ ਗਿਆ ਹੈ।

ਸਰਮਾਏਦਾਰ ਮੁਲਕਾਂ ਦੇ ਡਿੱਗਦੇ ਮੁਨਾਫ਼ੇ ਕਰ ਕੇ ਆਮ ਲੋਕਾਈ ਨੂੰ ਨਿਹੱਕੀਆਂ ਜੰਗਾਂ ਵਿੱਚ ਝੋਕਿਆ ਜਾ ਰਿਹਾ ਹੈ। ਇਹ ਮਨੁੱਖਤਾ ਨੂੰ ਇੱਕ ਹੋਰ ਵੱਡੀ ਤਬਾਹੀ ਵੱਲ ਧੱਕਣ ਦੀ ਤਿਆਰੀ ਹੈ। ਸ਼ੀਤ ਯੁੱਧ ਵੇਲੇ ਦੇ ਇੱਕ ਨਕਸ਼ੇ ਤੋਂ ਪਤਾ ਲੱਗਿਆ ਹੈ ਕਿ ਜੇਕਰ ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਪ੍ਰਮਾਣੂ ਯੁੱਧ ਹੋਇਆ ਤਾਂ ਕਿੰਨਾ ਵਿਨਾਸ਼ਕਾਰੀ ਹੋ ਸਕਦਾ ਹੈ। ਨਕਸ਼ੇ ਦੇ ਅਨੁਸਾਰ ਰੇਡੀਓਐਕਟਿਵ ਫ਼ਾਲੋਆਊਟ ਅਮਰੀਕਾ ਦੇ ਵੱਡੇ ਹਿੱਸਿਆਂ ਨੂੰ ਪ੍ਰਭਾਵਤ ਕਰ ਸਕਦਾ ਹੈ ਅਤੇ ਨਤੀਜੇ ਵਜੋਂ ਸਭ ਤੋਂ ਗੰਭੀਰ ਪ੍ਰਭਾਵਿਤ ਖੇਤਰਾਂ ਵਿੱਚ 75 ਪ੍ਰਤੀਸ਼ਤ ਨਾਗਰਿਕਾਂ ਦੀ ਮੌਤ ਹੋ ਸਕਦੀ ਹੈ। ਸ਼ੀਤ ਯੁੱਧ ਦੇ ਅੰਤ ਦੇ ਬਾਵਜੂਦ ਹਾਲ ਹੀ ਦੀਆਂ ਘਟਨਾਵਾਂ ਜਿਵੇਂ ਕਿ ਰੂਸ ਦਾ ਯੂਕਰੇਨ 'ਤੇ ਹਮਲਾ ਅਤੇ ਇਜ਼ਰਾਈਲ ਅਤੇ ਇਰਾਨ ਵਿਚਕਾਰ ਵੱਧ ਰਹੇ ਫ਼ੌਜੀ ਤਣਾਅ ਨੇ ਪ੍ਰਮਾਣੂ ਯੁੱਧ ਦੇ ਡਰ ਨੂੰ ਫ਼ਿਰ ਤੋਂ ਜਗਾਇਆ ਹੈ। ਪ੍ਰਮਾਣੂ ਸ਼ਕਤੀਆਂ ਵਿੱਚ ਅਮਰੀਕਾ, ਬ੍ਰਿਟੇਨ, ਫ਼ਰਾਂਸ, ਰੂਸ ਅਤੇ ਚੀਨ ਸ਼ਾਮਲ ਹਨ, ਪਾਕਿਸਤਾਨ, ਭਾਰਤ ਅਤੇ ਉੱਤਰੀ ਕੋਰੀਆ ਕੋਲ ਵੀ ਪ੍ਰਮਾਣੂ ਸਮਰੱਥਾ ਹੈ। ਇਜ਼ਰਾਈਲ ਕੋਲ ਪ੍ਰਮਾਣੂ ਹਥਿਆਰ ਹੋਣ ਦਾ ਸ਼ੱਕ ਹੈ, ਪਰ ਜਨਤਕ ਤੌਰ 'ਤੇ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਦੂਜੇ ਪਾਸੇ, ਇਰਾਨ ਇੱਕ ਮਹੱਤਵਪੂਰਨ ਯੂਰੇਨੀਅਮ ਸੰਸ਼ੋਧਨ ਪ੍ਰੋਗਰਾਮ ਚਲਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਇਰਾਨ ਕੋਲ ਪ੍ਰਮਾਣੂ ਬੰਬ ਬਣਾਉਣ ਲਈ ਕਾਫ਼ੀ ਯੂਰੇਨੀਅਮ ਹੈ ਪਰ ਪਾਬੰਦੀਆਂ ਦੇ ਡਰ ਕਾਰਨ ਉਹ ਇਸ ਦਾ ਖੁਲਾਸਾ ਨਹੀਂ ਕਰਦਾ। ਇੰਸਟੀਚਿਊਟ ਆਫ਼ ਮੈਡੀਸਨ ਦੇ ਵਿਗਿਆਨੀ ਵਿਲੀਅਮ ਡੌਘੇਟਰੀ, ਬਾਰਬਰਾ ਲੇਵੀ ਅਤੇ ਫ਼੍ਰੈਂਕ ਵਾਨ ਹਿੱਪੇਲ ਨੇ 1986 ਵਿੱਚ ਅਮਰੀਕਾ 'ਤੇ ਪ੍ਰਮਾਣੂ ਹਮਲੇ ਦੇ ਸੰਭਾਵੀ ਪ੍ਰਭਾਵਾਂ ਦੀ ਖੋਜ ਕੀਤੀ। ਉਨ੍ਹਾਂ ਨੇ ਸਿਧਾਂਤਕ ਤੌਰ 'ਤੇ ਕਿਹਾ ਕਿ ਜੇਕਰ ਦੁਸ਼ਮਣ ਨੇ ਅਮਰੀਕੀ ਪ੍ਰਮਾਣੂ ਸਟੋਰੇਜ ਸਾਈਟਾਂ 'ਤੇ ਹਮਲਾ ਕੀਤਾ, ਤਾਂ ਮਿੰਟਮੈਨ ਮਿਜ਼ਾਈਲਾਂ ਵਾਲੇ ਸਾਈਲ ਸਾਈਟ 'ਤੇ ਹੀ ਫ਼ਟ ਸਕਦੇ ਹਨ। ਖੋਜਕਰਤਾਵਾਂ ਨੇ ਕਿਹਾ ਕਿ ਅਸੀਂ ਆਮ ਧਾਰਨਾ ਬਣਾ ਲਈ ਹੈ ਕਿ 1,116 ਯੂ. ਐਸ. ਮਿਜ਼ਾਈਲ ਸਾਈਲੋ ਅਤੇ ਮਿਜ਼ਾਈਲ ਲਾਂਚ-ਕੰਟਰੋਲ ਕੇਂਦਰਾਂ ਵਿੱਚੋਂ ਹਰੇਕ 'ਤੇ ਦੋ 0.5-ਮੈਗਾਟਨ ਵਾਰਹੈੱਡਾਂ ਨਾਲ ਹਮਲਾ ਕੀਤਾ ਜਾਵੇਗਾ। ਡੇਲੀ ਐਕਸਪ੍ਰੈਸ ਨੇ ਇਸ ਅਧਿਐਨ ਬਾਰੇ ਇੱਕ ਵਿਸਤ੍ਰਿਤ ਲੇਖ ਪ੍ਰਕਾਸ਼ਿਤ ਕੀਤਾ ਹੈ। ਇਸ ਖੋਜ ਦੁਆਰਾ ਜਾਰੀ ਕੀਤੇ ਗਏ ਨਕਸ਼ੇ ਦੇ ਅਨੁਸਾਰ ਸਭ ਤੋਂ ਹਨੇਰੇ ਵਾਲੇ ਖੇਤਰ ਦਰਸਾਉਂਦੇ ਹਨ ਕਿ ਰੇਡੀਏਸ਼ਨ ਦਾ ਪੱਧਰ 3,500 ਰੇਡਸ ਤੋਂ ਉੱਪਰ ਪਹੁੰਚ ਜਾਵੇਗਾ। ਖੋਜਕਰਤਾਵਾਂ ਨੇ ਇੱਕ ਗੰਭੀਰ ਮੁਲਾਂਕਣ ਕਰਦਿਆਂ ਹੋਇਆਂ ਕਿਹਾ, ਇਸ ਖੇਤਰ ਦੇ ਅੰਦਰ ਤਿੰਨ-ਚੌਥਾਈ ਤੋਂ ਵੱਧ ਆਬਾਦੀ ਮਰ ਜਾਵੇਗੀ। ਵਿਗਿਆਨੀਆਂ ਨੇ ਕਿਹਾ ਕਿ ਜੇਕਰ ਹਵਾ ਵਿਚ ਧਮਾਕਾ ਹੁੰਦਾ ਹੈ ਤਾਂ ਅੱਗ ਦਾ ਗੋਲਾ ਰੇਡੀਓ ਐਕਟਿਵ ਤਰੰਗਾਂ ਨੂੰ ਉਪਰਲੇ ਵਾਯੂਮੰਡਲ ਵਿੱਚ ਲੈ ਜਾਵੇਗਾ, ਜਿੱਥੋਂ ਇਹ ਹੌਲੀ-ਹੌਲੀ ਮਹੀਨਿਆਂ ਅਤੇ ਸਾਲਾਂ ਵਿੱਚ ਆਪਣਾ ਖਤਰਨਾਕ ਪ੍ਰਭਾਵ ਛੱਡੇਗਾ।

(ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਜਾਅਲੀ ਵੀਡੀਓ ਭਾਜਪਾ ਲਈ ਬਣੇ ਮੁਸੀਬਤ

## ਮੌਜੂਦਾ ਲੋਕ ਸਭਾ ਚੋਣਾਂ ਭਾਰਤ ਦੀਆਂ ਪਹਿਲੀਆਂ ਏ.ਆਈ. ਚੋਣਾਂ

ਭਾਰਤ ਵਿੱਚ ਆਮ ਚੋਣਾਂ ਦੌਰਾਨ ਸਿਆਸੀ ਤਾਪਮਾਨ ਆਪਣੇ ਸਿਖਰ 'ਤੇ ਹੈ। ਸਿਆਸੀ ਪਾਰਟੀਆਂ ਵੋਟਰਾਂ ਨੂੰ ਲੁਭਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ। ਇਸ ਵਿੱਚ ਟੈਕਨਾਲੋਜੀ ਵੀ ਵੱਡਾ ਪ੍ਰਭਾਵ ਪਾ ਰਹੀ ਹੈ। ਇਸੇ ਲਈ ਮੌਜੂਦਾ ਲੋਕ ਸਭਾ ਚੋਣਾਂ ਨੂੰ ਭਾਰਤ ਦੀਆਂ ਪਹਿਲੀਆਂ ਏ.ਆਈ. ਚੋਣਾਂ ਕਿਹਾ ਜਾ ਰਿਹਾ ਹੈ। ਪਿਛਲੇ ਹਫਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਫਰਜ਼ੀ ਵੀਡੀਓਜ਼ ਵਿੱਚ ਜਾਅਲੀ ਆਵਾਜ਼ਾਂ ਰਾਹੀਂ ਨੇਤਾਵਾਂ ਨੂੰ ਜਾਣਬੁੱਝ ਕੇ ਅਜਿਹੀਆਂ ਗੱਲਾਂ ਕਹਿੰਦੇ ਦਿਖਾਈਆਂ ਜਾ ਰਹੀਆਂ ਹਨ, ਜਿਸ ਬਾਰੇ ਉਹ ਸੋਚ ਵੀ ਨਹੀਂ ਸਕਦੇ। ਉਨ੍ਹਾਂ ਇਸ ਨੂੰ ਸਮਾਜ ਵਿੱਚ ਤਣਾਅ ਪੈਦਾ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ।

ਭਾਰਤੀ ਪੁਲਿਸ ਪਹਿਲਾਂ ਹੀ ਅਜਿਹੇ ਫਰਜ਼ੀ ਵੀਡੀਓਜ਼ ਦੀ ਜਾਂਚ ਕਰ ਰਹੀ ਹੈ, ਜਿਸ ਵਿੱਚ ਕੁਝ ਬਾਲੀਵੁੱਡ ਅਦਾਕਾਰਾਂ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਆਲੋਚਨਾ ਕਰਦੇ ਦਿਖਾਇਆ ਗਿਆ ਹੈ। ਪਰ ਹਾਲ ਹੀ ਵਿੱਚ ਉਨ੍ਹਾਂ ਕੋਲ ਇੱਕ ਅਜਿਹੀ ਵੀਡੀਓ ਪਹੁੰਚੀ ਜਿਸ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਹ ਕਹਿੰਦੇ ਹੋਏ ਦਿਖਾਇਆ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਦਿੱਤਾ ਗਿਆ ਰਾਖਵਾਂਕਰਨ ਖਤਮ ਕਰੇਗੀ। ਇਹ ਕਰੋੜਾਂ ਦਬੇ ਕੁਚਲੇ ਲੋਕਾਂ ਲਈ ਬਹੁਤ ਹੀ ਸੰਵੇਦਨਸ਼ੀਲ ਮਾਮਲਾ ਹੈ।

ਇਸ ਤੋਂ ਬਾਅਦ ਸ਼ਾਹ ਨੇ ਖੁਦ ਐਕਸ 'ਤੇ ਆਪਣੇ ਭਾਸ਼ਣ ਦਾ ਫਰਜ਼ੀ



ਅਤੇ ਅਸਲੀ ਵੀਡੀਓ ਪੋਸਟ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਵੀਡੀਓ ਪਿੱਛੇ ਵਿਰੋਧੀ ਧਿਰ ਕਾਂਗਰਸ ਪਾਰਟੀ ਦਾ ਹੱਥ ਹੈ, ਹਾਲਾਂਕਿ ਉਨ੍ਹਾਂ ਇਸ ਸਬੰਧੀ ਕੋਈ ਸਬੂਤ ਪੇਸ਼ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਇਸ ਮਾਮਲੇ ਨਾਲ ਨਜਿੱਠਣ ਦੇ ਆਦੇਸ਼ ਦਿੱਤੇ ਗਏ ਹਨ।

**ਜਾਅਲੀ ਖ਼ਬਰਾਂ ਦੀ ਚੁਣੌਤੀ**

ਪੁਲਿਸ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਕੁੱਲ 9 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਛੇ ਲੋਕ ਵਿਰੋਧੀ ਧਿਰ ਕਾਂਗਰਸ ਪਾਰਟੀ ਦੀ ਸੋਸ਼ਲ ਮੀਡੀਆ ਟੀਮ ਦੇ ਦੱਸੇ ਜਾਂਦੇ ਹਨ, ਜੋ ਆਸਾਮ, ਗੁਜਰਾਤ, ਤੇਲੰਗਾਨਾ ਅਤੇ ਨਵੀਂ ਦਿੱਲੀ ਨਾਲ ਸਬੰਧਤ ਹਨ। ਉਨ੍ਹਾਂ 'ਤੇ ਇਹ ਵੀਡੀਓ ਪੋਸਟ ਕਰਨ ਦਾ ਦੋਸ਼ ਹੈ। ਪੰਜ ਕਾਂਗਰਸੀ ਵਰਕਰਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਪਰ ਨਵੀਂ ਦਿੱਲੀ ਦੀ ਸਾਈਬਰ ਪੁਲਿਸ ਨੇ ਬੀਤੇ ਸ਼ੁੱਕਰਵਾਰ ਦੌਰਾਨ ਕਾਂਗਰਸ ਦੇ ਰਾਸ਼ਟਰੀ ਸੋਸ਼ਲ ਮੀਡੀਆ ਕੋਆਰਡੀਨੇਟਰ ਅਰੁਣ ਰੈੱਡੀ ਨੂੰ ਇਸ ਫਰਜ਼ੀ ਵੀਡੀਓ ਨੂੰ ਸਾਂਝਾ ਕਰਨ ਲਈ ਗ੍ਰਿਫਤਾਰ ਕੀਤਾ ਸੀ। ਉਸ ਨੂੰ ਤਿੰਨ ਦਿਨਾਂ ਲਈ ਹਿਰਾਸਤ ਵਿੱਚ ਰੱਖਿਆ ਗਿਆ ਹੈ।

ਇਸ ਤੋਂ ਬਾਅਦ ਕਾਂਗਰਸੀ ਵਰਕਰਾਂ ਨੇ ਟਵਿੱਟਰ 'ਤੇ ਆਪਣਾ ਵਿਰੋਧ ਜ਼ਾਹਰ ਕਰਨਾ ਸ਼ੁਰੂ ਕਰ ਦਿੱਤਾ। ਕਾਂਗਰਸ ਦੇ ਸੰਸਦ ਮੈਂਬਰ ਮਾਨਿਕਮ ਟੈਗੋਰ ਨੇ ਰੈੱਡੀ ਦੀ ਗ੍ਰਿਫਤਾਰੀ ਨੂੰ 'ਸੱਤਾ ਵਿੱਚ ਬੈਠੇ ਲੋਕਾਂ ਵੱਲੋਂ ਸੱਤਾ ਦੀ ਮਨਮਾਨੀ ਵਰਤੋਂ' ਦੱਸਿਆ ਹੈ।

ਭਾਰਤ ਵਿੱਚ ਆਮ ਚੋਣਾਂ ਵਿੱਚ 1 ਅਰਬ ਤੋਂ ਵੱਧ ਵੋਟਰ ਹਨ ਅਤੇ ਉਨ੍ਹਾਂ ਵਿੱਚੋਂ ਲਗਭਗ 80 ਕਰੋੜ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਇਸ ਲਈ ਇੰਟਰਨੈੱਟ 'ਤੇ ਗਲਤ ਜਾਣਕਾਰੀ ਦੇ ਫੈਲਾਅ ਨੂੰ ਰੋਕਣਾ ਬਹੁਤ ਗੁੰਝਲਦਾਰ ਕੰਮ ਹੈ। ਇਸ ਦੇ ਲਈ ਪੁਲਿਸ ਅਤੇ ਚੋਣ ਅਧਿਕਾਰੀਆਂ ਨੂੰ ਲਗਾਤਾਰ ਨਜ਼ਰ ਰੱਖਣੀ ਪੈਂਦੀ ਹੈ। ਜਦੋਂ ਵੀ ਕਿਸੇ ਮਾਮਲੇ ਦੀ ਜਾਂਚ ਸ਼ੁਰੂ ਹੁੰਦੀ ਹੈ ਤਾਂ ਉਨ੍ਹਾਂ ਨੂੰ ਫੇਸਬੁੱਕ ਅਤੇ ਐਕਸ ਨੂੰ ਵੀਡੀਓ ਹਟਾਉਣ ਲਈ ਕਹਿਣਾ ਪੈਂਦਾ ਹੈ।

**ਯੋਗੀ ਦੀ ਵੀ ਫਰਜ਼ੀ ਵੀਡੀਓ**

ਉੱਤਰ ਪ੍ਰਦੇਸ਼ ਦੇ ਡੀਜੀਪੀ ਪ੍ਰਸ਼ਾਂਤ ਕੁਮਾਰ ਨੇ ਕਿਹਾ ਕਿ ਸੂਬੇ ਦੇ 500 ਤੋਂ ਵੱਧ ਲੋਕ ਇੰਟਰਨੈੱਟ 'ਤੇ ਪੋਸਟ ਕੀਤੀ ਗਈ ਸਮੱਗਰੀ 'ਤੇ ਨਜ਼ਰ ਰੱਖਦੇ ਹਨ। ਜਦੋਂ ਵੀ ਉਹ ਕੁਝ ਵਿਵਾਦਤ ਦੇਖਦੇ ਹਨ, ਤਾਂ ਉਹ ਇਸ ਬਾਰੇ ਸੋਸ਼ਲ ਮੀਡੀਆ ਕੰਪਨੀਆਂ ਨਾਲ ਸੰਪਰਕ ਕਰਦੇ ਹਨ ਅਤੇ ਜੇ ਲੋੜ ਪਵੇ ਤਾਂ ਇਸ ਨੂੰ ਹਟਵਾ ਦਿੰਦੇ ਹਨ।

ਪਿਛਲੇ ਹਫਤੇ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦਾ ਇੱਕ ਫਰਜ਼ੀ ਵੀਡੀਓ ਵੀ ਇੰਟਰਨੈੱਟ 'ਤੇ ਪੋਸਟ ਕੀਤਾ ਗਿਆ ਸੀ, ਜਿਸ ਵਿੱਚ ਉਹ ਪ੍ਰਧਾਨ ਮੰਤਰੀ ਮੋਦੀ ਦੀ ਆਲੋਚਨਾ ਕਰਦੇ ਦਿਖਾਈ ਦੇ ਰਹੇ ਹਨ। ਇਸ ਫਰਜ਼ੀ ਵੀਡੀਓ ਵਿੱਚ ਆਦਿਤਿਆਨਾਥ ਕਹਿ ਰਹੇ ਹਨ ਕਿ ਮੋਦੀ ਨੇ 2019 ਦੇ ਕੱਟੜਪੰਥੀ ਹਮਲੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਲਈ ਢੁੱਕਵੇਂ ਕਦਮ ਨਹੀਂ ਚੁੱਕੇ। ਹਾਲਾਂ ਕਿ ਤੱਥ ਜਾਂਚਕਰਤਾਵਾਂ ਨੇ ਕਿਹਾ ਕਿ ਵੀਡੀਓ ਇੱਕ ਅਸਲੀ ਕਲਿੱਪ ਦੇ ਵੱਖ-ਵੱਖ ਹਿੱਸਿਆਂ ਨੂੰ ਵੰਡ ਕੇ ਬਣਾਇਆ ਗਿਆ ਸੀ, ਪੁਲਿਸ ਇਸ ਨੂੰ ਏ.ਆਈ. ਦੁਆਰਾ ਤਿਆਰ ਕੀਤੀ 'ਡੀਪ ਫੇਕ ਵੀਡੀਓ' ਕਹਿ ਰਹੀ ਹੈ।

2 ਮਈ ਨੂੰ, ਸੂਬਾ ਪੁਲਿਸ ਨੇ ਇੰਟਰਨੈਟ ਐਡਰੈੱਸ ਟ੍ਰੈਕਿੰਗ ਦੀ ਵਰਤੋਂ ਕਰਦੇ ਹੋਏ, ਸ਼ਿਆਮ ਗੁਪਤਾ ਨਾਮ ਦੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ, ਜਿਸ ਨੇ ਇੱਕ ਦਿਨ ਪਹਿਲਾਂ ਐਕਸ 'ਤੇ ਇਹ ਵੀਡੀਓ ਸ਼ੇਅਰ ਕੀਤਾ ਸੀ। ਉੱਥੇ ਇਸ ਨੂੰ ਤਿੰਨ ਹਜ਼ਾਰ ਵਿਊਜ਼ ਅਤੇ 11 ਲਾਈਕਸ ਮਿਲੇ ਹਨ। ਪੁਲਿਸ ਨੇ ਗੁਪਤਾ 'ਤੇ ਜਾਅਲਸਾਜ਼ੀ ਅਤੇ ਦੰਗੇ ਭੜਕਾਉਣ ਦਾ ਦੋਸ਼ ਲਗਾਇਆ, ਜਿਸ ਵਿੱਚ ਦੋਸ਼ੀ ਸਾਬਤ ਹੋਣ 'ਤੇ ਉਸਨੂੰ ਸੱਤ ਸਾਲ ਦੀ ਸਜ਼ਾ ਹੋ ਸਕਦੀ ਹੈ।

## ਖ਼ੁਦ ਨੂੰ ਨੱਚਦਾ ਦੇਖ ਮਜ਼ਾ ਆਇਆ : ਮੋਦੀ



ਨਵੀਂ ਦਿੱਲੀ/ਏ.ਟੀ.ਨਿਊਜ਼: ਲੋਕ ਸਭਾ ਚੋਣਾਂ 2024 ਲਈ ਚੱਲ ਰਹੀ ਚੋਣ ਮੁਹਿੰਮ ਦੇ ਦੌਰਾਨ, ਪੀਐਮ ਮੋਦੀ ਨੇ ਆਪਣੇ ਐਕਸ ਹੈਂਡਲ ਤੋਂ ਅਪਣਾ ਡਾਂਸ ਦਾ ਇੱਕ ਐਡਿਟਡ ਵੀਡੀਓ ਪੋਸਟ ਕੀਤਾ ਹੈ। ਉਸ ਵੀਡੀਓ ਵਿੱਚ ਪ੍ਰਧਾਨ ਮੰਤਰੀ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਇੱਕ ਵੱਡੇ ਇਕੱਠ ਵਿੱਚ ਨੱਚਦੇ ਹੋਏ ਦਿਖਾਇਆ ਗਿਆ ਹੈ। ਪੋਸਟ ਸ਼ੇਅਰ ਕਰਦੇ ਹੋਏ ਪੀਐਮ ਮੋਦੀ ਨੇ ਲਿਖਿਆ ਕਿ ਤੁਹਾਡੇ ਸਾਰਿਆਂ ਵਾਂਗ ਮੈਨੂੰ ਵੀ ਆਪਣੇ ਆਪ ਨੂੰ ਡਾਂਸ ਕਰਦੇ ਦੇਖ ਕੇ ਮਜ਼ਾ ਆਇਆ। ਚੋਣਾਂ ਦੇ ਮੌਸਮ ਦੌਰਾਨ ਅਜਿਹੀ ਰਚਨਾਤਮਕਤਾ ਸੱਚਮੁੱਚ ਖੁਸ਼ੀ ਦੀ ਗੱਲ ਹੈ!

ਤੁਹਾਨੂੰ ਦੱਸ ਦੇਈਏ ਕਿ ਪੀ.ਐਮ. ਮੋਦੀ ਦੁਆਰਾ ਸ਼ੇਅਰ ਕੀਤੇ ਗਏ ਵੀਡੀਓ ਨੂੰ ਕ੍ਰਿਸ਼ਨਾ ਨਾਮ ਦੇ ਇੱਕ ਯੂਜ਼ਰ ਨੇ ਪੋਸਟ ਕੀਤਾ ਹੈ। ਉਨ੍ਹਾਂ ਨੇ ਇਹ ਵੀ ਲਿਖਿਆ ਹੈ ਕਿ ਮੈਂ ਇਹ ਵੀਡੀਓ ਇਸ ਲਈ ਪੋਸਟ ਕਰ ਰਿਹਾ ਹਾਂ ਕਿਉਂਕਿ ਮੈਨੂੰ ਪਤਾ ਹੈ ਕਿ 'ਦਿ ਡਿਕਟੇਟਰ' ਮੈਨੂੰ ਇਸ ਲਈ ਗ੍ਰਿਫ਼ਤਾਰ ਨਹੀਂ ਕਰਵਾਉਣਗੇ, ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਪੀਐਮ ਮੋਦੀ ਵਰਗਾ ਦਿਸਦਾ ਵਿਅਕਤੀ ਸਟੇਜ 'ਤੇ ਪਹੁੰਚਦਾ ਹੈ ਅਤੇ ਉਹ ਲੋਕਾਂ ਵਿਚਾਲੇ ਨੱਚਦਾ ਹੈ। ਇਸ ਦੌਰਾਨ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ।

## ਪੰਜਾਬ 'ਚ ਮਈ ਦੇ ਪਹਿਲੇ ਹਫ਼ਤੇ ਹੀ ਗਰਮੀ ਨੇ ਕਢਾਏ 'ਵੱਟ'

*** ਅਸਮਾਨੀ ਚੜ੍ਹਿਆ ਪਾਰਾ, ਜਨਤਾ ਹੋਈ ਹਾਲੋ-ਬੇਹਾਲ**
*** ਦੁਪਹਿਰ ਸਮੇਂ ਚੱਲਦੀਆਂ ਨੇ ਗਰਮ ਹਵਾਵਾਂ**



ਜਲੰਧਰ/ਏ.ਟੀ.ਨਿਊਜ਼: ਭਿਆਨਕ ਗਰਮੀ ਦਾ ਕਹਿਰ ਸ਼ੁਰੂ ਹੋ ਚੁੱਕਾ ਹੈ, ਜਿਸ ਨਾਲ ਜਨਤਾ ਹਾਲੋ-ਬੇਹਾਲ ਹੈ। ਦੁਪਹਿਰ ਸਮੇਂ ਚੱਲਣ ਵਾਲੀਆਂ ਗਰਮ ਹਵਾਵਾਂ ਨਾਲ ਹਾਲਾਤ ਜ਼ਿਆਦਾ ਖਰਾਬ ਹੋ ਰਹੇ ਹਨ, ਜਿਸ ਕਾਰਨ ਸਾਵਧਾਨੀ ਵਰਤਣ ਦੀ ਲੋੜ ਹੈ। ਇਸੇ ਸਿਲਸਿਲੇ ਵਿੱਚ 10-11 ਮਈ ਨੂੰ ਮੌਸਮ ਬਦਲਣ ਦੀ ਸੰਭਾਵਨਾ ਹੈ।

ਮਈ ਦੇ ਪਹਿਲੇ ਹਫਤੇ ਵਿੱਚ ਹੀ ਪੰਜਾਬ ਦਾ ਵੱਧ ਤੋਂ ਵੱਧ ਤਾਪਮਾਨ 42 ਡਿਗਰੀ ਦੇ ਪਾਰ ਚੁੱਕਾ ਹੈ, ਜਿਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਇਸ ਵਾਰ ਗਰਮੀ ਆਪਣਾ ਪੂਰਾ ਰੰਗ ਦਿਖਾਏਗੀ। ਦੂਜੇ ਪਾਸੇ ਗੁਆਂਢੀ ਸੂਬੇ ਹਰਿਆਣਾ ਵਿੱਚ ਪੰਜਾਬ ਦੇ ਮੁਕਾਬਲੇ ਗਰਮੀ ਜ਼ਿਆਦਾ ਪੈ ਰਹੀ ਹੈ ਅਤੇ ਤਾਪਮਾਨ 43 ਡਿਗਰੀ ਨੂੰ ਛੂਹ ਚੁੱਕਾ ਹੈ। 9 ਮਈ ਨੂੰ ਇੱਕ ਤਾਜ਼ਾ ਪੱਛਮੀ ਗੜਬੜੀ ਉੱਤਰ-ਪੱਛਮੀ ਭਾਰਤ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਕਾਰਨ 10 ਅਤੇ 11 ਮਈ ਨੂੰ ਪੰਜਾਬ ਤੇ ਗੁਆਂਢੀ ਸੂਬਿਆਂ ਦੇ ਮੌਸਮ ਵਿੱਚ ਬਦਲਾਅ ਹੋਵੇਗਾ। ਇਸ ਸਿਲਸਿਲੇ ਵਿੱਚ ਮੀਂਹ ਅਤੇ ਤੂਫ਼ਾਨ ਦੀ ਸੰਭਾਵਨਾ ਹੈ। ਇਸ ਅਨੁਸਾਰ 11 ਅਤੇ 12 ਤਰੀਕ ਨੂੰ ਕੁਝ ਥਾਵਾਂ 'ਤੇ ਹਲਕੇ ਤੋਂ ਦਰਮਿਆਨਾ ਅਤੇ 12 ਤਰੀਕ ਨੂੰ ਦਰਮਿਆਨਾ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਦੌਰਾਨ ਭਾਰੀ ਮੀਂਹ ਅਤੇ ਤੂਫਾਨ ਦਾ ਵੀ ਅਲਰਟ ਹੈ।

**ਮਾਮਲਾ ਸਿੱਖਜ਼ ਫ਼ਾਰ ਜਸਟਿਸ ਤੋਂ 1.60 ਕਰੋੜ ਡਾਲਰ ਫ਼ੰਡ ਪ੍ਰਾਪਤ ਕਰਨ ਦਾ**

## ਦਿੱਲੀ ਦੇ ਉਪ-ਰਾਜਪਾਲ ਵੱਲੋਂ ਕੇਜਰੀਵਾਲ ਖ਼ਿਲਾਫ਼ ਐਨ.ਆਈ.ਏ. ਜਾਂਚ ਦੀ ਸਿਫ਼ਾਰਿਸ਼

ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਦੇ ਉਪ-ਰਾਜਪਾਲ ਵੀ.ਕੇ. ਸਕਸੈਨਾ ਨੇ ਹੁਣੇ ਜਿਹੇ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਜ਼ ਫ਼ਾਰ ਜਸਟਿਸ' ਤੋਂ ਸਿਆਸੀ ਫ਼ੰਡ ਪ੍ਰਾਪਤ ਕਰਨ ਲਈ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਰੁੱਧ ਐਨ.ਆਈ.ਏ. ਜਾਂਚ ਦੀ ਸਿਫ਼ਾਰਸ਼ ਕੀਤੀ ਹੈ। ਕੇਂਦਰੀ ਗ੍ਰਹਿ ਸਕੱਤਰ ਨੂੰ ਲਿਖੇ ਪੱਤਰ 'ਚ ਲੈਫ਼ਟੀਨੈਂਟ ਗਵਰਨਰ ਦੇ ਸਕੱਤਰੇਤ ਨੇ ਕਿਹਾ ਕਿ ਸਕਸੈਨਾ ਨੂੰ ਸ਼ਿਕਾਇਤ ਮਿਲੀ ਸੀ ਕਿ 'ਆਪ' ਪਾਰਟੀ ਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਖ਼ਾਲਿਸਤਾਨੀ ਸਮੂਹਾਂ ਤੋਂ 1.60 ਕਰੋੜ ਡਾਲਰ ਦੀ ਫ਼ੰਡਿੰਗ ਪ੍ਰਾਪਤ ਕੀਤੀ ਸੀ। ਦੱਸ ਦਈਏ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੀ ਇਹ ਮੁੱਦਾ ਉਠਿਆ ਸੀ। ਉਸ ਸਮੇਂ ਤਤਕਾਲੀ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਸੀ, ਕਿ ਸਿੱਖ ਫ਼ਾਰ ਜਸਟਿਸ ਲਗਾਤਾਰ ਆਮ ਆਦਮੀ ਪਾਰਟੀ ਦੇ ਸੰਪਰਕ ਵਿੱਚ ਹੈ ਅਤੇ ਚੋਣਾਂ ਵਿੱਚ ਵੀ ਪਾਰਟੀ ਨੂੰ ਫ਼ੰਡ ਵੀ ਦੇ ਰਹੀ ਹੈ। ਦਰਅਸਲ, ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ

### ਹਾਰ ਦੇ ਡਰ ਕਾਰਨ ਭਾਜਪਾ ਲਗਾ ਰਹੀ ਹੈ ਝੂਠੇ ਦੋਸ਼: ਭਾਰਦਵਾਜ

ਵੋਟਿੰਗ 20 ਫ਼ਰਵਰੀ 2022 ਨੂੰ ਹੋਣੀ ਸੀ। ਇਸ ਤੋਂ ਠੀਕ ਪਹਿਲਾਂ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਇਕ ਪੱਤਰ ਸਾਹਮਣੇ ਆਇਆ ਸੀ, ਜੋ ਉਨ੍ਹਾਂ ਨੇ ਵੋਟਿੰਗ ਤੋਂ ਦੋ ਦਿਨ ਪਹਿਲਾਂ 18 ਫ਼ਰਵਰੀ 2022 ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖਿਆ ਸੀ। ਇਸ ਪੱਤਰ ਵਿੱਚ ਉਨ੍ਹਾਂ ਨੇ ਖਾਲਿਸਤਾਨੀ ਸੰਗਠਨ ਸਿੱਖ ਫ਼ਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਦੇ ਉਸੇ ਪੱਤਰ ਦਾ ਹਵਾਲਾ ਦਿੱਤਾ ਸੀ, ਜਿਸ ਬਾਰੇ ਐੱਲ.ਜੀ. ਚੰਨੀ ਨੇ ਲਿਖਿਆ ਸੀ ਕਿ ਪੰਨੂ ਦਾ ਇਹ ਪੱਤਰ ਪੰਜਾਬੀ ਭਾਸ਼ਾ ਵਿੱਚ ਲਿਖਿਆ ਗਿਆ ਸੀ ਅਤੇ ਇਸ ਵਿੱਚ ਕਿਹਾ ਗਿਆ ਸੀ ਕਿ ਪਾਬੰਦੀਸ਼ੁਦਾ ਜਥੇਬੰਦੀ ਸਿੱਖ ਫ਼ਾਰ ਜਸਟਿਸ ਲਗਾਤਾਰ ਆਮ ਆਦਮੀ ਪਾਰਟੀ ਦੇ ਸੰਪਰਕ ਵਿੱਚ ਹੈ। ਪੱਤਰ ਵਿੱਚ ਇਹ ਵੀ ਲਿਖਿਆ ਗਿਆ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਾਂਗ ਇਹ ਜਥੇਬੰਦੀ 2022 ਦੀਆਂ ਚੋਣਾਂ ਵਿੱਚ ਵੀ ਆਪ ਪਾਰਟੀ ਦਾ ਸਮਰਥਨ ਕਰ ਰਹੀ ਹੈ। ਚੰਨੀ ਨੇ ਆਪਣੇ ਪੱਤਰ ਵਿੱਚ ਕਿਹਾ ਸੀ ਕਿ ਇਹ ਦੇਸ਼ ਦੀ ਸੁਰੱਖਿਆ ਅਤੇ ਅਖੰਡਤਾ ਲਈ ਬਹੁਤ ਗੰਭੀਰ ਮਾਮਲਾ ਹੈ ਅਤੇ ਇਸ ਦੀ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ। ਚੰਨੀ ਨੇ ਮੰਗ ਕੀਤੀ ਸੀ ਕਿ ਇਸ ਮਾਮਲੇ ਵਿੱਚ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ। ਚੰਨੀ ਨੇ ਆਪਣੇ ਪੱਤਰ ਵਿੱਚ ਇਹ ਵੀ ਲਿਖਿਆ



ਸੀ ਕਿ ਆਪ ਪਾਰਟੀ ਦੇ ਸੰਸਥਾਪਕ ਮੈਂਬਰ ਕੁਮਾਰ ਵਿਸ਼ਵਾਸ ਨੇ ਵੀ ਕੇਜਰੀਵਾਲ ਦੇ ਖਾਲਿਸਤਾਨੀਆਂ ਨਾਲ ਸਬੰਧਾਂ ਦੇ ਦੋਸ਼ ਲਾਏ ਹਨ। ਇਨ੍ਹਾਂ ਦੋਸ਼ਾਂ ਦੀ ਵੀ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ।

ਯਾਦ ਰਹੇ ਕਿ ਪ੍ਰੋ਼ਫ਼ੈਸਰ ਭੁੱਲਰ, ਜੋ ਕਿ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਹੈ, ਨੂੰ 1993 ਦੌਰਾਨ ਦਿੱਲੀ ਵਿੱਚ ਹੋਏ ਬੰਬ ਧਮਾਕੇ ਵਿੱਚ 9 ਲੋਕਾਂ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਉਨ੍ਹਾਂ ਨੂੰ 25 ਅਗਸਤ 2001 ਨੂੰ ਇਕ ਟਾਡਾ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਸੀ ਤੇ ਸੁਪਰੀਮ ਕੋਰਟ ਦੁਆਰਾ ਉਸ ਦੀ ਮੌਤ ਦੀ ਸਜ਼ਾ ਨੂੰ ਘਟਾ ਦਿੱਤੇ ਜਾਣ ਤੋਂ ਬਾਅਦ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।

(ਬਾਕੀ ਸਫ਼ਾ 30 'ਤੇ)

## ਦਰਪਣ ਝੂਠ ਨਹੀਂ ਬੋਲਦਾ

# ਲੋਕ ਸਭਾ ਚੋਣਾਂ-2024 ਦੌਰਾਨ ਪੰਥਕ ਤੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਿਹੈ ਅਕਾਲੀ ਦਲ

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਪੰਜਾਬ ਦੀ ਖ਼ੁਦਮੁਖ਼ਤਿਆਰੀ ਹਾਲੇ ਵੀ ਵੱਡਾ ਪੰਥਕ ਮੁੱਦਾ

## ਰਾਜਾਂ ਲਈ ਵਧੇਰੇ ਅਧਿਕਾਰ ਹਾਸਲ ਕਰਨਾ ਅਕਾਲੀ ਦਲ ਦਾ ਮੁੱਖ ਏਜੰਡਾ ਹੋਵੇ-ਚਿੰਤਕ ਸਤਨਾਮ ਮਾਣਕ

ਸ਼੍ਰੋਮਣੀ ਅਕਾਲੀ ਦਲ, ਜਿਸ ਨੇ ਦੇਸ਼ ਦੀ ਆਜ਼ਾਦੀ ਅਤੇ ਆਜ਼ਾਦੀ ਤੋਂ ਬਾਅਦ ਦੇਸ਼ ਦੀ ਰਾਜਨੀਤੀ ਅਤੇ ਖ਼ਾਸ ਕਰਕੇ ਪੰਜਾਬ ਦੀ ਸਿਆਸਤ ਵਿੱਚ ਅਹਿਮ ਰੋਲ ਅਦਾ ਕੀਤਾ ਸੀ, ਅੱਜ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਜੇਕਰ ਪਿਛਲੇ ਇਤਿਹਾਸ ਨੂੰ ਛੱਡ ਵੀ ਦੇਈਏ ਤਾਂ ਵੀ 1997 ਤੋਂ 2002 ਅਤੇ ਫਿਰ 2007 ਤੋਂ ਲੈ ਕੇ 2017 ਤੱਕ ਇਸ ਨੇ ਪੰਜਾਬ ’ਤੇ 15 ਸਾਲ ਰਾਜ ਕੀਤਾ ਹੈ। ਇਸ ਸਮੇਂ ਦੌਰਾਨ ਇਸ ਨੇ ਪੰਜਾਬ ਦੇ ਬੁਨਿਆਦੀ ਢਾਂਚੇ ਦੇ ਵਿਕਾਸ, ਇਤਿਹਾਸਕ ਯਾਦਗਾਰਾਂ ਦੀ ਉਸਾਰੀ ਅਤੇ ਕਿਸਾਨਾਂ ਤੇ ਹੋਰ ਗ਼ਰੀਬ ਵਰਗਾਂ ਦੀ ਭਲਾਈ ਲਈ ਅਨੇਕਾਂ ਵਿਕਾਸ ਦੇ ਕਾਰਜ ਕੀਤੇ ਹਨ ਅਤੇ ਪੰਜਾਬ ਦੀ ਖ਼ੁਦਮੁਖ਼ਤਿਆਰੀ ਲਈ ਸੰਘਰਸ਼ ਵੀ ਲੜਿਆ ਹੈ। ਬਿਨਾਂ ਸ਼ੱਕ ਇਸ ਸਮੇਂ ਦੌਰਾਨ ਇਸ ਦੀ ਲੀਡਰਸ਼ਿਪ ਨੇ ਕਈ ਵੱਡੀਆਂ ਗ਼ਲਤੀਆਂ ਵੀ ਕੀਤੀਆਂ ਹਨ, ਜਿਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਿਤ ਘਟਨਾਵਾਂ ਨਾਲ ਠੀਕ ਤਰ੍ਹਾਂ ਨਾਲ ਨਾ ਨਿਪਟਣਾ, ਨਸ਼ਿਆਂ ਦੇ ਪ੍ਰਚਲਣ ਨੂੰ ਰੋਕਣ ਵਿੱਚ ਅਸਫ਼ਲ ਰਹਿਣਾ, ਵੱਡੀ ਪੱਧਰ ’ਤੇ ਕਰਜ਼ਾ ਚੁੱਕਣਾ, ਰੇਤਾ-ਬਜਰੀ ਦੇ ਮਾਫ਼ੀਏ ’ਤੇ ਕੰਟਰੋਲ ਨਾ ਕਰ ਸਕਣਾ ਅਤੇ ਪ੍ਰਸ਼ਾਸਨ ਵਿਚੋਂ ਵੀ ਭ੍ਰਿਸ਼ਟਾਚਾਰ ਨੂੰ ਸਮਾਪਤ ਨਾ ਕਰ ਸਕਣਾ ਆਦਿ ਸ਼ਾਮਿਲ ਹਨ।



ਅਜਿਹੇ ਕਾਰਨਾਂ ਕਰਕੇ 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਇਹ ਪਾਰਟੀ ਸੱਤਾ ਤੋਂ ਬਾਹਰ ਹੋ ਗਈ। ਇਸ ਨੂੰ ਵਿਧਾਨ ਸਭਾ ਦੀਆਂ ਸਿਰਫ਼ 15 ਸੀਟਾਂ ਮਿਲ ਸਕੀਆਂ ਅਤੇ ਇਹ 25.2 ਫ਼ੀਸਦੀ ਵੋਟਾਂ ਹੀ ਹਾਸਲ ਕਰ ਸਕੀ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਪਾਰਟੀ ਦੀ ਕਾਰਗੁਜ਼ਾਰੀ ਕੋਈ ਬਿਹਤਰ ਨਹੀਂ ਰਹੀ, ਇਹ ਸਿਰਫ਼ ਬਠਿੰਡਾ ਤੇ ਫਿਰੋਜ਼ਪੁਰ ਦੀਆਂ 2 ਹੀ ਸੀਟਾਂ ਜਿੱਤ ਸਕੀ। ਦੋ ਸੀਟਾਂ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਇਸ ਦੀ ਭਾਈਵਾਲ ਪਾਰਟੀ ਭਾਜਪਾ ਨੇ ਜਿੱਤੀਆਂ ਅਤੇ ਬਾਕੀ 8 ਸੀਟਾਂ ਕਾਂਗਰਸ ਅਤੇ ਇੱਕ ਸੀਟ ਆਮ ਆਦਮੀ ਪਾਰਟੀ ਨੇ ਜਿੱਤੀ। ਲੋਕ ਸਭਾ ਦੀ ਉਸ ਚੋਣ ਦੌਰਾਨ ਪਾਰਟੀ ਨੇ 27.45 ਫ਼ੀਸਦੀ ਵੋਟਾਂ ਹਾਸਲ ਕੀਤੀਆਂ। ਬਾਅਦ ਵਿੱਚ ਕਿਸਾਨ ਅੰਦੋਲਨ ਦੇ ਮੁੱਦੇ ’ਤੇ ਇਸ ਨੇ ਆਪਣੀ ਪੁਰਾਣੀ ਭਾਈਵਾਲ ਪਾਰਟੀ ਭਾਜਪਾ ਨਾਲੋਂ ਨਾਤਾ ਤੋੜ ਲਿਆ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਇਸ ਨੇ ਬਸਪਾ ਨਾਲ ਗੱਠਜੋੜ ਕਰਕੇ ਲੜੀਆਂ, ਇਸ ਨੂੰ ਸਿਰਫ਼ 3 ਸੀਟਾਂ ਪ੍ਰਾਪਤ ਹੋਈਆਂ। ਇਸ ਦਾ ਵੋਟ ਸ਼ੇਅਰ ਵੀ ਘਟ ਕੇ 18.38 ਫ਼ੀਸਦੀ ਰਹਿ ਗਿਆ। ਇਸ ਦੀ ਨਵੀਂ ਬਣੀ ਭਾਈਵਾਲ ਪਾਰਟੀ ਬਸਪਾ ਨੂੰ ਵੀ ਸਿਰਫ਼ ਇੱਕ ਸੀਟ ਪ੍ਰਾਪਤ ਹੋਈ।

ਮੌਜੂਦਾ ਲੋਕ ਸਭਾ ਚੋਣਾਂ ਸਮੇਂ ਵੀ ਸਥਿਤੀਆਂ ਅਜਿਹੀਆਂ ਬਣੀਆਂ ਕਿ ਇਸ ਦਾ ਪੰਥਕ ਮੁੱਦਿਆਂ ਕਾਰਨ ਭਾਜਪਾ ਨਾਲ ਚੋਣ ਸਮਝੌਤਾ ਨਹੀਂ ਹੋ ਸਕਿਆ। ਭਾਜਪਾ ਅਕਾਲੀ ਦਲ ਦੀ ਮੰਗ ਬੰਦੀ ਸਿੱਖਾਂ ਦੀ ਰਿਹਾਈ ਲਈ ਤਿਆਰ ਨਹੀਂ ਸੀ। ਖ਼ਾਸ ਕਰਕੇ ਦੁਬਾਰਾ ਕਿਸਾਨ ਅੰਦੋਲਨ ਸ਼ੁਰੂ ਹੋਣ ਅਤੇ ਇਸ ਦੌਰਾਨ ਹਰਿਆਣੇ ਨਾਲ ਲਗਦੀਆਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ’ਤੇ ਜੋ ਘਟਨਾਕ੍ਰਮ ਵਾਪਰਿਆ, ਉਸ ਨੇ ਸਮਝੌਤੇ ਦੀਆਂ ਸੰਭਾਵਨਾਵਾਂ ਹੋਰ ਵੀ ਘਟਾ ਦਿੱਤੀਆਂ ਸਨ। ਬਸਪਾ ਨਾਲੋਂ ਵੀ ਇਸ ਦਾ ਗੱਠਜੋੜ ਸਮਾਪਤ ਹੋ ਗਿਆ ਜਿਸ ਕਾਰਨ ਹੁਣ ਲੋਕ ਸਭਾ ਦੀਆਂ ਚੋਣਾਂ ਦਾ ਇਹ ਪਾਰਟੀ ਇਕੱਲਿਆਂ ਹੀ ਸਾਹਮਣਾ ਕਰ ਰਹੀ ਹੈ। ਪੰਜਾਬ ਵਿੱਚ ਲੋਕ ਸਭਾ ਚੋਣਾਂ ਦੇ ਆਖਰੀ ਪੜਾਅ ਵਿੱਚ 1 ਜੂਨ ਨੂੰ ਵੋਟਾਂ ਪੈਣੀਆਂ ਹਨ। ਵੋਟਾਂ ਪੈਣ ਵਿੱਚ ਲਗਭਗ ਇੱਕ ਮਹੀਨੇ ਦਾ ਸਮਾਂ ਬਾਕੀ ਹੈ ਹੁਣ ਤੱਕ ਇਸ ਨੇ ਚੰਡੀਗੜ੍ਹ ਸਮੇਤ ਪੰਜਾਬ ਦੀਆਂ ਸਾਰੀਆਂ 14 ਸੀਟਾਂ ਲਈ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ : ਦਲਜੀਤ ਸਿੰਘ ਚੀਮਾ (ਗੁਰਦਾਸਪੁਰ), ਪ੍ਰੇਮ ਸਿੰਘ ਚੰਦੂਮਾਜਰਾ (ਸ੍ਰੀ ਅਨੰਦਪੁਰ ਸਾਹਿਬ), ਐਨ.ਕੇ. ਸ਼ਰਮਾ (ਪਟਿਆਲਾ), ਅਨਿਲ ਜੋਸ਼ੀ (ਸ੍ਰੀ ਅੰਮ੍ਰਿਤਸਰ ਸਾਹਿਬ), ਬਿਕਰਮਜੀਤ ਸਿੰਘ ਖ਼ਾਲਸਾ (ਫ਼ਤਹਿਗੜ੍ਹ ਸਾਹਿਬ), ਰਾਜਵਿੰਦਰ ਸਿੰਘ (ਫ਼ਰੀਦਕੋਟ), ਇਕਬਾਲ ਸਿੰਘ ਝੂੰਦਾਂ (ਸੰਗਰੂਰ), ਹਰਸਿਮਰਤ ਕੌਰ ਬਾਦਲ (ਬਠਿੰਡਾ), ਮਹਿੰਦਰ ਸਿੰਘ ਕੇ.ਪੀ. (ਜਲੰਧਰ),ਖਡੂਰ ਸਾਹਿਬ ਤੋਂ ਵਿਰਸਾ ਸਿੰਘ ਵਲਟੋਹਾ, ਰਣਜੀਤ ਸਿੰਘ ਢਿੱਲੋਂ (ਲੁਧਿਆਣਾ), ਸੋਹਣ ਸਿੰਘ ਠੰਡਲ (ਹੁਸ਼ਿਆਰਪੁਰ), ਨਰਦੇਵ ਸਿੰਘ ਬੌਬੀਮਾਨ (ਫਿਰੋਜ਼ਪੁਰ) ਅਤੇ ਹਰਦੀਪ ਸਿੰਘ ਸੈਣੀ (ਚੰਡੀਗੜ੍ਹ)। ਇਨ੍ਹਾਂ ਸਥਿਤੀਆਂ ਵਿੱਚ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਲੋਕ ਸਭਾ ਦੀਆਂ ਇਨ੍ਹਾਂ ਚੋਣਾਂ ਵਿੱਚ ਅਕਾਲੀ ਦਲ ਦੀ ਰਣਨੀਤੀ ਕੀ ਹੋਵੇ ?

ਪ੍ਰਸਿੱਧ ਪੱਤਰਕਾਰ ਤੇ ਚਿੰਤਕ ਸਤਨਾਮ ਮਾਣਕ ਦੀ ਰਾਇ ਤਾਂ ਇਹ ਹੈ ਕਿ ਪਾਰਟੀ ਨੂੰ ਆਪਣੇ ਪਿਛਲੇ ਸੰਘਰਸ਼ਮਈ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਪੂਰੀ ਦ੍ਰਿੜ੍ਹਤਾ ਨਾਲ ਇਹ ਚੋਣਾਂ ਲੜਨੀਆਂ ਚਾਹੀਦੀਆਂ ਹਨ। ਪਾਰਟੀ ਨੂੰ ਇਸ ਸਮੇਂ ਪੰਜਾਬੀਆਂ ਤੇ ਪੰਥ ਨੂੰ ਇਹ ਸਪੱਸ਼ਟ ਸੁਨੇਹਾ ਦੇਣਾ ਚਾਹੀਦਾ ਹੈ ਕਿ ਅਕਾਲੀ ਦਲ ਦੀ ਪੰਥ ਤੇ (ਬਾਕੀ ਸਫ਼ਾ 30 ’ਤੇ)

# ਖੇਤਾਂ ਤੋਂ ਲੈ ਕੇ ਚੋਣ ਬੂਥਾਂ ਤੱਕ ਭਾਜਪਾ ਨੇ ਕਿਸਾਨਾਂ ਦਾ ਭਰੋਸਾ ਗੁਆਇਆ

## ਭਾਜਪਾ ਨੂੰ ਹੋ ਸਕਦੈ ਕਿਸਾਨੀ ਖੇਤਰਾਂ ’ਚ ਵੱਡਾ ਨੁਕਸਾਨ

ਜਿਵੇਂ-ਜਿਵੇਂ ਉੱਤਰੀ ਖੇਤਰ ਦੇ ਹੋਰ ਰਾਜਾਂ ਵਿੱਚ ਵੋਟਾਂ ਦੀਆਂ ਤਰੀਕਾਂ ਨੇੜੇ ਆ ਰਹੀਆਂ ਹਨ, ਰਾਜਸਥਾਨ, ਯੂਪੀ, ਪੰਜਾਬ, ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਕਿਸਾਨਾਂ ਦਾ ਗੁੱਸਾ ਵਧਦਾ ਜਾ ਰਿਹਾ ਹੈ।

ਅਪ੍ਰੈਲ 2024 ਵਿੱਚ, ਹੰਸ ਰਾਜ ਹੰਸ, ਜੋ ਕਿ ਪੰਜਾਬ ਦੇ ਛੋਟੇ ਜਿਹੇ ਕਸਬੇ ਅਰਾਈਆਂ ਵਾਲਾ ਵਿੱਚ ਭਾਜਪਾ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਆਇਆ ਸੀ, ਨੂੰ ਕਿਸਾਨ ਮਰਦਾਂ ਅਤੇ ਔਰਤਾਂ ਦੀ ਭੀੜ ਨੇ ਘੇਰ ਲਿਆ। ਫ਼ਰੀਦਕੋਟ ਤੋਂ ਆਗਾਮੀ ਚੋਣਾਂ ਵਿੱਚ ਮੁਕਾਬਲਾ ਕਰਨ ਵਾਲੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਦਾਅਵਾ ਹੈ ਕਿ ਉਹ ਪ੍ਰਦਰਸ਼ਨਕਾਰੀਆਂ ਦੇ ਰੋਸ ਦਾ ਨਿਸ਼ਾਨਾ ਬਣੇ। ਰਿਪੋਰਟਾਂ ਮੁਤਾਬਕ ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਉਹ ਉੱਥੇ ਮੋਦੀ ਸਰਕਾਰ ਦੇ ਪ੍ਰਤੀਨਿਧ ਤੋਂ ਜਵਾਬ ਮੰਗਣ ਲਈ ਆਏ ਸਨ। ਇਹ ਇਕੱਲੀ ਘਟਨਾ ਨਹੀਂ ਹੈ। ਜਿਵੇਂ-ਜਿਵੇਂ ਵੋਟਾਂ ਦੀਆਂ ਤਰੀਕਾਂ ਨੇੜੇ ਆ ਰਹੀਆਂ ਹਨ, ਕਿਸਾਨ ਵੱਖ-ਵੱਖ ਰਾਜਾਂ ਵਿੱਚ ਪ੍ਰਦਰਸ਼ਨ ਕਰ ਰਹੇ ਹਨ, ਜਨਤਕ ਮੀਟਿੰਗਾਂ ਕਰ ਰਹੇ ਹਨ ਅਤੇ ਮੌਜੂਦਾ ਸਰਕਾਰ ਪ੍ਰਤੀ ਆਪਣੀ ਅਸੰਤੁਸ਼ਟੀ ਜ਼ਾਹਰ ਕਰ ਰਹੇ ਹਨ। ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਨਾਲ ਜੁੜੀਆਂ ਕਈ ਜਥੇਬੰਦੀਆਂ ਨੇ ਪੰਜਾਬ ਵਿੱਚ ਚੋਣ ਪ੍ਰਚਾਰ ਦੌਰਾਨ ਭਾਜਪਾ ਉਮੀਦਵਾਰਾਂ ਖ਼ਿਲਾਫ਼ ਰੋਸ ਪ੍ਰਗਟਾਇਆ ਹੈ। ਇਸੇ ਤਰ੍ਹਾਂ ਦੇ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ ਤੇ



ਫਿਰਾਓ ਹਰਿਆਣਾ ਅਤੇ ਰਾਜਸਥਾਨ ਵਿੱਚ ਵੀ ਦੇਖਣ ਨੂੰ ਮਿਲੇ ਹਨ। ਕਿਸਾਨ ਆਗੂ ਬਲ਼ਬੀਰ ਸਿੰਘ ਰਾਜੇਵਾਲ ਅਨੁਸਾਰ ਇਸ ਵਾਰ ਦੇ ਚੋਣ ਨਤੀਜੇ ਕਿਸਾਨਾਂ ਦੇ ਵਿਰੋਧ ਰੋਸ, ਗੁੱਸੇ ਅਤੇ ਨਿਰਾਸ਼ਾ ਦੀ ਹੱਦ ਨੂੰ ਦਰਸਾਉਣਗੇ। 2024 ਦੇ ਨਤੀਜਿਆਂ ਦੀ ਉਡੀਕ ਕਰੋ।

ਯਾਦ ਰਹੇ ਕਿ 2024 ਦੇ ਦਿੱਲੀ ਚੱਲੋ ਕਿਸਾਨ ਪ੍ਰਦਰਸ਼ਨ ਵਿੱਚ 10 ਕਿਸਾਨਾਂ ਦੀ ਮੌਤ ਹੋ ਗਈ ਸੀ। ਸੰਯੁਕਤ ਕਿਸਾਨ ਮੋਰਚਾ ਦੇ ਅਨੁਸਾਰ, 2020-2021 ਵਿੱਚ ਖੇਤੀਬਾੜੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ 700 ਤੋਂ ਵੱਧ ਕਿਸਾਨਾਂ ਦੀ ਮੌਤ ਹੋਈ ਸੀ। ਇਸ ਤੋਂ ਇਲਾਵਾ, ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਤ ਅੰਕੜਿਆਂ ਅਨੁਸਾਰ, ਭਾਰਤ ਵਿੱਚ ਹਰ ਘੰਟੇ ਇੱਕ ਕਿਸਾਨ ਜਾਂ ਖੇਤ ਮਜ਼ਦੂਰ ਖੁਦਕੁਸ਼ੀ ਕਰਕੇ ਮਰਦਾ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਭ ਕੁਝ ਠੀਕ ਨਹੀਂ ਹੈ।

ਭਾਰਤ ਇੱਕ ਖੇਤੀ ਪ੍ਰਧਾਨ ਰਾਜ ਹੈ। ਪ੍ਰੈਸ ਸੂਚਨਾ ਬਿਊਰੋ (ਪੀ.ਆਈ.ਬੀ.) ਦੇ ਅੰਕੜਿਆਂ ਅਨੁਸਾਰ, ਭਾਰਤ ਦੀ 65% ਆਬਾਦੀ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ, ਜਿਸ ਵਿੱਚੋਂ 47% ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ’ਤੇ ਨਿਰਭਰ ਹਨ। ਇਸ ਤੋਂ ਇਲਾਵਾ, ਇੰਟਰਨੈਸ਼ਨਲ ਲੇਬਰ ਆਰਗ਼ੇਨਾਈਜ਼ੇਸ਼ਨ ਦੁਆਰਾ ਇੱਕ ਤਾਜ਼ਾ ਸਰਵੇਖਣ ਦਿਖਾਇਆ ਗਿਆ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਕਰਜ਼ਿਆਂ ਕਾਰਣ ਵਧੇਰੇ ਕਿਸਾਨ ਖੇਤ ਮਜ਼ਦੂਰ ਬਣੇ ਹਨ।

ਲੋਕ ਸਭਾ ਚੋਣਾਂ ਦੌਰਾਨ ਸਿਆਸੀ ਦ੍ਰਿਸ਼ ਨੂੰ ਰੂਪ ਦੇਣ ਵਾਲਾ ਕਿਸਾਨੀ ਮਾਮਲਾ ਤੇ ਸੰਘਰਸ਼ ਇੱਕ ਮਹੱਤਵਪੂਰਨ ਕਾਰਕ ਹੈ ਜਿਵੇਂ ਇਹ ਅਸੰਤੁਸ਼ਟੀ ਪੇਂਡੂ ਖੇਤਰਾਂ ਵਿੱਚ ਡੂੰਘਾਈ ਨਾਲ ਗੂੰਜ ਰਹੀ ਹੈ, ਜਿੱਥੇ ਖੇਤੀਬਾੜੀ ਰੋਜ਼ੀ-ਰੋਟੀ ਅਤੇ ਭਾਈਚਾਰਿਆਂ ਦੀ ਰੀੜ੍ਹ ਦੀ ਹੱਡੀ ਹੈ। ਇਸ ਨਾਲ ਵੋਟਰਾਂ ਦੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੈ (ਬਾਕੀ ਸਫ਼ਾ 30 ’ਤੇ)

# ਜਥੇਦਾਰ ਭਾਈ ਕਾਉਂਕੇ ਪੁਲਿਸ ਰਿਕਾਰਡ ’ਚ ਅੱਜ ਵੀ ਭਗੌੜਾ, ਲੋੜੀਂਦਾ ਤੇ ਦਸ ਨੰਬਰੀਆ

## ਪਰਿਵਾਰਕ ਮੈਂਬਰਾਂ ਵੱਲੋਂ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਦਰਖ਼ਾਸਤ ਦੇਣ ਦੇ ਬਾਵਜੂਦ ‘ਆਪ’ ਸਰਕਾਰ ਨੇ ਨਹੀਂ ਕੀਤੀ ਕਾਰਵਾਈ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਭਾਵੇਂ ਜਗਰਾਓਂ ਪੁਲਿਸ ਵੱਲੋਂ ਉਨ੍ਹਾਂ ਦੇ ਪਿੰਡ ਤੋਂ 25 ਦਸੰਬਰ 1992 ਨੂੰ ਲੋਕਾਂ ਦੀ ਹਾਜ਼ਰੀ ਵਿੱਚ ਚੁੱਕ ਕੇ ਕਈ ਦਿਨ ਹਿਰਾਸਤ ਵਿੱਚ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਪਰ ਪੰਜਾਬ ਪੁਲਿਸ ਦਾ ਰਿਕਾਰਡ ਅੱਜ ਵੀ ਉਨ੍ਹਾਂ ਨੂੰ ਭਗੌੜਾ, ਲੋੜੀਂਦਾ ਅਤੇ ਦਸ ਨੰਬਰੀਆ ਦਿਖਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਵੱਲੋਂ ਇਸ ਕੇਸ ਦੀ ਪੈਰਵਾਈ ਸ਼੍ਰੋਮਣੀ ਕਮੇਟੀ ਨੂੰ ਕਰਨ ਦੇ ਦਿੱਤੇ ਗਏ ਆਦੇਸ਼ ਤੋਂ ਬਾਅਦ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪਰਿਵਾਰਕ ਮੈਂਬਰਾਂ ਵੱਲੋਂ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਮੁਕੱਦਮਾ ਦਰਜ ਕਰਨ ਲਈ ਦਰਖ਼ਾਸਤ ਵੀ ਦਿੱਤੀ ਗਈ ਸੀ, ਪਰ ਮੌਜੂਦਾ ਸਰਕਾਰ ਵੀ ਇਸ ਕੇਸ ਵਿੱਚ ਕੋਈ ਦਿਲਚਸਪੀ ਨਹੀਂ ਦਿਖਾ ਰਹੀ ਅਤੇ ਇਸ ਮਾਮਲੇ ਨੂੰ ਠੰਢੇ ਬਸਤੇ ਵਿੱਚ ਪਾਇਆ ਹੋਇਆ ਹੈ। ਭਾਵੇਂਕਿ ਡੀ.ਜੀ.ਪੀ. ਰੈਂਕ ਦੇ ਅਧਿਕਾਰੀ ਨੇ ਪੰਜਾਬ ਪੁਲਿਸ ਵੱਲੋਂ ਮਿਤੀ 2 ਜਨਵਰੀ 1993 ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲੈ ਜਾਣ ਸਮੇਂ ਹਿਰਾਸਤ ਵਿਚੋਂ ਭੱਜਣ



ਦੀ ਕਹਾਣੀ ਨੂੰ ਝੁਠਲਾਉਂਦੇ ਹੋਏ ਸਾਲ 1999 ਵਿੱਚ ਪੰਜਾਬ ਸਰਕਾਰ ਨੂੰ ਰਿਪੋਰਟ ਸੌਂਪੀ ਸੀ, ਪਰ ਬੀ.ਪੀ. ਤਿਵਾੜੀ ਦੀ ਇਸ ਰਿਪੋਰਟ ’ਤੇ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰਨ ਦੀ ਬਜਾਏ ਉਸ ਸਮੇਂ ਦੇ ਡੀ.ਜੀ.ਪੀ. ਸਰਬਜੀਤ ਸਿੰਘ ਨੂੰ ਰਿਪੋਰਟ ’ਤੇ ਦੁਬਾਰਾ ਵਿਚਾਰ ਕਰਨ ਲਈ ਭੇਜ ਦਿੱਤਾ, ਜਿਨ੍ਹਾਂ ਨੇ ਪੁਲਿਸ ਦੀ ਭਾਈ ਕਾਉਂਕੇ ਦੀ ਪੁਲਿਸ ਹਿਰਾਸਤ ਵਿਚੋਂ ਭੱਜਣ ਦੀ ਕਾਰਵਾਈ ਨਾਲ ਸਹਿਮਤੀ ਪ੍ਰਗਟ ਕਰ ਦਿੱਤੀ। ਜਦੋਂ ਇਹ ਕੇਸ ਹਾਈਕੋਰਟ ਵਿੱਚ ਪਹੁੰਚਿਆ ਤਾਂ ਇਕ ਤੋਂ ਬਾਅਦ ਇਕ ਕਈ ਟੀਮਾਂ ਬਣਾ ਕੇ ਪੁਲਿਸ ਦੀ ਕਾਰਵਾਈ ਨੂੰ ਸੱਚ ਸਾਬਿਤ ਕਰਨ ਦੇ ਯਤਨ ਕੀਤੇ ਗਏ। ਅੱਜ 32 ਸਾਲ ਬੀਤ ਜਾਣ ਦੇ ਬਾਵਜੂਦ ਵੀ ਭਾਈ ਕਾਉਂਕੇ ਜਗਰਾਓਂ ਪੁਲਿਸ ਦੇ ਰਿਕਾਰਡ ਵਿੱਚ ਭਗੌੜੇ ਅਤੇ ਦਸ ਨੰਬਰੀਏ ਹਨ। ਭਾਵੇਂਕਿ ਪਰਿਵਾਰ ਵੱਲੋਂ ਇਸ ਸੰਬੰਧੀ ਮੁਕੱਦਮਾ ਦਰਜ ਕਰਨ ਲਈ ਪੁਲਿਸ ਨੂੰ ਦਰਖਾਸਤ ਦਿੱਤੀ ਸੀ, ਪਰ ਮੌਜੂਦਾ ਸਰਕਾਰ ਵੀ ਇਸ ਕੇਸ ਵਿੱਚ ਕੋਈ ਦਿਲਚਸਪੀ ਨਹੀਂ ਦਿਖਾ ਰਹੀ।

ਪੰਜਾਬ ਮਨੁੱਖੀ ਅਧਿਕਾਰ ਸੰਸਥਾ ਦੇ ਚੇਅਰਮੈਨ ਸਰਬਜੀਤ ਸਿੰਘ ਵੇਰਕਾ ਨੇ ਕਿਹਾ ਕਿ ਪਿਛਲੇ 3 ਦਹਾਕਿਆਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਥਿਤ ਤਸ਼ੱਦਦ ਨਾਲ ਮੌਤ ਹੋਣ ਦਾ ਮਾਮਲਾ ਦੱਬਿਆ ਪਿਆ ਹੈ। ਵੇਰਕਾ ਨੇ ਕਿਹਾ ਕਿ ਬਦਕਿਸਮਤੀ ਦੀ ਗੱਲ ਹੈ ਕਿ ਪਿਛਲੇ 25 ਸਾਲਾਂ ਦੌਰਾਨ ਨਾ ਕਾਉਂਕੇ ਦੇ ਮਾਮਲੇ ਦੀ ਜਾਂਚ ਰਿਪੋਰਟ ’ਤੇ ਕੋਈ ਕਾਰਵਾਈ ਹੋਈ ਅਤੇ ਨਾ ਹੀ ਜਾਂਚ ਰਿਪੋਰਟ ਨੂੰ ਜਨਤਕ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੀ ਸਭ ਤੋਂ ਮਾੜੀ ਗੱਲ ਇਹ ਹੈ ਕਿ ਜਥੇਦਾਰ ਗੁਰਦੇਵ ਸਿੰਘ ਅੱਜ ਵੀ ਪੁਲਿਸ ਦੇ ਕਾਗ਼ਜ਼ਾਂ ਅਨੁਸਾਰ ਭਗੌੜਾ ਕਰਾਰ ਦਿੱਤਾ ਹੋਇਆ ਹੈ।

# ਸੰਗਰੂਰ 'ਚ ਸਿਮਰਨਜੀਤ ਸਿੰਘ, ਹੇਅਰ ਤੇ ਖਹਿਰਾ 'ਚੋਂ ਕੌਣ ਜਿੱਤੇਗਾ ਸੀਟ ?

## ਸਾਬਕਾ ਵਿਧਾਇਕ ਗੋਲਡੀ 'ਆਪ' 'ਚ ਸ਼ਾਮਲ, ਖਹਿਰੇ ਲਈ ਬਣਿਆ ਚੁਣੌਤੀ

ਲੋਕ ਸਭਾ ਹਲਕਾ ਸੰਗਰੂਰ ਵਿੱਚ ਇਸ ਵਾਰ ਦਿਲਚਸਪ ਮੁਕਾਬਲਾ ਹੋਣ ਵਾਲਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਗੜ੍ਹ ਹੋਣ ਕਰਕੇ ਸਭ ਦੀਆਂ ਨਜ਼ਰਾਂ ਇਸ ਹਲਕੇ ਉੱਪਰ ਹਨ। ਇਸ ਦੇ ਨਾਲ ਹੀ ਸਵਾਲ ਇਹ ਵੀ ਅਹਿਮ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਇਸੇ ਹਲਕੇ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੁਬਾਰਾ ਬਾਜੀ ਮਾਰ ਸਕਣਗੇ ਜਾਂ ਫਿਰ ਕਾਂਗਰਸ ਵੱਲੋਂ ਸੁਖਪਾਲ ਸਿੰਘ ਖਹਿਰਾ ਨੂੰ ਮੈਦਾਨ ਵਿੱਚ ਉਤਾਰਨ ਨਾਲ ਸਮੀਕਰਨ ਬਦਲ ਜਾਣਗੇ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਿਆਸੀ ਭੇੜ ਮਾਨ ਤੇ ਆਪ ਦੇ ਉਮੀਦਵਾਰ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵਿਚਾਲੇ ਹੋ ਸਕਦਾ ਹੈ, ਕਿਉਂਕਿ ਕਾਂਗਰਸੀ ਬਾਗੀ ਖਹਿਰਾ ਲਈ ਸਿਰਦਰਦੀ ਪੈਦਾ ਕਰ ਸਕਦੇ ਹਨ। ਜੋ ਪੰਥਕ ਵੋਟ ਖਹਿਰਾ ਦੇ ਹੱਕ ਵਿੱਚ ਭੁਗਤਣੀ ਸੀ ਉਹ ਖਹਿਰਾ ਦੇ ਮਾੜੇ ਸਿਆਸੀ ਹਾਲਾਤ ਕਾਰਨ ਮਾਨ ਦੇ ਹੱਕ ਵਿੱਚ ਭੁਗਤ ਸਕਦੀ ਹੈ। ਹਾਲਾਂ ਕਿ ਪਹਿਲਾਂ ਜਾਪਦਾ ਸੀ ਕਿ ਖਹਿਰਾ ਪੰਥਕ ਵੋਟ ਆਪਣੇ ਹੱਕ ਵਿੱਚ ਭੁਗਤਾਕੇ ਮਾਨ ਦਾ ਵੱਡਾ ਨੁਕਸਾਨ ਕਰਨਗੇ, ਪਰ ਕਾਂਗਰਸ ਦੇ ਬਾਗੀਆਂ ਕਾਰਨ ਖਹਿਰਾ ਨੂੰ ਵੱਡੇ ਚੈਲਿੰਜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹੁਣੇ ਜਿਹੇ ਲੋਕ ਸਭਾ ਟਿਕਟ ਨਾ ਮਿਲਣ ਤੋਂ ਨਰਾਜ਼ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂਰਾ ਹੁਣੇ ਜਿਹੇ ਪਾਰਟੀ ਛੱਡਕੇ ਆਪ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਕਿਹਾ ਇਹ ਜਾ ਰਿਹਾ ਹੈ ਕਿ ਜੇ ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਲੋਕ ਸਭਾ ਸੀਟ ਜਿੱਤਦੇ ਹਨ ਤਾਂ ਗੋਲਡੀ ਨੂੰ ਬਰਨਾਲਾ ਸੀਟ ਦੀ ਪੇਸ਼ਕਸ਼ ਹੋ ਸਕਦੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਗੋਲਡੀ ਆਪ ਵਿੱਚ ਸ਼ਾਮਲ ਹੋਣ ਕਾਰਨ ਕਾਂਗਰਸ ਕਮਜ਼ੋਰ ਹੋ ਸਕਦੀ ਹੈ ਤਾਂ ਆਪ ਦਾ ਪਲੜਾ ਵੀ ਭਾਰੀ ਹੋ ਸਕਦਾ ਹੈ।

ਅਕਾਲੀ ਦਲ ਬਾਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾ ਦੀ ਇਸ ਸੀਟ ਉੱਪਰ



ਸਥਿਤੀ ਚੰਗੀ ਨਹੀਂ ਕਿਉਂਕਿ ਢੀਂਡਸਾ ਪਰਿਵਾਰ ਬਾਦਲ ਦਲ ਤੋਂ ਪਰਮਿੰਦਰ ਸਿੰਘ ਢੀਂਡਸਾ ਨੂੰ ਟਿਕਟ ਨਾ ਦੇਣ ਕਾਰਣ ਨਰਾਜ਼ ਹੈ। ਉਸਨੇ ਝੂੰਦਾ ਦੀ ਮਦਦ ਨਾ ਕਰਨ ਦਾ ਐਲਾਨ ਕੀਤਾ ਹੋਇਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਢੀਂਡਸਾ ਪਰਿਵਾਰ ਰਿਸ਼ਤੇਦਾਰੀ ਕਾਰਨ ਆਪ ਦੇ ਉਮੀਦਵਾਰ ਮੀਤ ਹੇਅਰ ਦੀ ਮਦਦ ਉੱਪਰ ਜਾ ਸਕਦੇ ਹਨ। ਕੁਝ ਕੁ ਦਾ ਕਹਿਣਾ ਹੈ ਕਿ ਢੀਂਡਸਾ ਪਰਿਵਾਰ ਮਾਨ ਦੀ ਵਿੱਚ ਹਮਾਇਤ ਕਰ ਸਕਦੇ ਹਨ। ਬਾਦਲ ਦਲ ਦੂਸਰੀ ਵਾਰ ਭਾਜਪਾ ਬਿਨਾਂ ਇਹ ਸੀਟ ਲੜ ਰਿਹਾ ਹੈ।

ਜ਼ਿਕਰਯੋਗ ਹੈ ਕਿ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਜਿਨ੍ਹਾਂ ਦਾ ਕੁਝ ਸਮਾਂ ਪਹਿਲਾਂ ਹੀ ਵਿਆਹ ਹੋਇਆ ਹੈ, ਉਨ੍ਹਾਂ ਦੀ ਧਰਮ ਪਤਨੀ ਅਤੇ ਸਾਬਕਾ ਕੈਬਨਿਟ ਮੰਤਰੀ ਪਰਮਿੰਦਰ ਢੀਂਡਸਾ ਦੀ ਧਰਮ ਪਤਨੀ ਰਿਸ਼ਤੇਦਾਰੀ ਵਿੱਚ ਇੱਕ ਦੂਜੇ ਦੀਆਂ ਭੈਣਾਂ ਲੱਗਦੀਆਂ ਹਨ। ਪਰ ਢੀਂਡਸਾ ਪਰਿਵਾਰ ਦਾ ਕਹਿਣਾ ਹੈ ਕਿ ਉਹ ਅਕਾਲੀ ਉਮੀਦਵਾਰ ਦੀ ਮਦਦ ਵੀ ਨਹੀਂ ਕਰਨਗੇ, ਚੁੱਪ ਰਹਿਣਗੇ।

ਸਿਮਰਨਜੀਤ ਸਿੰਘ ਮਾਨ ਨੇ ਖਡੂਰ ਸਾਹਿਬ ਹਲਕੇ ਤੋਂ ਅੰਮ੍ਰਿਤ ਪਾਲ ਸਿੰਘ ਨੂੰ ਹਮਾਇਤ ਦੇ ਕੇ ਆਪਣੀ ਸਥਿਤੀ ਸੰਗਰੂਰ ਮਜ਼ਬੂਤ ਕਰ ਲਈ ਹੈ, ਕਿਉਂਕਿ ਵਾਰਿਸ ਪੰਜਾਬ ਦੀ ਜਥੇਬੰਦੀ ਵੀ ਮਾਨ ਦੀ ਹਮਾਇਤ ਉੱਪਰ ਆ ਜਾਵੇਗੀ , ਜਿਸ ਦਾ ਸਿੱਖ ਨੌਜਵਾਨਾਂ ਵਿੱਚ ਮਜ਼ਬੂਤ ਆਧਾਰ ਹੈ। ਸੰਗਰੂਰ ਹਲਕੇ ਵਿੱਚ ਸਿੱਖ ਬਹੁਗਿਣਤੀ ਵਿੱਚ ਹਨ। 2011 ਦੀ ਜਨਗਣਨਾ ਅਨੁਸਾਰ ਸੰਗਰੂਰ ਜ਼ਿਲ੍ਹੇ ਦੀ ਕੁੱਲ ਆਬਾਦੀ 1,655,169 ਹੈ। ਸੰਗਰੂਰ ਦੀ 65.10% ਆਬਾਦੀ ਸਿੱਖ ਹੈ। ਹਿੰਦੂ ਕੁੱਲ ਆਬਾਦੀ ਦਾ 23.53% ਬਣਦੇ ਹਨ, ਮੁਸਲਮਾਨ 10.82%, ਈਸਾਈ 0.15%, ਸਿੱਖ 65.10%,ਬੋਧੀ 0.02%, ਜੈਨ 0.19%,ਹੋਰ 0.06 % ਹਨ। ਮੁਸਲਮਾਨ ਤੇ ਪੰਥਕ ਸੋਚ ਵਾਲੀ ਵੋਟ ਉੱਪਰ ਬਾਦਲ ਦਲ ਨਾਲੋਂ ਅਕਾਲੀ ਦਲ ਅੰਮ੍ਰਿਤਸਰ ਦਾ ਜ਼ਿਆਦਾ ਪ੍ਰਭਾਵ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਮੌਜੂਦਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਮੁੜ ਚੋਣ ਮੈਦਾਨ ਵਿੱਚ ਨਿੱਤਰੇ ਹਨ ਜਿਨ੍ਹਾਂ ਵੱਲੋਂ ਆਪਣੀ ਚੋਣ ਮੁਹਿੰਮ ਪੂਰੀ ਤਰ੍ਹਾਂ ਭਖਾਈ ਹੋਈ ਹੈ। ਸੰਨ 2022 ਦੀ ਜ਼ਿਮਨੀ ਚੋਣ ਵਿੱਚ ਮਾਨ ਨੇ 'ਆਪ' ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੂੰ ਫਸਵੇਂ ਮੁਕਾਬਲੇ ਵਿੱਚ 5822 ਵੋਟਾਂ ਨਾਲ ਹਰਾਇਆ ਸੀ। (ਬਾਕੀ ਸਫ਼ਾ 31 'ਤੇ)

# ਫਿਰੋਜ਼ਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ

## ਪਿਓ ਦੇ ਸਾਹਮਣੇ ਹੀ ਵੱਢ ਦਿੱਤਾ ਬੇਅਦਬੀ ਦਾ ਦੋਸ਼ੀ, ਸੋਧਣ ਵਾਲਿਆਂ 'ਤੇ ਮਾਮਲਾ ਦਰਜ

## ਸ਼੍ਰੋਮਣੀ ਕਮੇਟੀ ਨੇ ਬੇਅਦਬੀ ਘਟਨਾ ਦੀ ਰਿਪੋਰਟ ਜਥੇਦਾਰ ਰਘਬੀਰ ਸਿੰਘ ਨੂੰ ਭੇਜੀ

ਬੀਤੇ ਦਿਨੀਂ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬੰਡਾਲਾ ਦੇ ਗੁਰਦੁਆਰਾ ਬਾਬਾ ਬੀਰ ਸਿੰਘ ਵਿਖੇ ਕਥਿਤ ਬੇਅਦਬੀ ਦੀ ਘਟਨਾ ਤੋਂ ਬਾਅਦ ਦੋਸ਼ੀ 19 ਸਾਲਾ ਬਖਸ਼ੀਸ਼ ਸਿੰਘ ਦੀ ਕਥਿਤ ਤੌਰ 'ਤੇ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੇ ਜਾਣ ਮਗਰੋਂ ਮੌਤ ਹੋ ਗਈ।

ਬੇਅਦਬੀ ਦੇ ਮਾਮਲੇ ਵਿੱਚ ਪੁਲਿਸ ਨੇ ਕਥਿਤ ਦੋਸ਼ੀ ਬਖਸ਼ੀਸ਼ ਸਿੰਘ ਉੱਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਇਲਜ਼ਾਮਾਂ ਤਹਿਤ ਪਰਚਾ ਦਰਜ ਕੀਤਾ ਸੀ। ਇਸ ਘਟਨਾ ਵਿਚ ਮਾਰੇ ਗਏ ਬਖਸ਼ੀਸ਼ ਦੇ ਕਤਲ ਦੇ ਦੋਸ਼ ਵਿਚ ਫਿਰੋਜ਼ਪੁਰ ਪੁਲਸ ਨੇ ਉਸ ਦੇ ਪਿਤਾ ਲਖਵਿੰਦਰ ਵਲੋਂ ਦਿੱਤੇ ਬਿਆਨਾਂ ਦੇ ਆਧਾਰ 'ਤੇ ਕੁਝ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਪੁਲਿਸ ਨੇ ਜਰਨੈਲ ਸਿੰਘ ਨੇ ਨਾਮ ਦੇ ਵਿਅਕਤੀ ਨੂੰ ਕਾਬੂ ਕੀਤਾ ਹੈ। ਪੁਲਿਸ ਨੇ ਮੁਲਜ਼ਮ 'ਤੇ ਕਤਲ ਦਾ ਪਰਚਾ ਦਰਜ ਕੀਤਾ ਹੈ। ਮੁਲਜ਼ਮ ਨੇ ਬੇਅਦਬੀ ਕਰਨ ਵਾਲੇ 'ਤੇ ਤਲਵਾਰ ਨਾਲ ਹਮਲਾ ਕੀਤਾ ਸੀ ਅਤੇ ਮੁਲਜ਼ਮ ਖ਼ਿਲਾਫ਼ ਪਹਿਲਾ ਵੀ ਕਤਲ



ਦਾ ਪਰਚਾ ਦਰਜ ਹੈ।ਇਸ ਘਟਨਾ ਦਾ ਲਾਈਵ ਵੀਡੀਓ ਸਾਹਮਣੇ ਆਇਆ ਸੀ, ਜਿਸ ਵਿਚ ਕੁਝ ਲੋਕ ਮੁਲਜ਼ਮ 'ਤੇ ਹਮਲਾ ਕਰਦੇ ਨਜ਼ਰ ਆ ਰਹੇ ਹਨ। ਪਹਿਲਾਂ ਕਈ ਲੋਕਾਂ ਨੇ ਮੁਲਜ਼ਮ ਦੀ ਕੁੱਟਮਾਰ ਕੀਤੀ ਅਤੇ ਉਸ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਇਸ ਤੋਂ ਬਾਅਦ ਦੋ ਅਤੇ ਫਿਰ ਇਕ ਵਿਅਕਤੀ ਨੇ ਮੁਲਜ਼ਮ 'ਤੇ ਤਲਵਾਰ ਨਾਲ ਹਮਲਾ ਕੀਤਾ।

ਸਿਵਲ ਹਸਪਤਾਲ ਫਿਰੋਜ਼ਪੁਰ ਵਿਚ ਮ੍ਰਿਤਕ ਬਖਸ਼ੀਸ਼ ਦੇ ਪਿਤਾ ਲਖਵਿੰਦਰ ਤੇ ਮਾਂ ਨੇ ਦੱਸਿਆ ਕਿ ਉਨ੍ਹਾਂ ਦਾ ਇਕਲੌਤਾ ਮੁੰਡਾ ਮਾਨਸਿਕ ਤੌਰ 'ਤੇ ਬੀਮਾਰ ਸੀ ਤੇ ਉਸ ਦਾ ਪਿਛਲੇ 2 ਸਾਲਾਂ ਤੋਂ ਫਰੀਦਕੋਟ ਦੇ ਹਸਪਤਾਲ ਵਿਚ ਇਲਾਜ ਚੱਲ ਰਿਹਾ ਸੀ। ਦੋਸ਼ੀ ਦੇ ਪਿਤਾ ਲਖਵਿੰਦਰ ਨੇ ਦੱਸਿਆ ਕਿ ਜਿਵੇਂ ਹੀ ਉਸ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਤੁਰੰਤ ਬਖਸ਼ੀਸ਼ ਦੇ ਇਲਾਜ ਵਾਲੀਆਂ ਪਰਚੀਆਂ ਲੈ ਕੇ ਉਥੇ ਗਿਆ ਤੇ ਉਸ ਨੇ ਭੀੜ ਵਿਚ ਮੌਜੂਦ ਸਾਰੇ ਲੋਕਾਂ ਨੂੰ ਪਰਚੀਆਂ ਦਿਖਾ ਕੇ ਉਨ੍ਹਾਂ ਦੀਆਂ ਮਿੰਨਤਾਂ ਕੀਤੀਆਂ ਪਰ ਕਿਸੇ ਨੇ ਉਸ ਦੀ ਗੱਲ ਨਹੀਂ ਸੁਣੀ ਤੇ ਉਸ ਦੇ ਸਾਹਮਣੇ ਉਸ ਦੇ ਪੁੱਤਰ ਨੂੰ ਬੇਰਹਿਮੀ ਨਾਲ ਤਲਵਾਰਾਂ ਨਾਲ ਵੱਢ ਦਿੱਤਾ।ਉਨ੍ਹਾਂ ਨੇ ਕਿਹਾ ਕਿ ਜੇਕਰ ਉਨ੍ਹਾਂ ਦੇ ਪੁੱਤਰ ਨੇ ਗੁਨਾਹ ਕੀਤਾ ਸੀ ਤਾਂ ਉਸ ਨੂੰ ਪੁਲਿਸ ਨੂੰ ਫੜਾ ਦੇਣਾ ਚਾਹੀਦਾ ਸੀ।

ਦੂਜੇ ਪਾਸੇ ਸਿਖ ਸੰਗਤਾਂ ਦਾ ਕਹਿਣਾ ਹੈ ਕਿ ਪਾਗਲਾਂ ਤੇ ਮਾਨਸਿਕ ਰੋਗੀਆਂ ਨੂੰ ਗੁਰੂ ਦੀ ਬੇਅਦਬੀ ਕਿਉਂ ਸੁੱਝਦੀ ਹੈ ? ਪੁਲੀਸ ਨੂੰ ਦੋਸ਼ੀ ਦੇ ਘਰਦਿਆਂ ਦੀ ਵੀ ਜਾਂਚ ਕਰਨੀ ਚਾਹੀਦੀ ਹੈ ਕਿ ਇਸ ਪਿਛੇ ਇਸ ਦੇ ਘਰਦਿਆਂ ਦਾ ਹੱਥ ਤਾਂ ਨਹੀਂ। ਪਿੰਡ ਵਾਸੀਆਂ ਨੇ ਦਾਅਵਾ ਕੀਤਾ ਕਿ ਜਦੋਂ ਉਨ੍ਹਾਂ ਨੇ ਨੌਜਵਾਨ ਨੂੰ ਪੁਲਿਸ ਹਵਾਲੇ ਕੀਤਾ ਤਾਂ ਉਹ ਜ਼ਿੰਦਾ ਸੀ। ਸਾਨੂੰ ਨਹੀਂ ਪਤਾ ਕਿ ਬਾਅਦ ਵਿਚ ਉਸ ਨਾਲ ਕੀ ਹੋਇਆ।

ਫ਼ਿਰੋਜ਼ਪੁਰ ਦੇ ਡੀਐੱਸਪੀ ਸੁਖਵਿੰਦਰ ਸਿੰਘ ਮੁਤਾਬਕ ਅਸੀਂ ਬੇਅਦਬੀ ਦੇ ਮੁਲਜ਼ਮ ਖ਼ਿਲਾਫ਼ ਐਫਆਈਆਰ ਦਰਜ ਕਰ ਲਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਬਖਸ਼ੀਸ਼ ਦੀ ਹਸਪਤਾਲ ਵਿੱਚ ਮੌਤ ਹੋਈ ਸੀ।

### ਬੇਅਦਬੀ ਦੇ ਖ਼ਿਲਾਫ਼ ਸਖ਼ਤ ਕਾਨੂੰਨ ਨੂੰ ਕੇਂਦਰ ਨੇ ਨਹੀਂ ਦਿੱਤੀ ਮਨਜ਼ੂਰੀ

ਬੇਅਦਬੀ ਦੇ ਖ਼ਿਲਾਫ਼ ਸਖ਼ਤ ਕਾਨੂੰਨ ਦੇ ਲਈ ਤਤਕਾਲੀ ਬਾਦਲ ਸਰਕਾਰ ਨੇ ਆਈ.ਪੀ.ਸੀ. ਵਿੱਚ ਬਦਲਾਅ ਕਰਕੇ ਉਮਰ ਕੈਦ ਦੀ ਸਜ਼ਾ ਰੱਖੀ ਸੀ ਪਰ ਕੇਂਦਰ ਸਰਕਾਰ ਨੇ ਇਸ ਨੂੰ ਮਨਜ਼ੂਰ ਨਹੀਂ ਕੀਤੀ, ਕਿਉਂਕਿ ਬੇਅਦਬੀ ਦੇ ਕਾਨੂੰਨ ਵਿੱਚ ਸਿਰਫ਼ ਸਿੱਖ ਧਰਮ ਦਾ ਹੀ ਜ਼ਿਕਰ ਸੀ। ਇਸ ਤੋਂ ਬਾਅਦ ਤਤਕਾਲੀ ਕੈਪਟਨ ਸਰਕਾਰ ਨੇ ਇਸ ਵਿੱਚ ਸਾਰੇ ਧਰਮਾਂ ਨੂੰ ਸ਼ਾਮਲ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਪਰ ਹੁਣ ਤੱਕ ਇਸ ਨੂੰ ਮੋਦੀ ਸਰਕਾਰ ਨੇ ਮਨਜ਼ੂਰੀ ਨਹੀਂ ਦਿੱਤੀ ਹੈ। ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਇਸ ਨੂੰ ਪਾਸ ਕਰਨ ਦੀ ਮੰਗ ਕਰ ਚੁੱਕੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਦੇ ਪ੍ਰਧਾਨ ਲਖਵੀਰ ਸਿੰਘ ਮਹਾਲਮ ਤੇ ਉਨ੍ਹਾਂ ਦੇ ਸਾਥੀਆਂ ਨੇ ਕਿਹਾ ਕਿ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਰਕਾਰ ਤੇ ਪੁਲਿਸ ਵਲੋਂ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਜਾ ਰਹੀ, (ਬਾਕੀ ਸਫ਼ਾ 30 'ਤੇ)

# ਅਨੋਖਾ ਮਾਮਲਾ: 'ਮੁਰਦੇ' ਦੀ ਗ੍ਰਿਫ਼ਤਾਰੀ 'ਤੇ ਤਿੰਨ ਮਹੀਨੇ ਤੱਕ ਲੱਗੀ ਰਹੀ ਰੋਕ

## ਇੱਕ ਮਹੀਨਾ ਪਹਿਲਾਂ ਮਰੇ ਮੁਲਜ਼ਮ ਨੂੰ ਵਕੀਲ ਨੇ ਦਿਵਾ ਦਿੱਤੀ ਅੰਤ੍ਰਿਮ ਜ਼ਮਾਨਤ

ਚੰਡੀਗੜ੍ਹ/ਏ.ਟੀ.ਨਿਊਜ਼ : ਇੱਕ ਵਕੀਲ ਦੀ ਗ਼ਲਤੀ ਕਾਰਨ ਮ੍ਰਿਤ ਵਿਅਕਤੀ ਤਿੰਨ ਮਹੀਨੇ ਦੀ ਅੰਤ੍ਰਿਮ ਜ਼ਮਾਨਤ 'ਤੇ ਚੱਲਦਾ ਰਿਹਾ। ਮਾਮਲੇ ਦਾ ਖ਼ੁਲਾਸਾ ਸਰਕਾਰੀ ਵਕੀਲ ਵੱਲੋਂ ਪੇਸ਼ ਮੁਲਜ਼ਮ ਦੇ ਡੈਥ ਸਰਟੀਫਿਕੇਟ ਨਾਲ ਹੋਇਆ। ਫਿਲਹਾਲ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ 'ਚ ਪਟੀਸ਼ਨਰ ਦੇ ਵਕੀਲ ਦੀ ਉਮਰ ਤੇ ਉਸ ਦੇ ਕੈਰੀਅਰ ਨੂੰ ਧਿਆਨ 'ਚ ਰੱਖਦਿਆਂ ਚਿਤਾਵਨੀ ਦੇ ਕੇ ਮਾਫ਼ ਕਰ ਦਿੱਤਾ।

ਜਾਣਕਾਰੀ ਮੁਤਾਬਕ ਜ਼ਿਲ੍ਹਾ ਗੁਰਦਾਸਪੁਰ 'ਚ 10 ਮਾਰਚ 2023 ਨੂੰ ਨਸ਼ਾ ਤਸਕਰੀ ਦਾ ਇੱਕ ਕੇਸ ਦਰਜ ਹੋਇਆ ਸੀ। ਇਸ ਮਾਮਲੇ 'ਚ ਮਨਜੀਤ ਸਿੰਘ ਨਾਂ ਦੇ ਇੱਕ



ਵਿਅਕਤੀ ਨੂੰ ਇਸ ਸਾਲ ਜਨਵਰੀ 'ਚ ਹਾਈ ਕੋਰਟ ਨੇ ਅੰਤ੍ਰਿਮ ਜ਼ਮਾਨਤ ਦਿੰਦੇ ਹੋਏ ਜਾਂਚ 'ਚ ਸ਼ਾਮਲ ਹੋਣ ਦਾ ਆਦੇਸ਼ ਦਿੱਤਾ ਸੀ। ਬੁੱਧਵਾਰ ਨੂੰ ਉਸ ਵਿਅਕਤੀ ਦੀ ਪੇਸ਼ਗੀ ਜ਼ਮਾਨਤ ਸਬੰਧੀ ਪਟੀਸ਼ਨ ਸੁਣਵਾਈ ਲਈ ਪੁੱਜੀ ਸੀ। ਇਸੇ ਦੌਰਾਨ ਦੌਰਾਨ ਸਰਕਾਰੀ ਵਕੀਲ ਨੇ ਕੋਰਟ 'ਚ ਪਟੀਸ਼ਨਰ ਦਾ ਡੈੱਥ ਸਰਟੀਫਿਕੇਟ ਸੌਂਪ ਕੇ ਦੱਸਿਆ ਕਿ ਇਸ ਮੁਤਾਬਕ ਪਟੀਸ਼ਨਰ ਦੀ ਮੌਤ 27 ਦਸੰਬਰ 2023 ਨੂੰ ਹੋ ਗਈ ਹੈ ਤੇ ਉਸ ਦੇ ਵਕੀਲ ਨੇ 24 ਜਨਵਰੀ 2024 ਨੂੰ ਪੇਸ਼ਗੀ ਜ਼ਮਾਨਤ ਦੀ ਪਟੀਸ਼ਨ ਦਾਖ਼ਲ ਕੀਤੀ ਹੈ। ਇਸ ਤੋਂ ਬਾਅਦ ਹਾਈ ਕੋਰਟ ਨੇ ਪਟੀਸ਼ਨਰ ਦੇ ਵਕੀਲ ਨੂੰ ਵੀਰਵਾਰ ਨੂੰ ਪੇਸ਼ ਹੋ ਕੇ ਇਹ ਦੱਸਣ ਦਾ ਆਦੇਸ਼ ਦਿੱਤਾ ਸੀ ਕਿ ਪਟੀਸ਼ਨਰ ਦੀ ਮੌਤ ਦੇ ਇੱਕ ਮਹੀਨੇ ਬਾਅਦ ਕਿਵੇਂ ਮ੍ਰਿਤਕ ਲਈ ਪਟੀਸ਼ਨ ਦਾਖ਼ਲ ਹੋਈ ਤੇ ਪਾਵਰ ਆਫ ਅਟਾਰਨੀ ਕਿਸ ਨੇ ਦਿੱਤੀ ? ਇਸ 'ਤੇ ਵੀਰਵਾਰ ਨੂੰ ਪਟੀਸ਼ਨਰ ਦੇ ਵਕੀਲ ਨੇ ਪੇਸ਼ ਹੋ ਕੇ ਇਸ ਲਈ ਮਾਫ਼ੀ ਮੰਗੀ ਤੇ ਕਿਹਾ ਕਿ ਉਸਨੂੰ ਗੁਮਰਾਹ ਕੀਤਾ ਗਿਆ ਸੀ। ਇਸ 'ਤੇ ਕੋਰਟ ਨੇ ਕਿਹਾ ਕਿ ਤੁਸੀਂ ਨੌਜਵਾਨ ਵਕੀਲ ਹੋ ਪਰ ਜੋ ਤੁਸੀਂ ਕੀਤਾ ਹੈ, ਉਹ ਧੋਖਾਧੜੀ ਹੈ। ਅਸੀਂ ਨੌਜਵਾਨ ਵਕੀਲ ਦਾ ਕੈਰੀਅਰ ਬਰਬਾਦ ਨਹੀਂ ਕਰਨਾ ਚਾਹੁੰਦੇ, ਇਸ ਲਈ ਤੁਹਾਡੀ ਮਾਫ਼ੀ ਸਵੀਕਾਰ ਕੀਤੀ ਜਾ ਰਹੀ ਹੈ। ਕੋਰਟ ਨੇ ਵਕੀਲ ਨੂੰ ਭਵਿੱਖ 'ਚ ਚੌਕਸ ਰਹਿਣ ਦੀ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਭਵਿੱਖ 'ਚ ਅਜਿਹਾ ਕੋਈ ਭੂਤ ਪਟੀਸ਼ਨਰ ਨਹੀਂ ਚਾਹੁੰਦੇ।

# ਤਾਮਿਲਨਾਡੂ ਦੇ ਦਲਿਤ ਤੋਂ ਸਿੱਖ ਬਣੇ ਜੀਵਨ ਸਿੰਘ ਹੁਸ਼ਿਆਰਪੁਰ ਤੋਂ ਲੜਨਗੇ ਚੋਣ

ਹੁਸ਼ਿਆਰਪੁਰ/ਏ.ਟੀ.ਨਿਊਜ਼ : ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਵੱਖੋਂ- ਵੱਖ ਸਿਆਸੀ ਪਾਰਟੀਆਂ ਆਪਣੇ ਉਮੀਦਵਾਰਾਂ ਨੂੰ ਚੋਣਾਂ ਜਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਇਸੇ ਦੌਰਾਨ ਬਹੁਜਨ ਦ੍ਰਿਵੜ ਪਾਰਟੀ (ਬੀਡੀਪੀ) ਦੇ ਮੁਖੀ ਤਮਿਲ ਮੂਲ ਦੇ ਸਿੱਖ ਜੀਵਨ ਸਿੰਘ ਮੱਲਾ ਨੇ ਐਲਾਨ ਕੀਤਾ ਹੈ ਕਿ ਉਹ ਪੰਜਾਬ ਦੇ ਹੁਸ਼ਿਆਰਪੁਰ ਰਾਖਵੇਂ ਹਲਕੇ ਤੋਂ ਚੋਣ ਲੜਨਗੇ।ਉਨ੍ਹਾਂ ਨੇ ਪਹਿਲਾਂ ਹੀ ਹੁਸ਼ਿਆਰਪੁਰ ਵਿੱਚ ਮੁੱਖ ਤੌਰ 'ਤੇ ਸਿੱਖ ਕਾਰਕੁਨਾਂ ਨਾਲ



ਛੋਟੀਆਂ-ਛੋਟੀਆਂ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਹਨ ਅਤੇ ਕਿਹਾ ਹੈ ਕਿ ਉਹ ਦਲਿਤ ਕਾਰਕੁਨਾਂ ਦਾ ਸਮਰਥਨ ਹਾਸਲ ਕਰ ਰਹੇ ਹਨ। ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਪਹਿਲੀ ਵਾਰ ਤਾਮਿਲਨਾਡੂ ਵਿੱਚ 7 ਤਾਮਿਲ ਮੂਲ ਦੇ ਸਿੱਖ ਚੋਣ ਮੈਦਾਨ ਵਿੱਚ ਹਨ, ਸਾਰੇ ਉਮੀਦਵਾਰ ਬੀ.ਡੀ.ਪੀ. ਪਾਰਟੀ (ਬਾਕੀ ਸਫ਼ਾ 30 'ਤੇ)

# ਅੰਮ੍ਰਿਤਪਾਲ ਸਿੰਘ ਦੇ ਚੋਣ ਪ੍ਰਚਾਰ ਮੁਹਿੰਮ ’ਚ ਵਧੀਆ ਮੁਸ਼ਕਿਲਾਂ

## ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਲਈ ਬਣੇ ਵੱਟਸਐਪ ਗਰੁੱਪ ਹੋਏ ਬਲਾਕ

## ਚੋਣ ਕਮਿਸ਼ਨ ਇਨਸਾਫ਼ ਕਰੇ, ਨਿਰਪੱਖ ਭੂਮਿਕਾ ਨਿਭਾਵੇ: ਬੀਬੀ ਖਾਲੜਾ

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜਨ ਦੇ ਐਲਾਨ ਤੋਂ ਬਾਅਦ ਇਹ ਸੀਟ ਪੰਜਾਬ ਹੀ ਨਹੀਂ, ਪੂਰੇ ਭਾਰਤ ਵਿੱਚ ‘ਹਾਟ ਸੀਟ’ ਬਣ ਗਈ ਹੈ। ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿੱਚ ਰਹਿੰਦੇ ਖ਼ਾਸ ਕਰਕੇ ਪੰਜਾਬੀਆਂ ਦੀ ਨਜ਼ਰਾਂ ਖਡੂਰ ਸਾਹਿਬ ਸੀਟ ’ਤੇ ਟਿਕ ਗਈਆਂ ਹਨ। ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਕਾਂਗਰਸ ਨੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਆਮ ਆਦਮੀ ਪਾਰਟੀ ਨੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਭਾਜਪਾ ਨੇ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ, ਜਦਕਿ ਸ਼੍ਰੋਮਣੀ ਅਕਾਲੀ ਦਲ (ਮਾਨ) ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਆਪਣੇ ਐਲਾਨੇ ਉਮੀਦਵਾਰ ਹਰਪਾਲ ਸਿੰਘ ਬਲ੍ਹੇਰ ਨੂੰ ਬਿਠਾ ਕੇ ਉਨ੍ਹਾਂ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ ਹੈ । ਮੀਡੀਆ ਅਦਾਰੇ ਤੇ ਸਿਆਸੀ ਮਾਹਿਰ ਆਖ ਰਹੇ ਹਨ ਕਿ ਭਾਈ ਅੰਮ੍ਰਿਤਪਾਲ ਸਿੰਘ ਕਾਰਨ ਪੰਜਾਬ ਦਾ ਚੋਣ ਦ੍ਰਿਸ਼ ਬਦਲ ਗਿਆ ਹੈ। ਇਸ ਨਾਲ ਸਭ ਸਿਆਸੀ ਪਾਰਟੀਆਂ ਖਾਸ ਕਰਕੇ ਅਕਾਲੀ ਦਲ ਨੂੰ ਵੱਡਾ ਸਿਆਸੀ ਨੁਕਸਾਨ ਹੋ ਸਕਦਾ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ‘ਵਾਰਿਸ ਪੰਜਾਬ ਦੇ’ ਜਥੇਬੰਦੀ ਤੇ ਭਾਈ ਅੰਮ੍ਰਿਤਪਾਲ ਸਿੰਘ ਦਾ ਪਰਿਵਾਰ ਹਾਲਾਂਕਿ ਨਸ਼ਾ ਵਿਰੋਧੀ, ਜਾਬਰ ਕਾਨੂੰਨਾਂ , ਮਨੁੱਖੀ ਅਧਿਕਾਰਾਂ ਅਤੇ ਅੰਮ੍ਰਿਤ ਪ੍ਰਚਾਰ ਮੁਹਿੰਮ ਦਾ ਹੀ ਜ਼ਿਕਰ ਕਰ ਰਹੇ ਹਨ, ਲੇਕਿਨ ਭਾਜਪਾ ਸਮੇਤ ਕੁਝ ਸਿਆਸੀ ਧਿਰਾਂ



ਇਸ ਘਟਨਾਕ੍ਰਮ ਨੂੰ ਲੈ ਕੇ ਵੋਟਰਾਂ ਵਿੱਚ ਡਰ ਤੇ ਸਹਿਮ ਦਾ ਮਾਹੌਲ ਦੁਬਾਰਾ ਪੈਦਾ ਕਰਨ ਦੀ ਕੋਸ਼ਿਸ਼ ਕਰ ਸਕਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਇਸ ਦਾ ਸਿਆਸੀ ਲਾਹਾ ਮਿਲ ਸਕੇ ।ਬੀਤੇ ਸਮੇਂ ਦੌਰਾਨ ਪੰਜਾਬ ਵਿੱਚ ਸਿੱਖ ਅਵਾਮ ਅਕਾਲੀ ਦਲ ਤੋਂ ਨਿਰਾਸ਼ ਹੋਕੇ ‘ਆਪ’ ਪਾਰਟੀ ਜਾਂ ਕੁਝ ਹੋਰ ਪਾਰਟੀਆਂ ਨੂੰ ਵੋਟ ਵੀ ਪਾਉਂਦਾ ਰਿਹਾ। ਹੁਣ ਸਮਝਿਆ ਜਾ ਰਿਹਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਚੋਣ ਮੈਦਾਨ ਵਿੱਚ ਨਿਤਰਨ ਕਾਰਨ ਪੰਥਕ ਵੋਟਰ ਆਮ ਆਦਮੀ ਪਾਰਟੀ, ਕਾਂਗਰਸ ਨਾਲੋਂ ਟੁੱਟ ਸਕਦਾ ਹੈ।ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵਿਰੁੱਧ ਮੌਜੂਦਾ ਭਗਵੰਤ ਮਾਨ ਸਰਕਾਰ ਵੱਲੋਂ ਦੋ ਸਾਲਾਂ ਦੀ ਨਜ਼ਰਬੰਦੀ ਨੂੰ ਲੈ ਕੇ ਐਨ.ਐਸ.ਏ. ਲਗਾਏ ਜਾਣ ਅਤੇ ਉਨ੍ਹਾਂ ਨੂੰ ਸਥਾਪਤ ਕਾਨੂੰਨਾਂ ਦੇ ਵਿਰੁੱਧ ਸੂਬੇ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਨਜ਼ਰਬੰਦ ਕਰਨ ਦੀ ਤੁਲਨਾ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਨਾਲ ਕੀਤੀ ਜਾ ਰਹੀ ਹੈ ਅਤੇ ਇਹ ਆਉਂਦੇ ਦਿਨਾਂ ਦੌਰਾਨ ਮੁੱਦਾ ਵੀ ਬਣ ਸਕਦਾ ਹੈ । ਇਸ ਕਾਰਨ ਲੋਕਾਂ ਦੀ ਭਾਈ ਅੰਮ੍ਰਿਤਪਾਲ ਸਿੰਘ ਨਾਲ ਹਮਦਰਦੀ ਵੀ ਹੈ। ਚਰਚਾ ਇਹ ਵੀ ਹੈ ਕਿ ‘ਵਾਰਿਸ ਪੰਜਾਬ ਦੇ’ ਜਥੇਬੰਦੀ ਕੁਝ ਹੋਰ ਉਮੀਦਵਾਰ ਨੂੰ ਚੋਣ ਮੈਦਾਨ ਵਿੱਚ ਉਤਾਰ ਸਕਦੀ ਹੈ ।ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਆਪਣੇ ਲੜਕੇ ਦੀ ਚੋਣ ਦੀ ਕਮਾਨ ਸੰਭਾਲੀ ਹੋਈ ਹੈ ਅਤੇ ਖਾੜਕੂਵਾਦ ਦੌਰਾਨ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਅਤੇ ਮਨੁੱਖੀ ਅਧਿਕਾਰਾਂ ਲਈ ਜੂਝਣ ਵਾਲੇ ਸ਼ਹੀਦ ਹੋਏ ਭਾਈ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਵੀ ਇਸ ਚੋਣ ਦੀ ਕਮਾਨ ਸੰਭਾਲ ਲਈ ਹੈ । ਭਾਵੇਂ ਭਾਈ ਅੰਮ੍ਰਿਤਪਾਲ ਸਿੰਘ ਦੀ ਚੋਣ ਪ੍ਰਚਾਰ ਬਹੁਤ ਹੀ ਤੇਜ਼ ਤਰਾਰ ਤਰੀਕੇ ਨਾਲ ਸ਼ੁਰੂ ਹੋਈ ਹੈ, ਪਰ ਹੁਣ ਇਹ ਵੀ ਦੇਖਣਾ ਹੋਵੇਗਾ ਕਿ ਚੋਣ ਕਮਿਸ਼ਨ ਉਨ੍ਹਾਂ ਦੀ ਨਾਮਜ਼ਦਗੀ ਸਵੀਕਾਰ ਕਰਦਾ ਹੈ ਜਾਂ ਉਸ ਨੂੰ ਰੱਦ ਕਰ ਦਿੰਦਾ ਹੈ। ਇਸ ਉੱਪਰ ਵੀ ਸਾਰੀਆਂ ਪਾਰਟੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਇਥੋਂ ਤੱਕ ਕਿ ਅਕਾਲੀ ਦਲ ਦੇ ਕੁਝ ਵੱਡੇ ਆਗੂ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪੰਥਕ ਹਿੱਤਾਂ ਲਈ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦਾ ਸਾਥ ਦੇਣ ਬਾਰੇ ਕਹਿ ਰਹੇ ਹਨ। ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਨੇ ਵੀ ਭਾਈ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਰ ਦਿਤੀ ਹੈ। ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਭਾਈ ਅੰਮ੍ਰਿਤਪਾਲ ਸਿੰਘ ਦੇ ਚੋਣ ਲੜਨ ਦੇ ਫੈਸਲੇ ਦੀ ਹਮਾਇਤ ਕੀਤੀ ਹੈ। ਅੰਮ੍ਰਿਤਪਾਲ ਸਿੰਘ ਵੱਲੋਂ ਚੋਣ ਲੜਨ ਸਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਨੇ ਆਖਿਆ ਕਿ ਭਾਰਤ ਦੇ ਸੰਵਿਧਾਨ ਮੁਤਾਬਕ ਹਰ ਇੱਕ ਵਿਅਕਤੀ ਨੂੰ ਚੋਣ ਲੜਨ ਦਾ ਹੱਕ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਖਡੂਰ ਸਾਹਿਬ ਤੋਂ ਉਮੀਦਵਾਰ ਬਣਨ ਕਾਰਨ ਕਾਂਗਰਸ ਦੇ ਰਾਣਾ ਗੁਰਜੀਤ ਸਿੰਘ ਤੇ ਅਕਾਲੀ ਦਲ ਦੇ ਮਾਝਾ ਜਰਨੈਲ ਬਿਕਰਮਜੀਤ ਸਿੰਘ ਮਜੀਠੀਆ ਨੇ ਖਡੂਰ ਸਾਹਿਬ ਤੋਂ ਚੋਣ ਲੜਨ ਦਾ ਵਿਚਾਰ ਛਡ ਦਿੱਤਾ ਸੀ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ 2019 ਲੋਕ ਸਭਾ ਚੋਣ ਦੌਰਾਨ ਖਡੂਰ ਸਾਹਿਬ ਹਲਕੇ ਤੋਂ ਪੰਜਾਬ ਏਕਤਾ ਪਾਰਟੀ ਦੇ ਉਮੀਦਵਾਰ ਬੀਬੀ ਪਰਮਜੀਤ ਕੌਰ ਖਾਲੜਾ ਨੂੰ 214489 ਵੋਟਾਂ ਮਿਲੀਆਂ। ਬੀਬੀ ਖਾਲੜਾ ਦੀ ਵੋਟ ਹੁਣ ਭਾਈ ਅੰਮ੍ਰਿਤ ਪਾਲ ਸਿੰਘ ਦੇ ਹੱਕ ਵਿੱਚ ਭੁਗਤ ਸਕਦੀ ਹੈ।

**ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਵੱਲੋਂ ਸਰਕਾਰ ਉੱਪਰ ਦੋਸ਼**

ਖਡੂਰ ਸਾਹਿਬ ਸੀਟ ਤੋਂ ਚੋਣ ਲੜ ਰਹੇ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਹੁਣੇ ਜਿਹੇ ਇਲਜ਼ਾਮ ਲਾਇਆ ਕਿ ਕੇਂਦਰ ਅਤੇ ਸੂਬਾ ਸਰਕਾਰ ਉਨ੍ਹਾਂ ਦੀ ਚੋਣ ਮੁਹਿੰਮ ਵਿੱਚ ਰੁਕਾਵਟਾਂ ਖੜ੍ਹੀਆਂ ਕਰ ਰਹੀ ਹੈ। ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ ਖਡੂਰ ਸਾਹਿਬ ਦੇ ਨੌਂ ਹਿੱਸਿਆਂ ਵਾਲੇ ਵਟਸਐਪ ਗਰੁੱਪਾਂ ਨੂੰ ਪ੍ਰਚਾਰ ਲਈ ਬਲਾਕ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਅਕਾਊਂਟ ਨੂੰ ਬਲਾਕ ਕਰਨ ਤੋਂ ਇਲਾਵਾ ਅਧਿਕਾਰੀ ਅੰਮ੍ਰਿਤਪਾਲ ਦੀ ਨਾਮਜ਼ਦਗੀ ਭਰਨ ਵਿੱਚ ਵੀ ਮੁਸ਼ਕਿਲਾਂ ਪੈਦਾ ਕਰ ਸਕਦੇ ਹਨ। ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਚੋਣ ਕਮਿਸ਼ਨ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ।

ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਦੀ ਇੰਚਾਰਜ਼ ਪਰਮਜੀਤ ਕੌਰ ਖਾਲੜਾ ਨੇ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਾਰਨ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਦੇ ਦੋ ਪੇਜ ਵੀ ਬਲਾਕ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਾਡਾ ‘ਐਕਸ’ ਖਾਤਾ ਰੋਕ ਲਿਆ ਗਿਆ ਹੈ। ਇੱਥੋਂ ਤੱਕ ਕਿ ਫੇਸਬੁੱਕ ਪੇਜ ਨੂੰ ‘ਰੀਡਾਇਰੈਕਟ’ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਣ ਲਈ ਅਜਿਹੇ ਹੱਥਕੰਡੇ ਅਪਣਾਏ ਜਾ ਰਹੇ ਹਨ। ਇਹ ਜਮਹੂਰੀਅਤ ਦੀ ਨਿਸ਼ਾਨੀ ਨਹੀਂ,ਹਿਟਲਰਸ਼ਾਹੀ ਹੈ। ਇਸ ਦੇ ਨਤੀਜੇ ਸਹੀ ਨਹੀਂ ਨਿਕਲਣਗੇ। ਚੋਣ ਕਮਿਸ਼ਨ ਇਸ ਬਾਰੇ ਸੰਵਿਧਾਨਕ ਪਹੁੰਚ ਅਪਨਾਵੇ।

## ਅੰਮ੍ਰਿਤਪਾਲ ਸਿੰਘ ਵੱਲੋਂ ਖਡੂਰ ਸਾਹਿਬ ਤੋਂ ਚੋਣ ਲੜਨ ਬਾਰੇ ਕੀ ਕਹਿੰਦੈ ਕਾਨੂੰਨ ?



ਹੁਣ ਸੁਆਲ ਇਹ ਉਠ ਰਿਹਾ ਹੈ ਕਿ ਕੀ ਕਾਨੂੰਨ ਅਨੁਸਾਰ ਭਾਈ ਅੰਮ੍ਰਿਤਪਾਲ ਸਿੰਘ ਚੋਣ ਲੜ ਸਕਣਗੇ ? ਲੋਕ ਪ੍ਰਤੀਨਿਧਤਾ ਐਕਟ, 1951 ਕਿਸੇ ਅਪਰਾਧ ਲਈ ਦੋਸ਼ੀ ਠਹਿਰਾਏ ਗਏ ਅਤੇ ਦੋ ਸਾਲ ਜਾਂ ਇਸ ਤੋਂ ਵੱਧ ਦੀ ਕੈਦ ਦੀ ਸਜ਼ਾ ਕੱਟ ਰਹੇ ਵਿਅਕਤੀਆਂ ਨੂੰ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੀ ਮੈਂਬਰਸ਼ਿਪ ਤੋਂ ਦੇ ਅਯੋਗ ਕਰਾਰ ਦਿੰਦਾ ਹੈ।ਐਕਟ ਦੀ ਧਾਰਾ 8 (3) ਕਹਿੰਦੀ ਹੈ: ਕਿਸੇ ਵਿਅਕਤੀ ਨੂੰ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਉਸ ਨੂੰ ਦੋ ਸਾਲ ਤੋਂ ਵੱਧ ਦੀ ਕੈਦ ਦੀ ਸਜ਼ਾ ਦਿੱਤੀ ਗਈ ਹੈ। ਉਸ ਨੂੰ ਦੋਸ਼ੀ ਠਹਿਰਾਏ ਜਾਣ ਦੀ ਮਿਤੀ ਤੋਂ ਅਯੋਗ ਠਹਿਰਾਇਆ ਜਾਵੇਗਾ ਅਤੇ ਉਸ ਦੀ ਰਿਹਾਈ ਤੋਂ ਬਾਅਦ ਛੇ ਸਾਲਾਂ ਦੀ ਹੋਰ ਮਿਆਦ ਲਈ ਅਯੋਗ ਠਹਿਰਾਇਆ ਜਾਵੇਗਾ ਪਰ ਇਹ ਐਕਟ ਅੰਡਰ ਟਰਾਇਲਾਂ ਨੂੰ ਚੋਣ ਲੜਨ ਤੋਂ ਨਹੀਂ ਰੋਕਦਾ। ਅੰਮ੍ਰਿਤਪਾਲ ਸਿੰਘ ਨੂੰ ਅਜੇ ਤੱਕ ਦੋਸ਼ੀ ਨਹੀਂ ਠਹਿਰਾਇਆ ਗਿਆ। ਇਸ ਲਈ ਉਹ ਲੋਕ ਸਭਾ ਚੋਣਾਂ ਲੜ ਸਕਦੇ ਹਨ ।ਨਿਯਮਾਂ ਮੁਤਾਬਕ, ਨਾਮਜ਼ਦਗੀ ਦਾਖ਼ਲ ਕਰਨ ਲਈ, ਉਮੀਦਵਾਰ ਜਾਂ ਪ੍ਰਸਤਾਵਕ, ਜੋ ਕਿ ਸਬੰਧਿਤ ਹਲਕੇ ਦਾ ਵੋਟਰ ਹੈ, ਨੂੰ ਪੂਰੇ ਨਾਮਜ਼ਦਗੀ ਫਾਰਮ ਦੇ ਨਾਲ ਰਿਟਰਨਿੰਗ ਅਫਸਰ (ਆਰ.ਓ.) ਦੇ ਸਾਹਮਣੇ ਵਿਅਕਤੀਗਤ ਤੌਰ ’ਤੇ ਹਾਜ਼ਰ ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਹੈ ਕਿ ਅੰਮ੍ਰਿਤਪਾਲ ਸਿੰਘ ਦਾ ਨਾਮਜ਼ਦਗੀ ਭਰਨ ਲਈ ਹਾਜ਼ਰ ਹੋਣਾ ਲਾਜ਼ਮੀ ਨਹੀਂ ਹੈ।

## ਗੁ. ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਖੁੱਲ੍ਹੇ, ਸਾਲਾਨਾ ਯਾਤਰਾ 25 ਤੋਂ



ਅੰਮ੍ਰਿਤਸਰ/ਏ.ਟੀ.ਨਿਊਜ਼ : ਉੱਤਰਾਖੰਡ ਵਿਖੇ 15 ਹਜ਼ਾਰ ਫੁੱਟ ਦੀ ਉਚਾਈ ’ਤੇ ਸਥਾਪਿਤ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਆਰੰਭਤਾ ਵਾਸਤੇ ਭਾਰਤੀ ਫੌਜ ਦੇ ਜਵਾਨਾਂ ਵੱਲੋਂ ਰਸਤੇ ਤਿਆਰ ਕਰਨ ਦੀ ਸ਼ੁਰੂ ਕੀਤੀ ਸੇਵਾ ਤਹਿਤ ਅਰਦਾਸ ਮਗਰੋਂ ਗੁਰਦੁਆਰੇ ਦੇ ਕਪਾਟ ਖੋਲ੍ਹੇ ਗਏ ਹਨ। ਇਸ ਸਮੇਂ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਆਲੇ ਦੁਆਲੇ 12 ਤੋਂ 15 ਫੁੱਟ ਬਰਫ ਹੈ ਅਤੇ ਸਰੋਵਰ ਜੰਮਿਆ ਹੋਇਆ ਹੈ। ਗੁਰਦੁਆਰਾ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰ ਜੀਤ ਸਿੰਘ ਬਿੰਦਰਾ ਨੇ ਦੱਸਿਆ ਭਾਰਤੀ ਫੌਜ ਦੇ ਜਵਾਨਾਂ ਅਤੇ ਗੁਰਦੁਆਰਾ ਸੇਵਾਦਾਰਾਂ ਦਾ ਦਲ ਬੀਤੇ ਦਿਨੀਂ ਗੁਰਦੁਆਰਾ ਹੇਮਕੁੰਟ ਸਾਹਿਬ ਪੁੱਜ ਗਿਆ, ਜਿਨ੍ਹਾਂ ਨੇ ਗੁਰਦੁਆਰੇ ਦੇ ਗੇਟ ਅੱਗੇ ਬਰਫ ਨੂੰ ਹਟਾਉਣ ਤੋਂ ਬਾਅਦ ਅਰਦਾਸ ਕਰਕੇ ਗੁਰਦੁਆਰੇ ਦੇ ਕਪਾਟ ਖੋਲੇ ਹਨ। 25 ਮਈ ਨੂੰ ਗੁਰਦੁਆਰੇ ਦੇ ਕਪਾਟ ਸੰਗਤ ਵਾਸਤੇ ਖੋਲ੍ਹੇ ਜਾਣਗੇ ਅਤੇ ਇਸ ਨਾਲ ਸਾਲਾਨਾ ਯਾਤਰਾ ਆਰੰਭ ਹੋ ਜਾਵੇਗੀ। ਭਾਰਤੀ ਫੌਜ ਦੇ ਜਵਾਨਾਂ ਨੇ ਭਰੋਸਾ ਦਿੱਤਾ ਹੈ ਕਿ 20 ਮਈ ਤੱਕ ਰਸਤਾ ਤਿਆਰ ਕਰਨ ਦਾ ਕੰਮ ਮੁਕੰਮਲ ਹੋ ਜਾਵੇਗਾ।

ਗੁਰਦੁਆਰੇ ਦੇ ਕਪਾਟ ਖੋਲ੍ਹਣ ਤੋਂ ਬਾਅਦ ਬਰਫ ਹਟਾਉਣ ਦੀ ਸੇਵਾ ਕਰ ਰਹੇ ਦਲ ਵੱਲੋਂ ਪਹਿਲਾਂ ਗੁਰਦੁਆਰੇ ਦੇ ਆਲੇ ਦੁਆਲੇ ਬਰਫ ਨੂੰ ਹਟਾਇਆ ਜਾਵੇਗਾ ਅਤੇ ਫਿਰ ਇਹ ਸੇਵਾ ਦਲ ਦੋ ਹਿੱਸਿਆਂ ਵਿੱਚ ਵੰਡ ਕੇ ਰਸਤੇ ਤਿਆਰ ਕਰਨ ਦੀ ਸੇਵਾ ਕਰੇਗਾ। ਬਰਫ ਹਟਾਉਣ ਅਤੇ ਰਸਤੇ ਤਿਆਰ ਕਰਨ ਦੀ ਸੇਵਾ ਵਿੱਚ ਭਾਰਤੀ ਫੌਜ ਦੇ 35 ਜਵਾਨ ਅਤੇ ਗੁਰਦੁਆਰੇ ਦੇ 15 ਸੇਵਾਦਾਰ ਲੱਗੇ ਹੋਏ ਹਨ, ਜਿਨ੍ਹਾਂ ਇਹ ਸੇਵਾ 22 ਅਪਰੈਲ ਨੂੰ ਸ਼ੁਰੂ ਕੀਤੀ ਸੀ। 22 ਮਈ ਨੂੰ ਗੁਰਦੁਆਰਾ ਰਿਸ਼ੀਕੇਸ਼ ਤੋਂ ਸਿੱਖ ਸੰਗਤ ਦਾ ਪਹਿਲਾ ਜੱਥਾ ਗੁਰਦੁਆਰਾ ਹੇਮਕੁੰਟ ਦੀ ਸਾਲਾਨਾ ਯਾਤਰਾ ਲਈ ਰਵਾਨਾ ਹੋਵੇਗਾ ਅਤੇ 25 ਮਈ ਨੂੰ ਗੁਰਦੁਆਰੇ ਦੇ ਕਪਾਟ ਸੰਗਤ ਵਾਸਤੇ ਖੋਲ੍ਹੇ ਜਾਣਗੇ।

## ਬਾਬਾ ਬੇਦੀ ਵੱਲੋਂ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਤੇ ਅਨੰਦਪੁਰ ਤੋਂ ਜਸਬੀਰ ਸਿੰਘ ਗੜ੍ਹੀ ਦੀ ਹਮਾਇਤ

### ਪੰਥ ਦੀ ਇਕੋ ਜਥੇਬੰਦੀ ਉਸਾਰਨ ਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਵਲ ਵਧਣ ਪੰਥਕ ਧੜੇ:ਬਾਬਾ ਬੇਦੀ



ਊਨਾ/ਏ.ਟੀ.ਨਿਊਜ਼ : ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਗੁਰੂ ਨਾਨਕ ਵੰਸ਼ਜ ਪੀੜ੍ਹੀ ਸਤਾਰਵੀਂ ਨੇ ਲੋਕ ਸਭਾ ਚੋਣਾਂ ਦੌਰਾਨ ਖਡੂਰ ਸਾਹਿਬ ਤੋਂ ਪੰਥਕ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਤੇ ਅਨੰਦਪੁਰ ਸਾਹਿਬ ਤੋਂ ਬਸਪਾ ਉਮੀਦਵਾਰ ਜਸਬੀਰ ਸਿੰਘ ਗੜ੍ਹੀ ਨੂੰ ਹਮਾਇਤ ਦਿੰਦਿਆਂ ਕਿਹਾ ਕਿ ਪੰਥ ਨੂੰ ਪੰਜਾਬ ਵਿਚੋਂ ਉਹੋ ਉਮੀਦਵਾਰ ਜਿਤਾਉਣੇ ਚਾਹੀਦੇ ਹਨ ਜੋ ਪੰਥ ਤੇ ਪੰਜਾਬ ਦਾ ਭਲਾ ਕਰ ਸਕਣ ਤੇ ਗੁਰਮਤਿ ਅਨੁਸਾਰ ਫਿਰਕਾਪ੍ਰਸਤੀ ਤੇ ਨਸਲਵਾਦ ਦੇ ਵਿਰੁੱਧ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਦੀ ਰਾਜਨੀਤੀ ਉਸਾਰ ਸਕਣ ਜਿਸ ਨਾਲ ਦਲਿਤਾਂ ਤੇ ਕਿਰਤੀਆਂ ਦਾ ਭਲਾ ਹੋਵੇ। ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਅਨੰਦਪੁਰ ਤੋਂ ਭਾਈ ਜਸਬੀਰ ਸਿੰਘ ਗੜ੍ਹੀ ਯੋਗ ਉਮੀਦਵਾਰ ਹਨ ਜੋ ਪੰਥ ਤੇ ਪੰਜਾਬ ਤੇ ਬਹੁਜਨ, ਕਿਸਾਨੀ ਮਸਲਿਆਂ ਉੱਪਰ ਆਵਾਜ਼ ਬੁਲੰਦ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣ ਲੜ ਰਹੇ ਪੰਥਕ ਧੜਿਆਂ ਨੂੰ ਗਾਲੀ ਗਲੋਚ ਤੇ ਘਟੀਆ ਇਲਜ਼ਾਮਬਾਜੀ ਦੇ ਚੱਕਰਵਿਊ ਤੋਂ ਬਚਕੇ ਆਪਣੀ ਸਿੱਖ ਸਿਧਾਂਤਕ ਵਿਚਾਰਧਾਰਕ ਸੁੱਚਮ ਰੱਖਣਾ, ਵੋਟਾਂ ਲੈਣ ਨਾਲੋਂ ਆਪਣਾ ਕਿਰਦਾਰ ਕਾਇਮ ਰੱਖਣਾ ਤੇ ਮਜਬੂਤ ਗੁਰਮਤਿ ਨਾਲ ਲੈਸ ਜਥੇਬੰਦੀ ਦੀ ਉਸਾਰੀ ਵਲ ਵਧਣਾ ਕਈ ਗੁਣਾ ਜ਼ਿਆਦਾ ਮਹੱਤਤਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਪੰਥਕ ਤੇ ਪੰਜਾਬ, ਕਿਸਾਨੀ ਮਸਲਿਆਂ ਦੇ ਮੁੱਦਿਆਂ ਉੱਪਰ ਆਪਣੀ ਨੀਤੀ ਤੇ ਵਿਚਾਰ ਫੋਕਸ ਕਰਨਾ ਚਾਹੀਦਾ ਹੈ ਜਿਸ ਨਾਲ ਸਮੂਹ ਪੰਜਾਬੀਆਂ ਵਿੱਚ ਪੰਥਕ ਧੜਿਆਂ ਦਾ ਅਕਸ ਤੇ ਵਿਸ਼ਵਾਸ ਕੇਂਦਰੀ ਨਾਇਕ ਵਾਲਾ ਬਣ ਸਕੇ। ਇਸ ਨਾਲ ਅੱਗੇ ਜਾਕੇ ਪੰਥ ਦੀ ਸਿਆਸੀ ਜਥੇਬੰਦੀ ਹੋਂਦ ਵਿੱਚ ਆ ਸਕੇਗੀ। ਸਿੱਖ ਨੌਜਵਾਨ ਇਸ ਸੰਬੰਧ ਵਿਚ ਗੁਰਮਤਿ ਅਨੁਸਾਰ ਜ਼ਿੰਮੇਵਾਰੀ ਨਿਭਾਉਣ ਲਈ ਸਰਗਰਮ ਹੋਣ ਤਾਂ ਹੀ ਪੰਥ ਤੇ ਪੰਜਾਬ ਦੇ ਹਕਾਂ ਦੀ ਰਾਖੀ ਕੀਤੀ ਜਾ ਸਕੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਤੇ ਪੰਥ ਲਈ ਸੰਘਰਸ਼ ਕਰਨ ਵਾਲੀ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਿਵਾਰ ਦੇ ਰੂਪ ਵਿੱਚ ਬਦਲ ਚੁਕੀ ਹੈ ਜੋ ਸੱਤਾ ਦੀ ਭੁਖ ਵਿੱਚ ਪੰਥ, ਪੰਜਾਬ, ਘੱਟਗਿਣਤੀ ਕੌਮਾਂ, ਕਿਸਾਨਾਂ ਦੇ ਅਧਿਕਾਰਾਂ ਦੀ ਰਾਖੀ ਨਹੀਂ ਕਰ ਸਕੀ, ਪਾਣੀਆਂ ਦਾ ਮਸਲਾ, ਰਾਜਧਾਨੀ ਤੇ ਹੋਰ ਮਸਲੇ ਪਿਛਾਂਹ ਸੁੱਟ ਦਿੱਤੇ ਗਏ। ਆਪਣੀ ਸੂਬਾ ਪਛਾਣ ਨੂੰ ਤਿਆਗਕੇ ਅਕਾਲੀ ਦਲ ਬਾਦਲ ਕੇਂਦਰ ਸਰਕਾਰ ਨੇ ਵਿਕੇਂਦਰੀਕਰਨ ਜਿਹੇ ਸੰਵੇਦਨਸ਼ੀਲ ਮੁੱਦਿਆਂ ਤੇ ਉਹਨਾਂ ਦੇ ਭਾਈਵਾਲ ਬਣ ਗਏ। ਉਨ੍ਹਾਂ ਕਿਹਾ ਕਿ ਅੱਜ ਇਸ ਵਿਕੇਂਦਰੀਕਰਨ ਸਦਕਾਂ ਸੂਬਾਂ ਸਰਕਾਰਾਂ ਕੋਲ ਦਿਖਾਵੇ ਦੇ ਹੀ ਅਧਿਕਾਰ ਰਹਿ ਗਏ ਹਨ। ਬਾਬਾ ਬੇਦੀ ਨੇ ਕਿਹਾ ਕਿ ਲੰਮਾ ਸਮਾਂ ਰਾਜ ਸੱਤਾ ਵਿੱਚ ਰਹਿਣ ਸਦਕਾ ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੇ ਰਾਜ ਕਾਲ ਦੌਰਾਨ ਵਾਪਰੀਆਂ ਅਤਿ ਸੰਵੇਦਨਸ਼ੀਲ ਘਟਨਾਵਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਗੋਲੀ ਕਾਂਡ , ਸਿਰਸਾ ਬਾਬੇ ਨਾਲ ਗਠਜੋੜ ਸਦਕਾ ਸਿੱਖ ਕੌਮ ਵਿਚੋਂ ਆਪਣੀ ਪਛਾਣ ਤਕਰੀਬਨ ਗੁਆ ਚੁੱਕਿਆ ਹੈ।

(ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

8 ਮਈ ਤੋਂ 14 ਮਈ 2024

## ਨਸ਼ਿਆਂ ਦੇ ਦੈਂਤ ਨੂੰ ਕਾਬੂ ਕਰਨ ਦੀ ਲੋੜ

ਨਸ਼ਿਆਂ ਨੂੰ ਅੱਤਵਾਦ ਨਾਲੋਂ ਵੱਧ ਖਤਰਨਾਕ ਮੰਨਿਆ ਜਾਂਦਾ ਹੈ। ਨਸ਼ਾ ਇਸ ਸਮੇਂ ਪੰਜਾਬ ਦੀ ਵੱਡੀ ਸਮੱਸਿਆ ਬਣਿਆ ਹੋਇਆ ਹੈ।ਸਮੇਂ ਦੀ ਸਰਕਾਰ ਦੇ ਵੱਡੇ- ਵੱਡੇ ਦਾਅਵਿਆਂ ਦੇ ਬਾਵਜੂਦ ਪੰਜਾਬ ਵਿੱਚ ਨਸ਼ਾ ਅਜੇ ਤਕ ਖਤਮ ਨਹੀਂ ਕੀਤਾ ਜਾ ਸਕਿਆ। ਹਰ ਦਿਨ ਪੰਜਾਬ ਵਿੱਚ ਨਸ਼ੇ ਦੀਆਂ ਫ਼ੜੀਆਂ ਜਾ ਰਹੀਆਂ ਖੇਪਾਂ ਆਪਣੀ ਕਹਾਣੀ ਖੁਦ ਕਹਿ ਰਹੀਆਂ ਹਨ।

ਅਪਰਾਧਾਂ ਦਾ ਰਿਕਾਰਡ ਰੱਖਣ ਵਾਲੇ ਰਾਸ਼ਟਰੀ ਬਿਊਰੋ ਭਾਵ ਐਨ.ਸੀ.ਆਰ.ਬੀ. ਦੇ ਅੰਕੜਿਆਂ ਮੁਤਾਬਕ ਪੰਜਾਬ ’ਚ ਇਕੱਲੇ ਸਾਲ 2022 ਦੌਰਾਨ ਨਸ਼ਿਆਂ ਦੀ ਓਵਰਡੋਜ਼ ਕਾਰਨ 144 ਨੌਜਵਾਨਾਂ ਦੀ ਮੌਤ ਹੋਈ ਸੀ ਜੋ ਸਮੁੱਚੇ ਦੇਸ਼ ’ਚ ਸਭ ਤੋਂ ਵੱਧ ਅੰਕੜਾ ਹੈ।ਇਸ ਤੋਂ ਬਾਅਦ 117 ਤੇ 74 ਮੌਤਾਂ ਨਾਲ ਰਾਜਸਥਾਨ ਤੇ ਮੱਧ ਪ੍ਰਦੇਸ਼ ਕ੍ਰਮਵਾਰ ਦੂਜੇ ਅਤੇ ਤੀਜੇ ਨੰਬਰ ’ਤੇ ਸਨ। ਦੇਸ਼ ’ਚ ਅਜਿਹੀ ਓਵਰਡੋਜ਼ ਨੇ ਉਸ ਵਰ੍ਹੇ 681 ਵਿਅਕਤੀਆਂ ਦੀਆਂ ਜਾਨਾਂ ਲਈਆਂ ਸਨ।ਇਸ ਤੋਂ ਇਹੋ ਜ਼ਾਹਿਰ ਹੁੰਦਾ ਹੈ ਕਿ ਨਸ਼ੇ ਹੁਣ ਭਾਰਤੀ ਸਮਾਜ ਨੂੰ ਬੁਰੀ ਤਰ੍ਹਾਂ ਆਪਣੀ ਲਪੇਟ ’ਚ ਲੈਂਦੇ ਜਾ ਰਹੇ ਹਨ। ਸਾਲ 2022 ’ਚ ਹੀ ਪੰਜਾਬ ’ਚ ਨਸ਼ਿਆਂ ਦੇ 12,442 ਮਾਮਲੇ ਦਰਜ ਹੋਏ ਸਨ। ਉਸੇ ਵਰ੍ਹੇ ਜ਼ਹਿਰੀਲੀ ਜਾਂ ਨਾਜਾਇਜ਼ ਸ਼ਰਾਬ ਪੀ ਕੇ ਪੰਜਾਬ ’ਚ 90 ਜਾਨਾਂ ਵੱਖਰੀਆਂ ਚਲੀਆਂ ਗਈਆਂ ਸਨ।

ਇਸ ਸਮੇਂ ਭਾਰਤ ਵਿੱਚ ਲੋਕ ਸਭਾ ਚੋਣਾਂ ਦਾ ਅਮਲ ਜਾਰੀ ਹੈ, ਜਿਸ ਤਹਿਤ ਪੰਜਾਬ ਵਿੱਚ 1 ਜੂਨ ਨੂੰ ਵੋਟਾਂ ਪਾਈਆਂ ਜਾਣਗੀਆਂ। ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਨਸ਼ੇ ਵੰਡਣ ਵਾਲੇ ਉਮੀਦਵਾਰਾਂ ਅਤੇ ਉਹਨਾਂ ਦੇ ਸਮਰਥਕਾਂ ਤੋਂ ਸੁਚੇਤ ਰਹਿਣ ਅਤੇ ਉਹਨਾਂ ਦਾ ਵਿਰੋਧ ਕਰਨ।ਪੰਜਾਬੀ ਅਜਿਹੇ ਉਮੀਦਵਾਰਾਂ ਨੂੰ ਵੋਟਾਂ ਪਾਉਣ, ਜੋ ਕਿ ਨਸ਼ੇ ਨੂੰ ਬੰਦ ਕਰਵਾਉਣ ਲਈ ਯੋਗ ਕਾਰਵਾਈ ਕਰਨ ਤੇ ਕਰਵਾਉਣ ਦਾ ਹੌਂਸਲਾ ਰੱਖਦੇ ਹੋਣ।

ਇਹ ਤਾਂ ਸਭ ਨੂੰ ਪਤਾ ਹੈ ਕਿ 80 ਦੇ ਦਹਾਕੇ ਵਿੱਚ ਪੰਜਾਬ ਦੇ ਅਨੇਕਾਂ ਲੋਕ ਅਫ਼ੀਮ, ਭੁੱਕੀ ਅਤੇ ਪਿੰਡਾਂ ਵਿੱਚ ਕੱਢੀ ਜਾਂਦੀ ਨਾਜਾਇਜ਼ ਸ਼ਰਾਬ ਦਾ ਨਸ਼ਾ ਹੀ ਕਰਦੇ ਸਨ। ਬਾਅਦ ਵਿੱਚ ਸਮਾਂ ਬਦਲਣ ਨਾਲ ਨਸ਼ੇ ਕਰਨ ਦੇ ਆਦੀ ਲੋਕਾਂ ਨੇ ਅਫ਼ੀਮ, ਭੁੱਕੀ ਦੀ ਥਾਂ ਗਾਂਜਾ, ਚਰਸ, ਭੰਗ ਅਤੇ ਹੈਰੋਈਨ ਆਦਿ ਦਾ ਨਸ਼ਾ ਕਰਨਾ ਆਰੰਭ ਕਰ ਦਿੱਤਾ। ਇਸ ਤੋਂ ਬਾਅਦ ਅਨੇਕਾਂ ਨੌਜਵਾਨ ਸਿੰਥੈਟਿਕ ਡਰਗਜ਼, ਨਸ਼ੀਲੀਆਂ ਗੋਲੀਆਂ, ਕੈਪਸੂਲ, ਸੀਰਪ ਆਦਿ ਲੈਣ ਲੱਗ ਪਏ। ਇਸ ਤੋਂ ਬਾਅਦ ਪੰਜਾਬ ਵਿੱਚ ਚਿੱਟੇ ਦਾ ਕਹਿਰ ਆਰੰਭ ਹੋ ਗਿਆ। ਇਸ ਕਰਕੇ ਇਸ ਸਮੇਂ ਨਸ਼ਾ ਪੰਜਾਬ ਵਿੱਚ ਹਰ ਪਾਸੇ ਫ਼ੈਲਿਆ ਹੋਇਆ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ।

ਅਕਸਰ ਕਿਹਾ ਜਾਂਦਾ ਹੈ ਕਿ ਜੇ ਕਿਸੇ ਕੌਮ ਨੂੰ ਖਤਮ ਕਰਨਾ ਹੋਵੇ ਤਾਂ ਉਸ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਤ ਲਗਾ ਦਿਓ। ਇਹੀ ਕਾਰਨ ਹੈ ਕਿ ਪੰਜਾਬ ਦੀਆਂ ਦੁਸ਼ਮਣ ਤਾਕਤਾਂ ਅਤੇ ਪੰਜਾਬ ਵਿਰੋਧੀ ਸ਼ਕਤੀਆਂ ਵੱਲੋਂ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚ ਫ਼ਸਾਉਣ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੇ ਭੋਲੇ ਭਾਲੇ ਨੌਜਵਾਨ ਨਸ਼ੇ ਦੀ ਦਲਦਲ ਵਿੱਚ ਫ਼ਸਦੇ ਵੀ ਜਾ ਰਹੇ ਹਨ। ਹਰ ਦਿਨ ਅਸੀਂ ਪੰਜਾਬ ਦੇ ਵੱਖ- ਵੱਖ ਇਲਾਕਿਆਂ ਵਿੱਚ ਨਸ਼ੇ ਕਾਰਨ ਜਾਂ ਨਸ਼ੇ ਦੀ ਓਵਰਡੋਜ਼ ਕਾਰਨ ਹੁੰਦੀਆਂ ਮੌਤਾਂ ਦੀਆਂ ਖ਼ਬਰਾਂ ਪੜ੍ਹਦੇ ਸੁਣਦੇ ਹਾਂ। ਜਿਨ੍ਹਾਂ ਤੋਂ ਪੰਜਾਬ ਦੀ ਨੌਜਵਾਨੀ ਬਾਰੇ ਪਤਾ ਚੱਲ ਜਾਂਦਾ ਹੈ ਕਿ ਹੁਣ ਪੰਜਾਬ ਦੀ ਨੌਜਵਾਨੀ ਕਿਹੜੇ ਰਾਹ ਤੁਰ ਪਈ ਹੈ।

ਜੇ ਸਰਕਾਰਾਂ ਦੀ ਗਲ ਕੀਤੀ ਜਾਵੇ ਤਾਂ ਪੰਜਾਬ ਦੀਆਂ ਪਿਛਲੀਆਂ ਅਕਾਲੀ ਦਲ- ਭਾਜਪਾ ਸਰਕਾਰ ਅਤੇ ਕਾਂਗਰਸ ਸਰਕਾਰ ਪੰਜਾਬ ਵਿੱਚ ਨਸ਼ੇ ਦੇ ਫ਼ੈਲਣ ਲਈ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਰਹੀਆਂ। ਪੰਜਾਬ ਦੀ ਮੌਜੂਦਾ ‘ਆਪ’ ਸਰਕਾਰ ਵੱਲੋਂ ਪੰਜਾਬ ਵਿੱਚ ਨਸ਼ੇ ਦੇ ਫ਼ੈਲਣ ਲਈ ਪਿਛਲੀਆਂ ਸਰਕਾਰਾਂ ਨੂੰ ਦੋਸ਼ੀ ਕਿਹਾ ਜਾ ਰਿਹਾ ਹੈ। ਮੌਜੂਦਾ ਸਰਕਾਰ ਦੇ ਲੱਖ ਦਾਅਵਿਆਂ ਦੇ ਬਾਵਜੂਦ ਪੰਜਾਬ ਵਿੱਚ ਨਸ਼ਾ ਅਜੇ ਤਕ ਨਹੀਂ ਰੁਕ ਸਕਿਆ।

ਪੰਜਾਬ ਵਿੱਚ ਭਾਵੇਂ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਕਾਰਵਾਈ ਜਾਰੀ ਹੈ। ਇਸ ਦੇ ਬਾਵਜੂਦ ਅਜੇ ਵੀ ਪੰਜਾਬ ਦੇ ਕਈ ਇਲਾਕਿਆਂ ਵਿੱਚ ਨਸ਼ਾ ਕਰਨ ਵਾਲੇ ਨੌਜਵਾਨ ਅਕਸਰ ਦਿਖਾਈ ਦੇ ਦਿੰਦੇ ਹਨ।ਹੁਣ ਪੰਜਾਬ ਦੀਆਂ ਅਨੇਕਾਂ ਕੁੜੀਆਂ ਵੀ ਨਸ਼ੇ ਦੀ ਦਲਦਲ ਵਿੱਚ ਫ਼ਸਦੀਆਂ ਜਾ ਰਹੀਆਂ ਹਨ। ਵੱਡੇ ਸ਼ਹਿਰਾਂ ਵਿੱਚ ਅਕਸਰ ਸ਼ਾਮ ਸਮੇਂ ਕਾਰਾਂ ਵਿੱਚ ਬੈਠੀਆਂ ਜਾਂ ਦੁਪਹਿਰ ਸਮੇਂ ਪਾਰਕਾਂ ਵਿੱਚ ਬੈਠੀਆਂ ਕੁਝ ਕੁੜੀਆਂ ਸਿਗਰਟ ਆਦਿ ਪੀਂਦੀਆਂ ਵੇਖੀਆਂ ਜਾ ਸਕਦੀਆਂ ਹਨ। ਇਹ ਸਾਰਾ ਕੁਝ ਵੇਖ ਕੇ ਸੂਝਵਾਨ ਪੰਜਾਬੀਆਂ ਨੂੰ ਸਮਝ ਨਹੀਂ ਆ ਰਹੀ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਆਖਰ ਜਾ ਕਿਹੜੇ ਰਾਹ ਰਹੀ ਹੈ?

ਅਕਸਰ ਦੋਸ਼ ਲਗਾਏ ਜਾਂਦੇ ਹਨ ਕਿ ਨਸ਼ਾ ਤਸਕਰਾਂ ਨੂੰ ਕੁਝ ਸਿਆਸੀ ਆਗੂਆਂ ਦੀ ਸ਼ਹਿ ਪ੍ਰਾਪਤ ਹੈ। ਇਸ ਤੋਂ ਇਲਾਵਾ ਪ੍ਰਸ਼ਾਸਨ ਅਤੇ ਪੁਲਿਸ ਦੀਆਂ ਕੁਝ ਕਾਲੀਆਂ ਭੇਡਾਂ ਵੀ ਨਸ਼ਾ ਤਸਕਰਾਂ ਦੀ ਮਦਦ ਕਰਦੀਆਂ ਹੋਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਭਿਅੰਕਰ ਰੁੱਖ ਅਖਤਿਆਰ ਕਰ ਗਈ ਹੈ।

ਪੰਜਾਬ ਵਿੱਚ ਨਸ਼ੇ ਦੇ ਦੈਂਤ ਨੂੰ ਕਾਬੂ ਕਰਨ ਲਈ ਵੱਡੇ ਉਪਰਾਲੇ ਕਰਨ ਦੀ ਲੋੜ ਹੈ। ਇਸ ਲਈ ਪੰਜਾਬ ਸਰਕਾਰ ਨੂੰ ਵੱਖ- ਵੱਖ ਸਮਾਜ ਸੇਵਾ ਸੁਸਾਇਟੀਆਂ ਅਤੇ ਸੰਸਥਾਵਾਂ ਦੇ ਸਹਿਯੋਗ ਨਾਲ ਅਤੇ ਪਿੰਡਾਂ ਦੇ ਯੂਥ ਕਲੱਬਾਂ ਦੇ ਅਹੁਦੇਦਾਰਾਂ ਦੇ ਸਹਿਯੋਗ ਨਾਲ ਵੱਡੇ ਪੱਧਰ ’ਤੇ ਮੁਹਿੰਮ ਚਲਾਉਣੀ ਚਾਹੀਦੀ ਹੈ। ਇਸ ਦੇ ਨਾਲ ਪੰਜਾਬ ਦੇ ਹਰ ਸਕੂਲ ਵਿੱਚ ਸਵੇਰ ਦੀ ਅਸੈਂਬਲੀ ਵੇਲੇ ਪ੍ਰਿੰਸੀਪਲ/ਮੁੱਖ ਅਧਿਆਪਕ ਵੱਲੋਂ ਜਾਂ ਕਿਸੇ ਯੋਗ ਅਧਿਆਪਕ ਵੱਲੋਂ ਵਿਦਿਆਰਥੀਆਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ੇ ਤੋਂ ਬਚਾਉਣ ਲਈ ਸਾਂਝੇ ਅਤੇ ਵੱਡੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਸੰਘੀ ਢਾਂਚੇ ਲਈ ਘਾਤਕ ਇੱਕ ਦੇਸ਼ ਇੱਕ ਚੋਣ ਦੀ ਵਿਵਸਥਾ

ਪ੍ਰੋ ਰਣਜੀਤ ਸਿੰਘ ਧਨੋਆ



14 ਮਾਰਚ, 2024 ਨੂੰ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਅਗਵਾਈ ’ਚ ਪੂਰੇ ਦੇਸ਼ ’ਚ ਇਕੋ ਵਾਰ ਚੋਣਾਂ ਕਰਵਾਏ ਜਾਣ ਵਾਲੀ ਵਿਵਸਥਾ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਲਈ ਬਣੀ ਕਮੇਟੀ ਨੇ ਰਾਸ਼ਟਰਪਤੀ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਸੀ। ਸੁਭਾਵਿਕ ਹੈ, ਇਸ ਕਮੇਟੀ ਨੇ ਆਪਣੀ ਰਿਪੋਰਟ ਇਕੋ ਵਾਰ ਚੋਣਾਂ ਕਰਵਾਉਣ ਦੇ ਹੱਕ ’ਚ ਹੀ ਦਿੱਤੀ ਹੋਵੇਗੀ। ਸਾਡੇ ਇਹ ਲਿਖਣ ਦਾ ਆਧਾਰ ਇਹ ਹੈ ਕਿ ਰਾਸ਼ਟਰਪਤੀ ਰਹਿੰਦਿਆਂ ਰਾਮਨਾਥ ਕੋਵਿੰਦ ਨੇ 2018 ਵਿੱਚ ਪਾਰਲੀਮੈਂਟ ਨੂੰ ਸੰਬੋਧਨ ਕਰਦਿਆਂ ਇਹ ਆਖਿਆ ਸੀ ਕਿ ‘ਇੱਕ ਰਾਸ਼ਟਰ, ਇੱਕ ਚੋਣ’ ਵਿਵਸਥਾ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਪ੍ਰਮੁੱਖ ਸੁਧਾਰਾਂ ’ਚ ਸ਼ਾਮਿਲ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ’ਚ ਇੱਕ ਜਾਂ ਦੂਜੀ ਤਰ੍ਹਾਂ ਦੀ ਕੋਈ ਚੋਣ ਆਈ ਹੀ ਰਹਿੰਦੀ ਹੈ, ਜੋ ਆਰਥਿਕਤਾ ’ਤੇ ਤਾਂ ਮਾੜਾ ਪ੍ਰਭਾਵ ਪਾਉਂਦੀ ਹੀ ਹੈ, ਪ੍ਰੰਤੂ ਸਭ ਤੋਂ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਵੱਖ-ਵੱਖ ਵਿਭਾਗਾਂ ਦੇ ਸਰਕਾਰੀ ਕਰਮਚਾਰੀਆਂ ਦੇ ਚੋਣ ਅਮਲ ’ਚ ਰੁੱਝੇ ਹੋਣ ਕਾਰਨ ਸਮਾਂ ਅਤੇ ਸ਼ਕਤੀ ਅਜਾਂਈਂ ਜਾਂਦੀ ਹੈ, ਜਨਤਾ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਹਥਲੇ ਲੇਖ ’ਚ ਇਸੇ ਵਿਚਾਰ ਨੂੰ ਅੱਗੇ ਵਧਾਵਾਂਗੇ ਅਤੇ ਜਾਣਾਂਗੇ ਕਿ ‘ਪੂਰੇ ਦੇਸ਼ ’ਚ ਇਕੋ ਵਾਰ ਚੋਣ’ ਵਿਵਸਥਾ ਕੀ ਸੱਚਮੁੱਚ ਲਾਹੇਵੰਦ ਸਾਬਤ ਹੋਵੇਗੀ ਜਾਂ ਇਸ ਦੇ ਪਿੱਛੇ ਕੋਈ ਹੋਰ ਮਨਸ਼ਾ ਕੰਮ ਕਰ ਰਹੀ ਹੈ।

ਭਾਵੇਂ ਕਿ ਆਜ਼ਾਦੀ ਤੋਂ ਬਾਅਦ 1959 ਤੱਕ ਜਦੋਂ ਅਰਟੀਕਲ 356 ਦੀ ਆੜ ਵਿੱਚ ਅਜੇ ਕੇਰਲ ਸਰਕਾਰ ਮਨਸੂਖ ਨਹੀਂ ਕੀਤੀ ਗਈ ਸੀ, ਸਾਡੇ ਦੇਸ਼ ’ਚ ਲੋਕ ਸਭਾ ਦੇ ਨਾਲ ਹੀ ਸਾਰੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਲਈ ਵੀ ਚੋਣਾਂ ਕਰਵਾਏ ਜਾਣ ਦਾ ਰਿਵਾਜ਼ ਸੀ। ਕੇਰਲਾ ਵਿਧਾਨ ਸਭਾ ਭੰਗ ਕਰ ਦਿੱਤੇ ਜਾਣ ਨਾਲ ਇਹ ਕੜੀ ਟੁੱਟ ਗਈ। ਫਿਰ ਪ੍ਰਾਂਤਕ ਸਰਕਾਰਾਂ ਨੂੰ ਭੰਗ ਕਰਨ ਦਾ ਜਿਵੇਂ ਰਿਵਾਜ਼ ਜਿਹਾ ਹੀ ਬਣ ਗਿਆ। ਕਦੇ ਦਲ ਬਦਲੂਆਂ ਦੀ ਮਿਹਰਬਾਨੀ ਕਾਰਨ, ਕਦੇ ਕੇਂਦਰ ਵੱਲੋਂ ਕਿਸੇ ਸੂਬੇ ਨੂੰ ਧੌਂਸ ਦਿਖਾਉਣ ਵਾਲੀ ਨੀਤੀ ਤਹਿਤ ਸੂਬਾ ਸਰਕਾਰਾਂ ਭੰਗ ਹੋਣਾ ਇੱਕ ਕਵਾਇਦ ਜਿਹੀ ਬਣ ਕੇ ਰਹਿ ਗਈ ਸੀ। ਲਿਹਾਜ਼ਾ ਵਿਧਾਨ ਸਭਾ ਦੀਆਂ ਚੋਣਾਂ ਵੱਖਰੇ ਤੌਰ ’ਤੇ ਹੋਣ ਲੱਗੀਆਂ ਸਨ।

‘ਇੱਕ ਦੇਸ਼, ਇੱਕ ਚੋਣ’ ਵਿਵਸਥਾ ਦੇ ਹਮਾਇਤੀ ਇਸ ਪ੍ਰਣਾਲੀ ਨੂੰ ਲਾਭਕਾਰੀ ਦੱਸਦਿਆਂ ਕਹਿੰਦੇ ਹਨ ਕਿ ਇਸ ਨਾਲ ਵਾਰ-ਵਾਰ ਚੋਣ ਕਰਵਾਏ ਜਾਣ ’ਤੇ ਆਉਂਦੇ ਖ਼ਰਚ ਤੋਂ ਮੁਕਤੀ ਮਿਲੇਗੀ। ਉਹ 2019 ਦੀ ਲੋਕ ਸਭਾ ਚੋਣ ’ਤੇ ਆਏ 60000 ਕਰੋੜ ਰੁਪਏ ਦਾ ਹਵਾਲਾ ਦਿੰਦਿਆਂ ਆਖਦੇ ਹਨ ਕਿ ਇਸੇ ਖਰਚ ’ਚ ਸਾਰੇ ਦੇਸ਼ ’ਚ ਇਕੋ ਵਾਰ ਚੋਣ ਹੋ ਸਕਦੀ ਸੀ। ਸੁਰੱਖਿਆ ਕਰਮਚਾਰੀਆਂ ਨੂੰ ਵੀ ਵਾਰ-ਵਾਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਤਾਇਨਾਤ ਕਰਨ ’ਤੇ ਜੋ ਸਮਾਂ ਤੇ ਧਨ ਖ਼ਰਚ ਹੁੰਦਾ ਹੈ ਉਹ ਬਚ ਸਕੇਗਾ। ਇੱਕ ਹੋਰ ਫਾਇਦਾ ਇਸ ਵਿਵਸਥਾ ਦੇ ਹਾਮੀ ਇਹ ਦੱਸਦੇ ਹਨ ਕਿ ਜੇਕਰ ਸਾਰੇ ਦੇਸ਼ ਵਿੱਚ ਇਕੋ ਵਾਰ ਚੋਣ ਹੋ ਜਾਵੇ ਤਾਂ ਕੇਂਦਰ ਸਰਕਾਰਾਂ ਕੁਝ ਅਜਿਹੇ ਫ਼ੈਸਲੇ ਵੀ ਬਗੈਰ ਕਿਸੇ ਝਿਜਕ ਲੈ ਸਕਣਗੀਆਂ, ਜਿਹੜੇ ਦੇਸ਼ ਦੀ ਆਰਥਿਕ ਤਰੱਕੀ ਤੇ ਖੁਸ਼ਹਾਲੀ ਲਈ ਹੁੰਦੇ ਤਾਂ ਬਹੁਤ ਜ਼ਰੂਰੀ ਹਨ, ਪ੍ਰੰਤੂ ਕਿਸੇ ਨਾ ਕਿਸੇ ਪ੍ਰਕਾਰ ਦੀ ਚੋਣ ਦਰ ’ਤੇ ਖੜ੍ਹੀ ਰਹਿਣ ਦੇ ਕਾਰਨ ਵੋਟਰਾਂ ਦੀ ਨਰਾਜ਼ਗੀ ਤੋਂ ਡਰਦੀਆਂ ਸਰਕਾਰਾਂ ਟਾਲਾ ਵੱਟ ਜਾਂਦੀਆਂ ਹਨ। ਭਾਵ ਚੋਣ ਹਾਰ ਜਾਣ ਦੇ ਡਰ ਕਾਰਨ ਕਈ ਵਾਰ ਬਹੁਤ ਜ਼ਰੂਰੀ ਫ਼ੈਸਲੇ ਵੀ ਨਹੀਂ ਹੋ ਪਾਉਂਦੇ। ਇਸ ਤੋਂ ਇਲਾਵਾ ਚੁਣੇ ਗਏ ਨੁਮਾਇੰਦਿਆਂ ਦੀ ਖਰੀਦੋ-ਫਰੋਖਤ, ਜਿਸ ਨੂੰ ਸਿਆਸੀ ਭਾਸ਼ਾ ’ਚ ‘ਘੋੜਿਆਂ ਦਾ ਵਪਾਰ’ ਆਖਦੇ ਹਨ, ਨੂੰ ਵੀ ਠੱਲ੍ਹ ਪੈ ਸਕੇਗੀ। ਸਭ ਤੋਂ ਵੱਡਾ ਲਾਭ ਇਸ ਵਿਵਸਥਾ ਦੇ ਹਮਾਇਤੀ ਇਹ ਦੱਸਦੇ ਹਨ ਕਿ ਸਾਰੇ ਦੇਸ਼ ’ਚ ਇਕੋ ਵਾਰ ਚੋਣ ਹੋ ਜਾਣ ਨਾਲ ਸਰਕਾਰਾਂ ਨੂੰ ਮੁਫ਼ਤ ਭਲਾਈ ਦੀਆਂ ਬੇਲੋੜੀਆਂ ਸਕੀਮਾਂ ਦਾ ਬੋਝ ਨਹੀਂ ਉਠਾਉਣਾ ਪਵੇਗਾ, ਲਿਹਾਜ਼ਾ ਮੁਫ਼ਤ ਦੀਆਂ ਸਹੂਲਤਾਂ ’ਤੇ ਖਰਚ ਆਉਂਦੀ ਧਨ ਰਾਸ਼ੀ ਜਨਤਾ ਦੇ ਹਿੱਤਾਂ ਲਈ ਵਰਤੀ ਜਾ ਸਕੇਗੀ।

ਹੁਣ ਤੱਕ ਦੀ ਇਬਾਰਤ ਪੜ੍ਹ ਕੇ ਪਾਠਕਾਂ ਨੂੰ ਵੀ ਜਾਪਣ ਲੱਗਾ ਹੋਵੇਗਾ ਕਿ ਇਕੋ ਵਾਰ ਦੀ ਚੋਣ ਵਿਵਸਥਾ ਦਾ ਸ਼ਾਇਦ ਕੋਈ ਹਰਜ਼ ਨਹੀਂ। ਪ੍ਰੰਤੂ ਇਹ ਪ੍ਰਕਿਰਿਆ ਅਸਲ ’ਚ ਇੰਨੀ ਸੌਖੀ ਤੇ ਸਰਲ ਹੈ ਨਹੀਂ, ਜਿੰਨਾ ਇਸ ਨੂੰ ਸੱਤਾਧਾਰੀ ਪੱਖ ਨੇ ਸਮਝ ਲਿਆ ਹੈ। ਚਲੋ, ਮੂਲਧਨ ਸੌ ਦੇ ਕਹਿਣ ਵਾਂਗ ਮੰਨ ਲਿਆ ਕਿ ਲੋਕ ਸਭਾ ਦੀ ਚੋਣ ਦੇ ਨਾਲ ਹੀ ਸਾਰੇ ਦੇਸ਼ ’ਚ ਇਕੋ ਵਾਰ ਸਾਰੀਆਂ ਪ੍ਰਾਂਤਕ ਵਿਧਾਨ ਸਭਾਵਾਂ ਦੀ ਚੋਣਾਂ ਵੀ ਹੋ ਜਾਂਦੀਆਂ ਹਨ ਤਾਂ ਬਾਅਦ ਵਿੱਚ ਕਿਸੇ ਕਾਰਨ ਜੇਕਰ ਕਿਸੇ ਸੂਬੇ ਦੀ ਵਿਧਾਨ ਸਭਾ ਭੰਗ ਹੋ ਜਾਂਦੀ ਹੈ ਜਾਂ ਅਜਿਹੇ ਹਾਲਾਤ ਬਣ ਜਾਣ ਕਿ ਸਰਕਾਰ ਘੱਟ ਗਿਣਤੀ ’ਚ ਰਹਿ ਜਾਵੇ ਤਾਂ ਕੀ ਉਸ ਵਕਤ ਦੁਬਾਰਾ ਚੋਣ ਕਰਵਾਈ ਜਾਵੇਗੀ ਜਾਂ ਅਗਲੀਆਂ ਚੋਣਾਂ ਹੋਣ ਤੱਕ ਉੱਥੇ ਰਾਸ਼ਟਰਪਤੀ ਰਾਜ ਲੱਗਿਆ ਰਹੇਗਾ? ਸਭ ਤੋਂ ਵਧੇਰੇ ਅਹਿਮ ਇਹ ਕਿ ‘ਇੱਕ ਰਾਸ਼ਟਰ, ਇੱਕ ਚੋਣ’ ਵਿਵਸਥਾ ਜੇਕਰ ਲਾਗੂ ਹੋ ਜਾਂਦੀ ਹੈ ਤਾਂ ਇਸ ਨਾਲ ‘ਅਨੇਕਤਾ ਵਿੱਚ ਏਕਤਾ’ ਦੇ ਉਸ ਸਿਧਾਂਤ ਦੀ ਮਰਿਆਦਾ ਨੂੰ ਵੀ ਠੇਸ ਪਹੁੰਚਣ ਦੀ ਸੰਭਾਵਨਾ ਹੈ, ਜਿਸ ’ਚ ਕਿਹਾ ਜਾਂਦਾ ਹੈ ਕਿ ਭਾਰਤ ਵੱਖ-ਵੱਖ ਬੋਲੀਆਂ, ਸੱਭਿਆਚਾਰਾਂ, ਪਹਿਰਾਵਿਆਂ ਤੇ ਰਸਮ ਰਿਵਾਜ਼ਾਂ ਵਾਲਾ ਦੇਸ਼ ਹੈ। ਭੂਗੋਲਿਕ ਪੱਖ ਤੋਂ ਵੀ ਹਰੇਕ ਖਿੱਤੇ ਦੀਆਂ ਲੋੜਾਂ, ਸਮੱਸਿਆਵਾਂ ਅਤੇ ਤਰਜੀਹਾਂ ਵੱਖ-ਵੱਖ ਹਨ। ਜੇਕਰ ਭਿੰਨਤਾ ਇਸ ਕਦਰ ਹੈ ਤਾਂ ਕੋਈ ਵਿਵਸਥਾ ਇਕੋ ਵਾਰ ’ਚ ਸਭ ਲੋਕਾਂ ਦਾ ਮੱਤਦਾਨ ਕਿਵੇਂ ਪ੍ਰਾਪਤ ਕਰ ਸਕਦੀ ਹੈ? ਮੈਨੂੰ ਯਾਦ ਆ ਰਿਹਾ ਹੈ ਕਿ ਪਹਿਲਾਂ ਲਾਅ ਕਮਿਸ਼ਨ ਵੀ ਮੌਜੂਦਾ ਸੰਵਿਧਾਨ ਦੇ ਘੇਰੇ ’ਚ ‘ਇੱਕ ਦੇਸ਼, ਇੱਕ ਚੋਣ’ ਦੇ ਸਿਧਾਂਤ ਨੂੰ ਸੰਭਵ ਨਾ ਕਹੀ ਜਾਣ ਵਾਲੀ ਪ੍ਰਕਿਰਿਆ ਦੱਸ ਚੁੱਕਾ ਹੈ।

ਲੋਕ ਸਭਾ ਚੋਣਾਂ ’ਚ ਕੌਮੀ ਮਸਲੇ ਭਾਰੂ ਹੁੰਦੇ ਹਨ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਦੌਰਾਨ ਖੇਤਰੀ ਮਸਲਿਆਂ ਨੂੰ ਵਿਚਾਰਿਆ ਜਾਂਦਾ ਹੈ। ਸੂਬਿਆਂ ਦੇ ਆਮਦਨ ਦੇ ਸਰੋਤ ਵੱਖਰੇ ਹਨ, ਵਸੋਂ ਦੀ ਘਣਤਾ ਅਤੇ ਜ਼ਰੂਰਤਾਂ ਵੱਖਰੀਆਂ ਹਨ। ਅਜਿਹੇ ’ਚ ਸਮੁੱਚੇ ਦੇਸ਼ ’ਚ ਇੱਕ ਸਾਰ ਲਾਗੂ ਹੋਣ ਵਾਲੀ ਕੋਈ ਨੀਤੀ ਸਫਲ ਨਹੀਂ ਹੋ ਸਕੇਗੀ। ਇਕੋ ਵਾਰ ਦੀ ਚੋਣ ਨਿਸ਼ਚਿਤ ਰੂਪ ’ਚ ਖੇਤਰੀ ਅਤੇ ਸਥਾਨਕ ਮੁੱਦਿਆਂ ਨੂੰ ਨਜ਼ਰੋਂ ਲਾਂਭੇ ਕਰ ਦੇਣ ਵਾਲਾ ਅਮਲ ਸਾਬਤ ਹੋਵੇਗੀ। ਰਾਸ਼ਟਰੀ ਮੁੱਦਿਆਂ ਦੇ ਸਾਹਮਣੇ ਸਥਾਨਕ ਮੁੱਦਿਆਂ ਨੂੰ ਅਹਿਮੀਅਤ ਮਿਲ ਸਕਣੀ ਸੰਭਵ ਹੀ ਨਹੀਂ ਹੈ। ਉਨ੍ਹਾਂ ਦੇ ਦੁੱਖ ਤਕਲੀਫ਼ਾਂ ’ਚ ਸਾਰ ਲੈਣਾ ਤਾਂ ਦੂਰ, ਆਮ ਲੋਕਾਂ ਦੀ ਗੱਲ ਸੁਣਨ ਵਾਲਾ ਵੀ ਕੋਈ ਨਹੀਂ ਹੋਵੇਗਾ। ਖੇਤਰੀ ਪਾਰਟੀਆਂ ਦੇ ਨਾਲ-ਨਾਲ ਸੂਬਿਆਂ ਦੀ ਨਿਵੇਕਲੀ ਪਹਿਚਾਣ ਖ਼ਤਰੇ ’ਚ ਪੈ ਜਾਵੇਗੀ। ਹਰੇਕ ਖਿੱਤਾ ਦੂਸਰੇ ਖਿੱਤੇ ਨਾਲੋਂ ਆਰਥਿਕ, ਸਮਾਜਿਕ, ਰਾਜਨੀਤਕ ਤੇ ਸੱਭਿਆਚਾਰਕ ਪੱਖੋਂ ਭਿੰਨ ਹੈ, ਫਿਰ ਉਨ੍ਹਾਂ ਦੇ ਮਸਲਿਆਂ ਨੂੰ ਰਲਗੱਡ ਕਰਕੇ ਕਿਵੇਂ ਹੱਲ ਕਰੋਗੇ? ਇਸ ਦੇਸ਼ ਦੀ ਭਿੰਨਤਾ ਹੀ ਇਸ ਦੀ ਮੂਲ ਸ਼ਕਤੀ ਹੈ। ਜੇਕਰ ਸਾਰੇ ਦੇਸ਼ ਵਿੱਚ ਇਕੋ ਵੇਲੇ ਚੋਣ ਹੁੰਦੀ ਹੈ ਤਾਂ ਇਸ ਸ਼ਕਤੀ ਨੂੰ ਖੋਰਾ ਲੱਗਣਾ ਤੈਅ ਹੈ। ਲੋੜ ਸੀ ਕਿ ਕੇਂਦਰ ਸਰਕਾਰ ਅਤੇ ਸੂਬਿਆਂ ’ਚ ਬਿਹਤਰੀਨ ਤਾਲਮੇਲ ਬਣਾਉਣ ਲਈ ਕਿਸੇ ਠੋਸ ਯੋਜਨਾ ’ਤੇ ਅਮਲ ਸ਼ੁਰੂ ਹੁੰਦਾ ਤਾਂ ਜੋ ਸਿਆਸੀ ਨਫ਼ੇ ਨੁਕਸਾਨ ਤੋਂ ਉੱਪਰ ਉੱਠ ਕੇ ਲੋਕਾਂ ਦੀਆਂ ਸਮੱਸਿਆਵਾਂ, ਲੋੜਾਂ ਅਤੇ ਤਰਜੀਹਾਂ ਦਾ ਵੱਖਰੇ-ਵੱਖਰੇ ਤੌਰ ’ਤੇ ਮੁਲਾਂਕਣ ਕੀਤਾ ਜਾ ਸਕਦਾ। ਉਲਟਾ ਤਾਲਮੇਲ ਦੀ ਜ਼ਰੂਰਤ ਨੂੰ ਹੀ ਖ਼ਤਮ ਕਰਨ ਵੱਲ ਤੁਰ ਪਏ। ਜਿਹੜੀ ਲੋੜ ਕੇਰਲਾ ਦੇ ਲੋਕਾਂ ਦੀ ਹੈ ਉਸ ਦੀ ਪੂਰਤੀ ਪੰਜਾਬ ਹਰਿਆਣਾ ’ਚ ਵੀ ਕੀਤੀ ਜਾਵੇ, ਇਹ ਕਿੱਥੋਂ ਦੀ ਅਕਲਮੰਦੀ ਹੈ?

### ਖੇਤਰੀ ਪਾਰਟੀਆਂ ਦੀ ਭੂਮਿਕਾ:

ਇੱਕ ਰਾਸ਼ਟਰ, ਇੱਕ ਚੋਣ ਪ੍ਰਣਾਲੀ ਨਿਸ਼ਚਿਤ ਰੂਪ ’ਚ ਕੌਮੀ ਪਾਰਟੀਆਂ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਵਾਲੀ ਹੋਵੇਗੀ। ਕੌਮੀ ਮਸਲਿਆਂ ਦੀ ਧੂੜ ’ਚ ਸਥਾਨਕ ਅਤੇ ਖੇਤਰੀ ਮੁੱਦੇ ਗੁਆਚ ਜਾਣ ਦਾ ਖ਼ਤਰਾ ਬਣੇਗਾ। ਰਾਜਨੀਤਕ ਧਿਰਾਂ ਦੀ ਲੋਕਾਂ ਪ੍ਰਤੀ ਜੁਆਬਦੇਹੀ ਇੱਕ ਤਰ੍ਹਾਂ ਨਾਲ ਖ਼ਤਮ ਹੀ ਹੋ ਜਾਵੇਗੀ ਅਤੇ ਆਗੂ ਲੋਕਾਂ ਦੀ ਪ੍ਰਵਾਹ ਕਰਨੀ ਛੱਡ ਦੇਣਗੇ। ਇਹ ਵਿਵਸਥਾ ਖੇਤਰੀ ਮੁੱਦਿਆਂ ਅਤੇ ਖੇਤਰੀ ਪਾਰਟੀਆਂ ਨੂੰ ਖੂੰਜੇ ਲਾਉਣ ਵਾਲੀ ਸਾਬਤ ਹੋ ਸਕਦੀ ਹੈ। ਇਸ ਲਈ ਖੇਤਰੀ ਪਾਰਟੀਆਂ ਨੂੰ, ਲੋਕਾਂ ਨੂੰ ਇਸ ਨੀਤੀ ਦੇ ਨਫ਼ੇ ਨੁਕਸਾਨ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਉਹ ਲੋਕਾਂ ਨੂੰ ਜਾਗਰਕ ਕਰਨ ਕਿ ਇਸ ਵਿਵਸਥਾ ਅਧੀਨ ਬਣੀ ਨਵੀਂ ਸਰਕਾਰ ਪੂਰੇ ਦੇਸ਼ ’ਚ ਉਹ ਨੀਤੀਆਂ ਲਾਗੂ ਕਰਨ ਦੀ ਸੋਚ ਨਾਲ ਅੱਗੇ ਵਧੇਗੀ, ਜਿਸ ਨਾਲ ਕੌਮੀ ਪਾਰਟੀਆਂ ਨੂੰ ਸੱਤਾ ਦੇ ਕੇਂਦਰੀਕਰਨ ਵਿੱਚ ਮਦਦ ਮਿਲਦੀ ਹੋਵੇ। ਇਸ ਵਿਚਾਰ ਚਰਚਾ ਦੇ ਸਾਰੰਸ਼ ਵਜੋਂ ਇਹੀ ਲਿਖਣਾ ਉਚਿਤ ਹੋਵੇਗਾ ਕਿ ਇੱਕ ਰਾਸ਼ਟਰ, ਇੱਕ ਚੋਣ ਅਮਲ ਬੇਲੋੜੀਆਂ ਗੁੰਝਲਾਂ ਖੜ੍ਹੀਆਂ ਕਰੇਗਾ। ਅਜਿਹੇ ਵਿੱਚ ਸੂਬਿਆਂ ਦੇ ਹਿੱਤਾਂ ਦੀ ਸੁਰੱਖਿਆ ਕੋਈ ਕਿਵੇਂ ਯਕੀਨੀ ਬਣਾਇਗਾ?

ਭਾਵੇਂ ਕਿ ਲਿਖਣ ਲੱਗਿਆਂ ਸੰਕੋਚ ਕਰਨਾ ਪੈ ਰਿਹਾ ਹੈ, ਪ੍ਰੰਤੂ ਇਹ ਤੱਥ ਕਿਸੇ ਤੋਂ ਛੁਪਿਆ ਨਹੀਂ ਕਿ ਚੋਣਾਂ ’ਚ ਆਮ ਤੌਰ ’ਤੇ ਕਾਲੇ ਧਨ ਦੀ ਵਰਤੋਂ ਹੁੰਦੀ ਹੈ। ਚੋਣ ਅਮਲ ਨਾਲ ਬਾ-ਵਾਸਤਾ ਰੱਖਣ ਵਾਲੇ ਲੋਕ ਜਾਣਦੇ ਹਨ ਕਿ ਨਿਰਧਾਰਿਤ ਤੋਂ ਕਿੰਨਾ ਵੱਧ ਖਰਚ ਉਮੀਦਵਾਰ ਕਰਦੇ ਹਨ, ਆਪਣੀ ਜਿੱਤ ਨੂੰ ਯਕੀਨੀ ਬਣਾਉਣ ਲਈ। ਜੇਕਰ ਲੋਕ ਸਭਾ ਦੇ ਨਾਲ ਹੀ ਵਿਧਾਨ ਸਭਾਵਾਂ ਦੀਆਂ ਚੋਣਾਂ ਕਰਵਾਉਣੀਆਂ ਹਨ ਤਾਂ ਇਹ ਪ੍ਰਕਿਰਿਆ ਇੱਕ ਤਰ੍ਹਾਂ ਨਾਲ ਦੇਸ਼ ਦੀ ਅਰਥ ਵਿਵਸਥਾ ਦੇ ਬਰਾਬਰ ਦੇ ਨੰਬਰ ਦੀ ਵਿਵਸਥਾ ਖੜ੍ਹੀ ਕਰਨ ਵਾਂਗ ਹੋਵੇਗੀ।

# 'ਅੰਕੜਿਆਂ ਦੀ ਖੇਡ' ਨਾਲ ਲੋਕਾਂ ਨੂੰ ਗੁੰਮਰਾਹ ਨਾ ਕਰ ਸਕਣ ਸਿਆਸੀ ਪਾਰਟੀਆਂ



ਗੁਰਮੀਤ ਸਿੰਘ ਪਲਾਹੀ
9815802070

ਲੋਕ ਸਭਾ ਚੋਣਾਂ-2024 ਲਈ ਇੰਡੀਅਨ ਨੈਸ਼ਨਲ ਕਾਂਗਰਸ ਨੇ ਆਪਣਾ ਚੋਣ ਮੈਨੀਫ਼ੈਸਟੋ ਜਨਤਾ ਸਾਹਮਣੇ ਰੱਖ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਤਾਂ ਪਹਿਲਾਂ ਹੀ ਲੋਕਾਂ ਨੂੰ ਗਰੰਟੀਆਂ ਦੇ ਰਹੀ ਹੈ, ਪ੍ਰਚਾਰ ਕਰ ਰਹੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਸਬੰਧੀ ਵੱਡੇ ਦਾਅਵੇ ਪੇਸ਼ ਕਰ ਰਹੀ ਹੈ। ਦੇਸ਼ ਦੀਆਂ ਕੌਮੀ ਸਿਆਸੀ ਪਾਰਟੀਆਂ ਅਤੇ ਇਲਾਕਾਈ ਦਲ ਵੀ ਆਪਣੇ ਚੋਣ ਘੋਸ਼ਣਾ ਪੱਤਰ ਜਾਰੀ ਕਰ ਰਹੇ ਹਨ।

ਇੰਡੀਅਨ ਨੈਸ਼ਨਲ ਕਾਂਗਰਸ ਦੇ ਚੋਣ ਮੈਨੀਫ਼ੈਸਟੋ ਦਾ ਸ਼ਿੰਗਾਰ, 'ਪੰਜ ਇਨਸਾਫ਼' ਅਤੇ 'ਪੱਚੀ ਵਾਅਦੇ' ਹਨ। ਇਸ ਘੋਸ਼ਣਾ ਪੱਤਰ ਵਿੱਚ ਨੌਜਵਾਨਾਂ ਲਈ ਇਨਸਾਫ਼, ਨਾਰੀ ਲਈ ਇਨਸਾਫ਼, ਕਿਸਾਨਾਂ ਲਈ ਇਨਸਾਫ਼, ਮਜ਼ਦੂਰਾਂ ਲਈ ਇਨਸਾਫ਼ ਅਤੇ ਹਿੱਸੇਦਾਰੀ ਦਾ ਇਨਸਾਫ਼ ਮੁੱਖ ਥੰਮ ਹਨ। ਇਹਨਾਂ ਪੰਜਾਂ ਥੰਮਾਂ ਦੇ ਅੰਦਰ ਹੀ ਪੰਜ ਗਰੰਟੀਆਂ ਸ਼ਾਮਲ ਹਨ।

ਕਾਂਗਰਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਇੱਕ ਰਾਸ਼ਟਰ, ਇੱਕ ਚੋਣ ਦੇ ਹੱਕ 'ਚ ਨਹੀਂ। ਉਹ ਲੋਕਤੰਤਰ ਬਚਾਉਣ ਲਈ ਸੰਘਰਸ ਕਰਦੀ ਰਹੇਗੀ। ਉਹ ਨਫ਼ਰਤੀ ਸਿਆਸਤ ਉਤੇ ਰੋਕ ਲਗਾਏਗੀ। ਕਾਂਗਰਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਸਦਾ ਘੋਸ਼ਣਾ ਪੱਤਰ ਕੰਮ, ਦੌਲਤ ਅਤੇ ਭਲਾਈ ਲਈ ਸਰਕਾਰੀ ਸਕੀਮਾਂ ਦੇ ਵੱਧ ਤੋਂ ਵੱਧ ਫ਼ਾਇਦੇ ਲੋਕਾਂ ਨੂੰ ਦੇਣ ਦਾ ਯਤਨ ਕਰੇਗੀ। ਕਾਂਗਰਸ ਨੇ ਲੋਕਾਂ ਨੂੰ ਯਕੀਨ ਦਵਾਇਆ ਹੈ ਕਿ ਉਹ ਈ.ਡੀ., ਸੀ.ਬੀ.ਆਈ., ਪੁਲਿਸ 'ਤੇ ਸ਼ਿਕੰਜਾ ਕਸੇਗੀ ਅਤੇ ਸਖ਼ਤੀ ਨਾਲ ਕਾਨੂੰਨ ਦੇ ਅਨੁਸਾਰ ਕੰਮ ਕਰਨ ਲਈ ਉਹਨਾ ਨੂੰ ਕਹੇਗੀ। ਉਹ ਦਲਬਦਲ ਨੂੰ ਨੱਥ ਪਾਏਗੀ ਅਤੇ ਦਲਬਦਲ ਕਰਨ 'ਤੇ ਖ਼ੁਦ ਸੰਸਦ ਅਤੇ ਵਿਧਾਨ ਸਭਾ ਦੀ ਮੈਂਬਰੀ ਖ਼ਤਮ ਹੋਣ ਦਾ ਕਾਨੂੰਨ ਪਾਸ ਕਰੇਗੀ। ਫ਼ਸਲਾਂ ਲਈ ਘੱਟੋ-ਘੱਟ ਮੁੱਲ, ਜਾਤੀ ਗਣਨਾ ਅਤੇ ਗਰੀਬ ਔਰਤਾਂ ਲਈ ਇੱਕ ਲੱਖ ਰੁਪਏ ਅਤੇ ਮਗਨਰੇਗਾ ਮਜ਼ਦੂਰਾਂ ਲਈ 400 ਰੁਪਏ ਦਿਹਾੜੀ, 25 ਲੱਖ ਰੁਪਏ ਤੱਕ ਸਭ ਲਈ ਮੁਫ਼ਤ ਇਲਾਜ, ਬਜ਼ੁਰਗਾਂ ਲਈ ਰੇਲਵੇ 'ਚ ਰਿਆਇਤ ਆਦਿ ਸਹੂਲਤਾਂ ਦਾ ਵਾਅਦਾ ਇਸ ਘੋਸ਼ਣਾ ਪੱਤਰ 'ਚ ਸ਼ਾਮਲ ਹੈ।

ਭਾਜਪਾ ਦੀਆਂ ਗਰੰਟੀਆਂ ਵਿੱਚ ਸਾਰਿਆਂ ਲਈ ਘਰ, ਸੌ ਫ਼ੀਸਦੀ ਬਿਜਲੀਕਰਨ, 5 ਲੱਖ ਦਾ ਮੁਫ਼ਤ ਇਲਾਜ ਆਦਿ ਸ਼ਾਮਲ ਹਨ। ਇੱਕ ਦੇਸ਼, ਇੱਕ ਚੋਣ ਭਾਜਪਾ ਦਾ ਵਾਇਦਾ ਹੈ। ਭਾਜਪਾ ਦਾ ਸੰਕਲਪ ਰਾਸ਼ਟਰੀ ਸੁਰੱਖਿਆ, ਸੀਮਾ ਸੁਰੱਖਿਆ, ਆਤੰਕਵਾਦ ਦਾ ਖ਼ਾਤਮਾ, ਕਿਸਾਨ ਕਲਿਆਣ ਦਾ ਤਾਂ ਰਿਹਾ ਹੀ ਹੈ, 370 ਦੇ ਖ਼ਾਤਮੇ, ਨਾਗਰਿਕਤਾ ਸੋਧ ਬਿੱਲ ਲਾਗੂ ਕਰਨ ਸਮੇਤ ਧਾਰਾ 370 ਖ਼ਤਮ ਕਰਨਾ ਵੀ ਰਿਹਾ ਹੈ।

ਦੇਸ਼ ਦੀ ਹਾਕਮ ਧਿਰ ਅਤੇ ਪ੍ਰਮੁੱਖ ਵਿਰੋਧੀ ਧਿਰ ਕਾਂਗਰਸ ਵੱਲੋਂ ਪਿਛਲੇ 77 ਸਾਲ ਤੋਂ ਦੇਸ਼ ਉਤੇ ਰਾਜ ਕੀਤਾ ਜਾ ਰਿਹਾ ਹੈ। ਇਸ ਸਮੇਂ ਦੌਰਾਨ ਆਮ ਤੌਰ 'ਤੇ ਗਰੀਬਾਂ ਦੇ ਕਲਿਆਣ ਲਈ ਯੋਜਨਾਵਾਂ ਵੱਡੇ ਪੱਧਰ ਉਤੇ ਉਲੀਕੀਆਂ ਗਈਆਂ ਹਨ। ਇਹ ਯੋਜਨਾਵਾਂ ਗਰੀਬ ਲੋਕਾਂ ਤੱਕ ਪਹੁੰਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਦੱਸਿਆ ਜਾ ਰਿਹਾ ਹੈ, ਕਿਉਂਕਿ ਗਰੀਬ ਲੋਕ ਹੀ ਅਸਲ 'ਚ ਉਹਨਾਂ ਦੇ ਨਿਸ਼ਾਨੇ 'ਤੇ ਹਨ, ਕਿਉਂਕਿ ਉਹਨਾਂ ਨੂੰ ਹੀ ਉਹ ਮੁੱਖ ਰੂਪ 'ਚ ਆਪਣੇ ਵੋਟਰ ਗਿਣਦੇ ਹਨ। ਪਰ ਸਵਾਲ ਉੱਠਦਾ ਹੈ ਕਿ ਦੇਸ਼ ਦੀਆਂ ਵੱਡੀਆਂ ਪਾਰਟੀਆਂ ਵੱਲੋਂ ਕੀਤੇ ਵੱਡੇ ਵਾਇਦੇ ਕੀ ਲੋਕਾਂ ਦੀ ਆਮ ਜ਼ਿੰਦਗੀ ਸੁਧਾਰ ਸਕੇ ਹਨ ? ਗਰੀਬੀ, ਭੁੱਖਮਰੀ, ਬੇਰਜ਼ੁਗਾਰੀ, ਵਰਗੇ ਸ਼ਬਦਾਂ ਨੂੰ ਤਾਂ ਦੇਸ਼ ਦੇ ਲੋਕ ਇੱਕ ਗਹਿਣੇ ਵਜੋਂ ਪਹਿਨਣ ਲਈ ਮਜ਼ਬੂਰ ਹੀ ਹੋ ਚੁੱਕੇ ਹਨ।

ਇੱਕ ਚੋਟੀ ਦੇ ਪੱਤਰਕਾਰ ਵੱਲੋਂ ਕੀਤਾ ਗਿਆ ਇੱਕ ਸਧਾਰਨ ਜਿਹਾ ਸਰਵੇ ਅੱਖਾਂ ਖੋਹਲਣ ਵਾਲਾ ਹੈ। ਇਹ ਪੱਤਰਕਾਰ ਕਹਿੰਦੀ ਹੈ ਕਿ ਜਦ ਮੈਂ ਲੋਕਾਂ ਤੋਂ ਪੁੱਛਿਆ ਕਿ




ਸਰਕਾਰੀ ਯੋਜਨਾਵਾਂ ਤੋਂ ਉਹਨਾਂ ਨੂੰ ਕਿਹੜੇ ਲਾਭ ਮਿਲੇ ਹਨ ਤਾਂ ਉਹਨਾ ਨੇ ਕਿਹਾ ਕਿ ਉਜਵਲਾ ਯੋਜਨਾ ਦੇ ਤਹਿਤ ਉਹਨਾ ਨੂੰ ਗੈਸ ਦੇ ਚੁੱਲ੍ਹੇ ਤਾਂ ਮਿਲੇ ਹਨ, ਲੇਕਿਨ ਇੱਕ ਸਿਲੰਡਰ ਅੱਜ 900 ਰੁਪਏ ਦਾ ਹੋ ਗਿਆ, ਜਿਸਨੂੰ ਖਰੀਦਣ ਲਈ ਉਹਨਾਂ ਦੀ ਔਕਾਤ ਨਹੀਂ ਰਹੀ। ਲੋਕ ਹਾਲੇ ਵੀ ਲਕੜੀਆਂ ਨਾਲ ਪੁਰਾਣੇ ਚੁਲ੍ਹਿਆਂ 'ਤੇ ਖਾਣਾ ਪਕਾਉਂਦੇ ਹਨ।

ਹਰ ਇੱਕ ਲਈ ਮਕਾਨ ਦੀ ਗੱਲ ਤਾਂ ਦੇਸ਼ ਦੀ ਹਰ ਪਾਰਟੀ ਕਰਦੀ ਹੈ, ਪਰ ਵੱਡੇ ਸ਼ਹਿਰਾਂ ਨੂੰ ਪਹੁੰਚਦੀਆਂ ਰੇਲਵੇ ਲਾਈਨਾਂ ਦੇ ਦੋਵੇਂ ਪਾਸੇ ਦੇਖੋ, ਜਿਥੇ ਘਰ ਧਰਤੀ ਉਤੇ ਨਹੀਂ ਕੂੜੇ ਉਤੇ ਬਣਾਏ ਹੋਏ ਹਨ, ਉਹ ਵੀ ਕਬਾੜਾ ਪਲਾਸਟਿਕ ਦੀਆਂ ਸ਼ੀਟਾਂ ਅਤੇ ਫ਼ਟੇ ਪੋਸਟਰਾਂ ਤੋਂ।

ਮਕਾਨਾਂ ਦੇ ਨਾਲ ਟਾਇਲਟ ਦੀ ਗੱਲ ਤਾਂ ਦੂਰ ਦੀ ਹੈ, ਇਥੇ ਵਸਦੇ ਲੋਕਾਂ ਲਈ ਪਾਣੀ ਦੀ ਉਪਲੱਬਧਤਾ ਹੀ ਅਤਿਅੰਤ ਔਖੀ ਹੈ। ਯੂਨੀਸੈਫ਼ ਨੇ 18 ਮਾਰਚ 2021 ਨੂੰ ਇੱਕ ਰਿਪੋਰਟ ਜਾਰੀ ਕੀਤੀ ਸੀ, ਜਿਸ ਅਨੁਸਾਰ ਭਾਰਤ ਦੇ 9.14 ਕਰੋੜ ਲੋਕ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ ਅਤੇ ਭਾਰਤ ਉਹਨਾ 37 ਦੇਸ਼ਾਂ ਵਿੱਚ ਸ਼ਾਮਲ ਹੈ, ਜਿਥੇ ਪਾਣੀ ਦਾ ਸੰਕਟ ਅਤਿਅੰਤ ਗੰਭੀਰ ਹੈ। ਦੇਸ਼ 'ਚ ਸਿਹਤ ਸਹੂਲਤਾਂ ਦੀ ਕਮੀ ਦਾ ਪ੍ਰਤੱਖ ਸਬੂਤ ਤਾਂ ਅਸੀਂ ਕਰੋਨਾ ਸਮੇਂ ਵੇਖ ਹੀ ਚੁਕੇ ਹਾਂ।

ਅੱਜ ਜਦੋਂ ਭਾਰਤ ਵਿੱਚ ਵਿਦੇਸ਼ੀ ਕੰਪਨੀਆਂ ਦਾ ਪਸਾਰਾ ਵੱਧ ਰਿਹਾ ਹੈ। ਅਰਾਮਦੇਹ ਲਗਜ਼ਰੀ ਚੀਜ਼ਾਂ ਦੀ ਵਰਤੋਂ ਦੀ ਦੌੜ, ਅਮੀਰ ਤੇ ਵਿਚਕਾਰਲੇ ਵਰਗ ਦੀ ਲੱਗੀ ਹੋਈ ਹੈ, ਤਾਂ ਇਵੇਂ ਲਗਦਾ ਹੈ ਕਿ ਦੇਸ਼ ਬਦਲ ਰਿਹਾ ਹੈ, ਵਿਕਾਸ ਕਰ ਰਿਹਾ ਹੈ, ਪਰ ਤਸਵੀਰ ਦਾ ਦੂਸਰਾ ਪਾਸਾ ਧੁੰਦਲਾ ਨਹੀਂ, ਕਾਲਾ ਹੈ। ਇਸ ਸਬੰਧ ਵਿੱਚ ਦੇਸ਼ ਦੀਆਂ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਚੁੱਪੀ ਵੱਟੀ ਬੈਠੇ ਹਨ।

ਦੇਸ਼ ਦੀਆਂ ਸਿਆਸੀ ਪਾਰਟੀਆਂ ਪਹਿਲਾਂ ਤਾਂ ਆਪਣੇ ਘੋਸ਼ਣਾ ਪੱਤਰਾਂ ਵਿੱਚ ਵਾਇਦੇ ਕਰਦੀਆਂ ਸਨ, ਲੋਕ ਭਲਾਈ ਸਕੀਮਾਂ ਲਾਗੂ ਕਰਨ ਦੇ ਵਚਨ ਦਿੰਦੀਆਂ ਸਨ, ਪਰ ਹੁਣ ਤਾਂ ਗਰੰਟੀਆਂ ਦਾ ਦੌਰ ਸ਼ੁਰੂ ਹੋ ਗਿਆ ਹੈ, ਜਿਵੇਂ ਉਹ ਆਪਣੇ ਉਤਪਾਦ ਵੇਚ ਰਹੀਆਂ ਹੋਣ। ਉਂਜ ਵੇਖਣ, ਵਾਚਣ ਦੀ ਗੱਲ ਤਾਂ ਇਹ ਹੈ ਕਿ ਨਿੱਜੀਕਰਨ, ਵਪਾਰੀਕਰਨ ਦੇ ਦੌਰ ਵਿੱਚ ਮਾਲ ਵੇਚਣ ਲਈ ਤਿੱਖੇ ਪ੍ਰਚਾਰ ਸਾਧਨਾਂ ਦੀ ਲੋੜ ਵੀ ਪੈਣੀ ਹੀ ਸੀ, ਸੋ ਸਿਆਸੀ ਪਾਰਟੀਆਂ ਆਪਣੇ ਗਾਹਕਾਂ (ਵੋਟਰਾਂ) ਨੂੰ ਗਰੰਟੀਆਂ ਦੇ ਕੇ ਰਾਜ ਸੰਘਾਸਨ 'ਤੇ ਬੈਠਣ ਦਾ ਰਾਸਤਾ ਅਪਨਾ ਚੁੱਕੀਆਂ ਹਨ। ਸਿਆਸਤ ਵਿਚੋਂ ਲੋਕ ਸੇਵਾ ਤਾਂ ਜਿਵੇਂ ਹੁਣ ਮਨਫ਼ੀ ਹੋ ਗਈ ਹੈ, ਗਰੰਟੀਆਂ ਦੇ ਵਰਤਾਰੇ ਨਾਲ।

ਚੋਣਾਂ 'ਚ ਵਪਾਰੀਕਰਨ ਦੇ ਦੌਰ ਨੇ ਜਿਥੇ ਸਿੱਖਿਆ ਦਾ ਮੰਤਵ ਬਦਲ ਦਿੱਤਾ, ਅਤੇ ਇਸਨੂੰ ਜਿਵੇਂ ਵਪਾਰ ਤੱਕ ਸੀਮਤ ਕਰ ਦਿੱਤਾ ਹੈ, ਇਵੇਂ ਹੀ ਮਨੁੱਖ ਦੀਆਂ ਭਾਸ਼ਾਵਾਂ, ਜੋ ਉਸਦੇ ਵਿਅਕਤੀਤਵ ਦੇ ਉਭਾਰ ਲਈ ਜ਼ਰੂਰੀ ਸਮਝੀਆਂ ਜਾਂਦੀਆਂ ਸਨ, ਉਸ ਉਤੇ ਵੀ ਟੋਕਾ ਫ਼ੇਰ ਦਿੱਤਾ ਹੈ। ਭਾਸ਼ਾਵਾਂ ਨੂੰ ਕਾਰੋਬਾਰ ਦੀ ਭਾਸ਼ਾ ਨਾਲ ਜੋੜਕੇ, ਖਿੱਤਿਆਂ ਦੇ ਸਭਿਆਚਾਰ ਨੂੰ ਖੋਰਾ ਲਾਉਣ ਦੀ ਸੋਚੀ ਸਮਝੀ ਸਾਜ਼ਿਸ਼ ਰਚੀ ਗਈ ਹੈ। ਮਨੁੱਖ ਹੱਥੋਂ ਰੁਜ਼ਗਾਰ ਖੋਹਕੇ ਮੁਫ਼ਤ ਅਨਾਜ, ਸਹੂਲਤਾਂ ਦੇਣ ਦਾ ਵਰਤਾਰਾ 'ਲੋਕ ਭਲਾਈ' ਦੇ ਪੱਲੇ ਸਿਆਸਤਦਾਨਾਂ ਤੇ ਸਿਆਸੀ ਪਾਰਟੀਆਂ ਨੇ ਬੰਨ੍ਹ ਦਿੱਤਾ ਹੈ, ਜਿਸ ਨਾਲ ਉਹ ਲੋਕ ਮਨਾਂ ਨਾਲ ਖਿਲਵਾੜ ਕਰਦੇ ਹਨ, ਉਹਨਾ ਦੇ ਮਨਾਂ 'ਚ ਹੀਣਤਾ ਪੈਦਾ ਕਰਦੇ ਹਨ।

ਕੀ ਕਦੇ ਦੇਸ਼ ਦੇ ਸਿਆਸਤਦਾਨਾਂ ਨੇ ਸੋਚਿਆ ਹੈ ਕਿ ਦੇਸ਼ ਦੇ 80 ਕਰੋੜ ਗਰੀਬਾਂ ਨੂੰ ਮੁਫ਼ਤ ਅਨਾਜ ਦੇਣਾ ਅਤੇ ਲਗਾਤਾਰ ਦੇਣਾ ਕੀ ਲੋਕ ਮਨਾਂ 'ਚ ਹੀਣਤਾ ਪੈਦਾ ਨਹੀਂ ਕਰਦਾ ? ਕੀ ਹੱਥੀਂ ਕੰਮ, ਜਾਂ ਰੁਜ਼ਗਾਰ ਉਹਨਾ ਨੂੰ ਸਿਰ ਚੁੱਕਕੇ ਤੁਰਨ ਦੀ ਅਤੇ ਆਪਣੇ ਹੱਕਾਂ ਲਈ ਸਵਾਲ ਕਰਨ ਅਤੇ ਆਪਣੇ ਪੈਰੀਂ ਖੜੇ ਹੋਣ ਦੀ ਜਾਚ ਨਹੀਂ ਸਿਖਾਏਗਾ ? ਤਾਂ ਫ਼ਿਰ ਸਿਆਸੀ ਦਲ ਰੁਜ਼ਗਾਰ ਦੇ ਥਾਂ 'ਮੁਫ਼ਤ ਅਨਾਜ ਜਾਂ ਸਹੂਲਤਾਂ' ਦੇਣ ਦੀਆਂ ਗਰੰਟੀਆਂ ਕਿਉਂ ਦੇ ਰਹੇ ਹਨ ?

ਜਿੰਨੇ ਕੁ ਵੀ ਚੋਣ ਮੈਨੀਫ਼ੈਸਟੋ ਹੁਣ ਤੱਕ ਪਿਛਲੀਆਂ ਚੋਣਾਂ ਅਤੇ ਹੁਣ ਦੀਆਂ ਚੋਣਾਂ 'ਚ ਸਿਆਸੀ ਦਲਾਂ ਵਲੋਂ ਜਾਰੀ ਹੋਏ ਹਨ, ਉਹ ਸਿਆਸਤ ਵਿੱਚ ਪੈਸੇ ਦੀ ਵੱਡੀ ਵਰਤੋਂ, ਅਪਰਾਧੀਆਂ, ਢੁੱਠਾਂ ਵਾਲੇ ਲੋਕਾਂ ਦੀ ਸ਼ਮੂਲੀਅਤ ਨਾ ਹੋਣ ਦੇਣ ਬਾਰੇ ਗਰੰਟੀ ਕਿਉਂ ਨਹੀਂ ਦਿੰਦੇ ? ਯਾਦ ਰਹੇ ਪਿਛਲੇ ਦਿਨੀਂ ਛਪੀ ਇੱਕ ਰਿਪੋਰਟ 'ਚ ਲੋਕ ਸਭਾ, ਵਿਧਾਨ ਸਭਾ 'ਚ ਧੁੰਨ ਕੁਬੇਰਾਂ ਦੀ ਗਿਣਤੀ ਤਾਂ ਵਧ ਹੀ ਰਹੀ ਹੈ,

(ਬਾਕੀ ਸਫ਼ਾ 31 'ਤੇ)

# ਭਾਰਤੀ ਸ਼ਾਸਨ ਦੇ ਬਦਲਦੇ ਪ੍ਰਤੀਮਾਨਾਂ ਲਈ ਤਰਜੀਹਾਂ ਅਤੇ ਅਭਿਆਸਾਂ ਦੀ ਪੁਨਰ-ਸਥਾਪਨਾ ਦੀ ਲੋੜ



ਸੁਰੇਸ਼ ਕੁਮਾਰ
ਸਾਬਕਾ ਆਈ.ਏ.ਐਸ. ਅਧਿਕਾਰੀ, ਪੰਜਾਬ।

ਜਮਹੂਰੀ ਪ੍ਰਕਿਰਿਆ, ਖ਼ਾਸ ਤੌਰ 'ਤੇ ਲੋਕ ਸਭਾ ਦੀਆਂ ਚੋਣਾਂ 'ਚ, ਸਪੱਸ਼ਟ ਤੌਰ 'ਤੇ ਭਾਰਤ ਦੇ ਸ਼ਾਸਨ ਨੂੰ ਆਕਾਰ ਦੇਣ ਵਿੱਚ ਇੱਕ ਬੁਨਿਆਦ ਦੀ ਹੈਸੀਅਤ ਰੱਖਦੀ ਹੈ। ਹਾਲਾਂਕਿ, ਚੋਣ ਮੁਹਿੰਮਾਂ ਅਤੇ ਸਿਆਸੀ ਰਣਨੀਤੀਕਰਨ ਦੇ ਜੋਸ਼ ਦੇ ਦਰਮਿਆਨ ਇੱਕ ਮਹੱਤਵਪੂਰਨ ਮੁੱਦਾ ਸਬੂਤਾਂ 'ਤੇ ਆਧਾਰਿਤ ਫ਼ੈਸਲੇ ਲੈਣ ਦੀਆਂ ਧਾਰਨਾਵਾਂ ਦੀ ਵਿਆਪਕਤਾ, ਦਾ ਉੱਭਰਦਾ ਹੈ। ਜਿਵੇਂ-ਜਿਵੇਂ ਤਕਨੀਕੀ ਵਿਕਾਸ ਅਤੇ ਬਦਲਦੀ ਸਮਾਜਿਕ ਗਤੀਸ਼ੀਲਤਾ ਕਾਰਨ ਸਾਡਾ ਰਾਜਨੀਤਕ ਦ੍ਰਿਸ਼ ਵਿਕਸਤ ਹੋ ਰਿਹਾ ਹੈ, ਸਬੂਤਾਂ 'ਤੇ ਆਧਾਰਿਤ ਸ਼ਾਸਨ ਦੀ ਲੋੜ ਤੇਜ਼ੀ ਨਾਲ ਸਪੱਸ਼ਟ ਹੁੰਦੀ ਜਾ ਰਹੀ ਹੈ।

ਲੋਕ ਸਭਾ ਦੀਆਂ ਆਮ ਚੋਣਾਂ ਨੂੰ ਲੈ ਕੇ ਰਾਜਨੀਤਕ ਚਰਚਾ ਪਹਿਲਾਂ ਤੋਂ ਲਗਾਏ ਜਾ ਰਹੇ ਅਨੁਮਾਨਾਂ (ਅੰਦਾਜ਼ਿਆਂ), ਸਰਵੇਖਣਾਂ ਦੇ ਨਤੀਜਿਆਂ ਅਤੇ ਮੀਡੀਆ ਰਿਪੋਰਟਾਂ ਦੇ ਆਲੇ-ਦੁਆਲੇ ਘੁੰਮਦੀ ਹੈ, ਜੋ ਠੋਸ ਸਬੂਤਾਂ ਦੀ ਤੁਲਨਾ 'ਚ ਧਾਰਨਾਵਾਂ 'ਤੇ ਜ਼ਿਆਦਾ ਆਧਾਰਿਤ ਹੁੰਦੀ ਹੈ। 'ਗ਼ਰੀਬੀ ਹਟਾਓ' ਅਤੇ 'ਸ਼ਾਈਨਿੰਗ ਇੰਡੀਆ' ਮੁਹਿੰਮਾਂ ਵਰਗੀਆਂ ਇਤਿਹਾਸਕ ਉਦਾਹਰਨਾਂ ਦੇ ਨਾਲ-ਨਾਲ ਜਨ ਲੋਕਪਾਲ ਮੁਹਿੰਮ ਵਰਗੇ ਅੰਦੋਲਨ, ਚੋਣ ਨਤੀਜਿਆਂ 'ਤੇ ਧਾਰਨਾ ਦੇ ਸਥਾਈ ਪ੍ਰਭਾਵ ਨੂੰ ਦਰਸਾਉਂਦੇ ਹਨ। ਅੱਜ, ਸੋਸ਼ਲ ਮੀਡੀਆ ਦੇ ਪ੍ਰਸਾਰ ਦੇ ਯੁੱਗ 'ਚ, ਧਾਰਨਾ-ਆਧਾਰਿਤ ਬਿਰਤਾਂਤ ਬੇਮਿਸਾਲ ਤੇਜ਼ੀ ਨਾਲ ਫੈਲ ਰਹੇ ਹਨ, ਜੋ ਲੋਕ ਰਾਏ ਨੂੰ ਮਹੱਤਵਪੂਰਨ ਢੰਗ ਨਾਲ ਪ੍ਰਭਾਵਿਤ ਕਰ ਰਹੇ ਹਨ। ਪੇਸ਼ੇਵਰ ਚੋਣ ਪ੍ਰਬੰਧਨ ਕੰਪਨੀਆਂ ਤੋਂ ਇਲਾਵਾ, ਰਾਜਨੀਤਕ ਦਲਾਂ ਦੇ ਅੰਦਰੂਨੀ ਮੀਡੀਆ ਆਦਾਰੇ ਇਨ੍ਹਾਂ ਕੋਸ਼ਿਸ਼ਾਂ 'ਚ ਮੋਟੇ ਤੌਰ 'ਤੇ ਸ਼ਾਮਿਲ ਹਨ।

ਇੱਕ ਬੌਧਿਕ ਪ੍ਰਕਿਰਿਆ ਦੇ ਰੂਪ 'ਚ ਧਾਰਨਾ, ਮਹੱਤਵਪੂਰਨ ਤੌਰ 'ਤੇ ਪ੍ਰਭਾਵਿਤ ਕਰਦੀ ਹੈ ਕਿ ਵਿਅਕਤੀ ਆਪਣੇ ਵਾਤਾਵਰਨ ਤੋਂ ਉਤਸ਼ਾਹਿਤ ਹੋ ਕੇ ਕਿਵੇਂ ਵਿਆਖਿਆ ਕਰਦੇ ਹਨ ਅਤੇ ਕਿਵੇਂ ਪ੍ਰਤੀਕਿਰਿਆ ਦਿੰਦੇ ਹਨ। ਹਾਲਾਂਕਿ ਨਿਰਪੱਖ ਵਿਆਖਿਆ ਦੀ ਧਾਰਨਾ ਵੀ, ਖ਼ਾਸਕਰ ਰਾਜਨੀਤੀ ਅਤੇ ਸ਼ਾਸਨ 'ਚ, ਅਕਸਰ ਖ਼ਾਮੀਆਂ ਭਰਪੂਰ ਹੁੰਦੀ ਹੈ। ਸਬੂਤ ਜਾਂ ਸੱਚਾਈ ਦੀ ਅਣਦੇਖੀ ਕਰਦੇ ਹੋਏ, ਜਨਤਾ ਦੀ ਰਾਏ ਨੂੰ ਪ੍ਰਭਾਵਿਤ ਕਰਨ ਲਈ ਬਿਰਤਾਂਤ (ਨੈਰੇਟਿਵ) ਸਿਰਜੇ ਜਾਂਦੇ ਹਨ ਅਤੇ ਸੰਵੇਦਨਸ਼ੀਲ ਜਾਣਕਾਰੀ 'ਚ ਹੇਰਾਫੇਰੀ ਕਰਨ ਦੇ ਠੋਸ ਯਤਨ ਕੀਤੇ ਜਾਂਦੇ ਹਨ। ਇਹ ਚਾਲਾਂ, ਜੋ ਪਹਿਲਾਂ ਕਾਰਪੋਰੇਟ ਮਾਰਕਿਟਿੰਗ ਤੱਕ ਹੀ ਸੀਮਤ ਸਨ, ਹੁਣ ਰਾਜਨੀਤਕ ਖੇਤਰ 'ਚ ਵੀ ਫੈਲ ਗਈਆਂ ਹਨ ਅਤੇ ਆਧੁਨਿਕ ਪ੍ਰਚਾਰ ਰਣਨੀਤੀਆਂ ਦਾ ਅਨਿੱਖੜਵਾਂ ਅੰਗ ਬਣ ਗਈਆਂ ਹਨ।

ਚੋਣ ਪ੍ਰਬੰਧਨ ਕੰਪਨੀਆਂ ਦਾ ਵਿਕਾਸ ਰਾਜਨੀਤਕ ਰਣਨੀਤੀਕਰਨ 'ਚ ਇੱਕ ਵੱਡੇ ਬਦਲਾਅ ਦੀ ਉਦਾਹਰਨ ਹੈ। ਉਹ ਅਜਿਹੀ ਮਾਰਕਿਟਿੰਗ ਜਾਣਕਾਰੀ 'ਚ ਮਾਹਿਰ ਹਨ, ਜਿਸ 'ਚ ਭਾਵੇਂ ਸੱਚਾਈ ਦੀ ਘਾਟ ਹੋ ਸਕਦੀ ਹੈ, ਪਰ ਉਹ ਪਹਿਲਾਂ ਤੋਂ ਨਿਰਧਾਰਿਤ ਏਜੰਡੇ 'ਤੇ ਕੰਮ ਕਰਦੇ ਹਨ। ਉਹ ਅਕਸਰ ਟੀਚੇ ਆਧਾਰਿਤ ਸੰਦੇਸ਼ਾਂ ਅਤੇ ਬਿਰਤਾਤਾਂ ਜ਼ਰੀਏ ਸਬੂਤਾਂ ਜਾਂ ਨੈਤਿਕ ਵਿਚਾਰਾਂ ਦੀ ਕੀਮਤ 'ਤੇ ਜਨਤਕ ਧਾਰਨਾਵਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਯਤਨ ਲੁਕਵੀਂ ਹੇਰਾਫੇਰੀ ਦੇ ਸਮਾਨ ਹਨ, ਜੋ ਰਾਜਨੀਤਕ ਸੰਦਰਭ ਦੇ ਅਨੁਕੂਲ ਹੁੰਦੇ ਹਨ, ਜੋ ਕਿ ਰਾਜ ਦੀ ਰਾਜਨੀਤਕ ਗਤੀਸ਼ੀਲਤਾ ਅਤੇ ਪਾਰਟੀ ਨਾਲ ਸੰਬੰਧਿਤ ਕਾਰਕਾਂ ਦੇ ਆਧਾਰ 'ਤੇ ਤੀਬਰਤਾ ਅਤੇ ਸੂਝ-ਬੂਝ 'ਚ ਭਿੰਨ ਹੁੰਦੇ ਹਨ। ਹਾਲਾਂਕਿ ਪ੍ਰਾਸੰਗਿਕ ਹਕੀਕਤਾਂ ਨਾਲ ਉਨ੍ਹਾਂ ਦਾ ਸੰਬੰਧ ਅਕਸਰ ਘੱਟ ਹੀ ਰਹਿੰਦਾ ਹੈ।

ਧਾਰਨਾਵਾਂ ਅਤੇ ਹਕੀਕਤਾਂ ਵਿਚਾਲੇ ਇਸ ਵੱਖਰੇਵੇਂ ਦੇ ਸਿੱਟੇ ਬਹੁਤ ਦੂਰਗਾਮੀ ਹਨ। ਕਦੇ ਪਰਿਵਰਤਨਸ਼ੀਲ ਤਬਦੀਲੀ ਦੀ ਉਮੀਦ ਰੱਖਣ ਵਾਲੇ ਨੌਜਵਾਨਾਂ 'ਚ ਹੁਣ ਰਾਜਨੀਤਕ ਪ੍ਰਕਿਰਿਆ ਪ੍ਰਤੀ ਉਦਾਸੀਨਤਾ ਅਤੇ ਨਿਰਾਸ਼ਾ ਪੈਦਾ ਹੋ ਗਈ ਹੈ। ਰਵਾਇਤੀ ਲੀਡਰਾਂ ਨੇ ਰਾਜਨੀਤੀ 'ਚ ਪੀੜ੍ਹੀ-ਦਰ ਪੀੜ੍ਹੀ ਤਬਦੀਲੀਆਂ ਤੋਂ ਪਾਸਾ ਵੱਟ ਲਿਆ ਹੈ ਅਤੇ ਸ਼ਾਸਨ ਦੇ ਇੱਕ ਤਾਨਾਸ਼ਾਹੀ ਅਤੇ ਧੁੰਦਲੇ ਸਰੂਪ ਨੂੰ ਕਾਇਮ ਰੱਖਦੇ ਹੋਏ, ਸੱਤਾ 'ਤੇ ਆਪਣੀ ਪਕੜ ਮਜ਼ਬੂਤ ਕਰ ਲਈ ਹੈ। ਜ਼ਾਹਿਰ ਤੌਰ 'ਤੇ ਇਸ 'ਚ ਭ੍ਰਿਸ਼ਟਾਚਾਰ ਸ਼ਾਮਿਲ ਹੈ, ਜੋ ਜਮਹੂਰੀ ਸਿਧਾਂਤਾਂ ਨੂੰ ਕਮਜ਼ੋਰ ਕਰ ਰਿਹਾ ਹੈ ਅਤੇ ਇਹ ਰੁਝਾਨ ਸੰਸਥਾਵਾਂ 'ਚ ਜਨਤਾ ਦਾ ਵਿਸ਼ਵਾਸ ਵੀ ਘਟਾ ਰਿਹਾ ਹੈ।

ਪੰਜਾਬ 'ਚ, ਰਾਜਨੀਤਕ ਪੈਂਤੜੇਬਾਜ਼ੀ ਨੇ ਅਜਿਹੇ ਬਿਰਤਾਤਾਂ (ਨੈਰੇਟਿਵ) ਦੇ ਨਿਰਮਾਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜੋ ਅਕਸਰ ਹਕੀਕਤ ਤੋਂ ਵੱਖਰੇ ਹੁੰਦੇ ਹਨ। ਅਸਲ ਸਮਾਜਿਕ-ਰਾਜਨੀਤਕ ਅਤੇ ਆਰਥਿਕ ਮੁੱਦੇ, ਜਿਵੇਂ ਕਿ ਖੇਤਰੀ ਪੁਨਰਗਠਨ, ਅੰਤਰ-ਰਾਜੀ ਪਾਣੀਆਂ ਦੀ ਵੰਡ, ਬੇਰੁਜ਼ਗਾਰੀ, ਕਿਸਾਨਾਂ ਦਾ ਸੰਕਟ, ਲੋੜੀਂਦੇ ਉਦਯੋਗਿਕ ਪ੍ਰੋਤਸਾਹਨਾਂ ਦੀ ਕਮੀ ਅਤੇ ਵਧਦਾ ਜਨਤਕ ਕਰਜ਼ ਆਦਿ ਉੱਪਰ ਭਾਵਨਾਤਮਿਕ ਚੋਣ ਬਿਰਤਾਤ (ਨੈਰੇਟਿਵ) ਹਾਵੀ ਹੋ ਗਏ ਹਨ। ਹਾਲਾਂਕਿ ਭਾਵਨਾਤਮਿਕ ਉਭਾਰ ਜੋ ਸੱਤਾ ਹਾਸਿਲ ਕਰਨ 'ਚ ਮਦਦ ਕਰਦਾ ਹੈ, ਦੇ ਬਾਵਜੂਦ, ਰਾਜਨੇਤਾ ਅਕਸਰ ਇਨ੍ਹਾਂ ਅਸਲੀ ਮੁੱਦਿਆਂ ਨਾਲ ਪ੍ਰਭਾਵੀ ਢੰਗ ਨਾਲ ਨਿਪਟਣ 'ਚ ਅਸਫਲ ਰਹੇ ਹਨ, ਜਿਸ ਕਾਰਨ ਅਧੂਰੇ ਵਾਅਦਿਆਂ ਅਤੇ ਨਿਰਾਸ਼ਾ ਦਾ ਇਕ ਚੱਕਰ ਬਣ ਜਾਂਦਾ ਹੈ। ਇੱਥੋਂ ਤੱਕ ਕਿ ਰਾਜਨੀਤੀ 'ਚ ਪੀੜ੍ਹੀ-ਦਰ ਪੀੜ੍ਹੀ ਬਦਲਾਅ ਨੇ ਵੀ ਰਾਜਨੀਤਕ ਵਿਚਾਰਾਂ ਨੂੰ ਨਹੀਂ ਬਦਲਿਆ।

ਸਬੂਤਾਂ 'ਤੇ ਆਧਾਰਿਤ ਫ਼ੈਸਲੇ ਲੈਣ ਦਾ ਖੋਰਾ ਭਾਰਤੀ ਲੋਕਤੰਤਰ ਦੀ ਦਿਆਨਤਦਾਰੀ ਅਤੇ ਸਿਹਤ 'ਤੇ ਵਿਆਪਕ ਪ੍ਰਭਾਵ ਪਾਉਂਦਾ ਹੈ। ਨਵੀਂ ਪੀੜ੍ਹੀ ਦੀਆਂ ਰਾਜਨੀਤੀ ਨਾਲ ਜੁੜੀਆਂ ਇੱਛਾਵਾਂ, ਉਦਾਰਤਾ, ਅਨੁਸ਼ਾਸਨ, ਵਿੱਤੀ ਸੂਝ-ਬੂਝ, ਜਮਹੂਰੀ ਭਾਗੀਦਾਰੀ ਅਤੇ ਆਲਮੀ ਪ੍ਰਾਸੰਗਿਕਤਾ-ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਸਮਰਥਨ ਕਰਨ ਵਾਲੇ ਠੋਸ ਸਬੂਤਾਂ ਤੋਂ ਬਿਨਾਂ ਹਵਾਈ ਹੀ ਬਣੀਆਂ ਹੋਈਆਂ ਹਨ। ਸਿੱਟੇ ਵਜੋਂ ਭਾਰਤੀ ਲੋਕਤੰਤਰ ਨੂੰ ਦਰਪੇਸ਼ ਚੁਣੌਤੀਆਂ ਤੇਜ਼ ਹੋ ਗਈਆਂ ਹਨ, ਜੋ ਸ਼ਾਸਨ ਦੇ ਮੁਲਾਂਕਣ ਦੀ ਮੰਗ ਕਰਦੀਆਂ ਹਨ।

ਬੁਨਿਆਂਦੀ ਤੌਰ 'ਤੇ ਸ਼ਾਸਨ ਨੂੰ ਸਬੂਤਾਂ ਦੇ ਆਧਾਰ 'ਤੇ ਅਤੇ ਡਾਟਾ ਦੁਆਰਾ ਸੰਚਾਲਿਤ ਅੰਤਰਦ੍ਰਿਸ਼ਟੀ ਨਾਲ ਜੋੜਿਆ ਜਾਣਾ ਚਾਹੀਦਾ ਹੈ। ਜਦੋਂ ਕਿ ਜਨਤਕ ਸੰਵਾਦ ਨੂੰ ਆਕਾਰ ਦੇਣ 'ਚ ਧਾਰਨਾਵਾਂ ਦਾ ਰੋਲ ਹੁੰਦਾ ਹੈ, ਪਰ ਜਾਣਕਾਰੀ ਅਧਾਰਿਤ ਬੁਨਿਆਦੀ ਪ੍ਰਤੀਮਾਨਾਂ ਮੁਤਾਬਿਕ ਫ਼ੈਸਲੇ ਲੈਣ ਨੂੰ ਯਕੀਨੀ ਬਣਾਉਣ ਲਈ ਧਾਰਨਾਵਾਂ ਨੂੰ ਅਨੁਭਵੀ ਜਨ ਸਬੂਤਾਂ ਦੁਆਰਾ ਸੰਜਮ 'ਚ ਢਾਲਣਾ ਚਾਹੀਦਾ ਹੈ। ਅਥਾਰਿਟੀ ਦਾ ਨਿਰਣਾਇਕ ਅਤੇ ਪਾਰਦਰਸ਼ੀ ਅਮਲ ਪ੍ਰਭਾਵੀ ਸ਼ਾਸਨ ਲਈ ਜ਼ਰੂਰੀ ਹੈ ਅਤੇ ਸੱਤਾ ਦੀ ਦੁਰਵਰਤੋਂ ਨੂੰ ਰੋਕਣ ਲਈ ਇਸ ਨੂੰ ਜਵਾਬਦੇਹੀ ਦੇ ਨਾਲ ਜੋੜਿਆ ਜਾਣਾ ਚਾਹੀਦਾ ਹੈ। ਕਾਨੂੰਨਾਂ ਅਤੇ ਨਿਯਮਾਂ ਨੂੰ ਨਾਗਰਿਕਾਂ ਦੀ ਸੰਤੁਸ਼ਟੀ ਅਤੇ ਖ਼ੁਸ਼ੀ ਨੂੰ ਤਰਜੀਹ ਦੇਣੀ ਚਾਹੀਦੀ ਹੈ, ਜਬਰ ਜਾਂ ਜ਼ੁਲਮ ਦੀ ਬਜਾਏ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਭਾਰਤ 'ਚ ਸ਼ਾਸਨ ਦੇ ਬਦਲਦੇ ਪ੍ਰਤੀਮਾਨਾਂ ਲਈ ਤਰਜੀਹਾਂ ਅਤੇ ਅਭਿਆਸਾਂ ਦੀ ਮੁੜ-ਸਥਾਪਨਾ ਦੀ ਜ਼ਰੂਰਤ ਹੈ। ਹਾਲਾਂਕਿ ਧਾਰਨਾਵਾਂ ਪ੍ਰਭਾਵਸ਼ਾਲੀ ਬਣੀਆਂ ਰਹਿੰਦੀਆਂ ਹਨ, ਉਨ੍ਹਾਂ ਦੀ ਵਿਵਹਾਰਕਤਾ ਨੂੰ ਸਥਾਪਿਤ ਕਰਨ ਲਈ ਉਨ੍ਹਾਂ ਨੂੰ ਸਬੂਤਾਂ ਦੁਆਰਾ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ। ਸਿਰਫ਼ ਸਬੂਤਾਂ 'ਤੇ ਆਧਾਰਿਤ ਫ਼ੈਸਲਾ ਲੈਣ ਦੀ ਵਚਨਬੱਧਤਾ ਰਾਹੀਂ ਹੀ ਭਾਰਤ ਆਪਣੀਆਂ ਜਮਹੂਰੀ ਇੱਛਾਵਾਂ ਨੂੰ ਸਾਕਾਰ ਕਰ ਸਕਦਾ ਹੈ ਅਤੇ 21ਵੀਂ ਸਦੀ 'ਚ ਸ਼ਾਸਨ ਦੀਆਂ ਜਟਿਲਤਾਵਾਂ ਨੂੰ ਨਿਪਟਾਅ ਸਕਦਾ ਹੈ ਲੋਕਤੰਤਰੀ ਪ੍ਰਕਿਰਿਆ, ਜਿਵੇਂ ਕਿ ਲੋਕ ਸਭਾ ਦੀਆਂ ਆਮ ਚੋਣਾਂ, ਭਾਰਤ 'ਚ ਸ਼ਾਸਨ ਦੇ ਭਵਿੱਖ ਨੂੰ ਆਕਾਰ ਦੇਣ ਲਈ ਇੱਕ ਮਹੱਤਵਪੂਰਨ ਕੰਮ ਕਰਦੀਆਂ ਹਨ। ਹਾਲਾਂਕਿ, ਚੋਣ ਮੁਹਿੰਮਾਂ ਦੇ ਅਤਿ-ਉਤਸ਼ਾਹੀ ਨਵੇਂ ਤਰੀਕਿਆਂ ਵਿਚਕਾਰ ਇਹ ਮਹੱਤਵਪੂਰਨ ਮੁੱਦੇ ਹਾਸ਼ੀਏ 'ਤੇ ਚਲੇ ਜਾਂਦੇ ਹਨ। ਜਿਵੇਂ-ਜਿਵੇਂ ਸਿਆਸੀ ਦ੍ਰਿਸ਼ ਵਿਕਸਤ ਹੋ ਰਿਹਾ ਹੈ, ਤਕਨੀਕੀ ਵਿਕਾਸ ਅਤੇ ਬਦਲਦੀ ਸਮਾਜਿਕ ਗਤੀਸ਼ੀਲਤਾ ਤੋਂ ਪ੍ਰੇਰਿਤ ਹੋ ਕੇ, ਚੰਗੇ ਸ਼ਾਸਨ ਲਈ ਸਬੂਤਾਂ ਨਾਲ ਆਧਾਰਿਤ ਧਾਰਨਾਵਾਂ ਨੂੰ ਸੰਤੁਲਿਤ ਕਰਨਾ ਜ਼ਰੂਰੀ ਹੋ ਗਿਆ ਹੈ।

# ਵੋਟਰਾਂ 'ਚ ਉਤਸ਼ਾਹ-ਹੀਣਤਾ ਕਿਤੇ ਮੋਦੀ ਦੀ ਨੀਤੀ ਦਾ ਸਿੱਟਾ ਤਾਂ ਨਹੀਂ ?



**ਅਭੈ ਕੁਮਾਰ ਦੂਬੇ**
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਾਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

ਲੋਕ ਸਭਾ ਚੋਣਾਂ 'ਚ ਦੋ ਗੇੜਾਂ ਦੀਆਂ ਵੋਟਾਂ ਪੈ ਚੁੱਕੀਆਂ ਹਨ। ਹੁਣ ਇਹ ਲਗਭਗ ਸਪੱਸ਼ਟ ਹੋ ਚੁੱਕਾ ਹੈ ਕਿ ਸੱਤਾਧਾਰੀ ਪਾਰਟੀਆਂ ਨੂੰ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲਾਂ ਲੱਗ ਰਿਹਾ ਸੀ ਕਿ ਨਰਿੰਦਰ ਮੋਦੀ, ਜਿਸ ਤਰ੍ਹਾਂ ਰੋਜ਼ ਸਵੇਰੇ ਚਹਿਲ-ਕਦਮੀ ਕਰ ਕੇ ਕਸਰਤ ਕਰਦੇ ਹਨ, ਉਸੇ ਤਰ੍ਹਾਂ ਉਹ ਆਰਾਮ ਨਾਲ ਚੋਣਾਂ ਜਿੱਤ ਜਾਣਗੇ। ਉਨ੍ਹਾਂ ਦੇ ਸਮਰਥਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਮੋਦੀ ਜੀ 2024 ਦੀਆਂ ਚੋਣਾਂ ਲੜ ਰਹੇ ਹਨ, ਪਰ ਉਨ੍ਹਾਂ ਦੀ ਤਿਆਰੀ 2029 ਦੀਆਂ ਚੋਣਾਂ ਨੂੰ ਜਿੱਤਣ ਦੀ ਹੈ ਅਤੇ ਉਨ੍ਹਾਂ ਦੀ ਨਜ਼ਰ 2047 'ਤੇ ਹੈ, ਜਦੋਂ ਦੇਸ਼ ਦੀ ਆਜ਼ਾਦੀ ਦੇ 100 ਸਾਲ ਪੂਰੇ ਹੋ ਜਾਣਗੇ। ਪਰ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਭਾਜਪਾ ਸਮਰਥਕ ਵੋਟਰਾਂ 'ਚ ਹੀ ਨਹੀਂ, ਸਗੋਂ ਭਾਜਪਾ ਵਰਕਰਾਂ ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਸੋਇਮ ਸੇਵਕਾਂ 'ਚ ਇਸ ਕਦਰ ਸੁਸਤੀ ਅਤੇ ਆਲਸ ਦਾ ਆਲਮ ਦਿਖਾਈ ਦੇਵੇਗਾ ਹੁਣ ਭਾਜਪਾ ਦੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਕਿਸ ਤਰ੍ਹਾਂ ਉਨ੍ਹਾਂ 'ਚ ਉਤਸ਼ਾਹ ਜਗਾਵੇ। ਉਸ ਨੇ ਇੱਕ ਨਹੀਂ, ਸਗੋਂ ਤਿੰਨ ਪਾਸੇ ਉਤਸ਼ਾਹ ਪੈਦਾ ਕਰਨਾ ਹੈ। ਵੋਟਰਾਂ 'ਚ, ਪਾਰਟੀ ਵਰਕਰਾਂ 'ਚ ਅਤੇ ਸੋਇਮ ਸੇਵਕਾਂ 'ਚ। ਮੋਦੀ ਜੀ ਨੇ ਸੋਚਿਆ ਸੀ ਕਿ ਕਾਂਗਰਸ ਦੇ ਘੋਸ਼ਣਾ ਪੱਤਰ ਦਾ ਸੰਪਰਦਾਇਕ ਅਰਥ ਕੱਢ ਕੇ ਉਹ ਪੂਰੀ ਚੋਣ 'ਚ ਉਤਸ਼ਾਹ ਜਗਾਉਣ 'ਚ ਕਾਮਯਾਬ ਹੋ ਜਾਣਗੇ। ਪਰ ਦੂਜੇ ਗੇੜ 'ਚ ਡਿਗੀ ਵੋਟ ਫ਼ੀਸਦੀ ਦੇਖਣ ਤੋਂ ਨਹੀਂ ਲਗਦਾ ਕਿ ਉਹ ਕਾਮਯਾਬ ਹੋਏ ਹਨ। ਸਵਾਲ ਇਹ ਹੈ ਕਿ, ਕੀ ਉਹ ਤੀਜੇ ਗੇੜ ਲਈ ਚੋਣ ਪ੍ਰਚਾਰ ਦੇ ਕਿਸੇ ਤੀਸਰੇ ਹੱਥਕੰਡੇ ਨੂੰ ਅਜ਼ਮਾਉਣ 'ਤੇ ਗ਼ੌਰ ਕਰਨਗੇ। ਯਾਦ ਰਹੇ ਕਿ ਪਹਿਲੇ ਦੌਰ 'ਚ ਉਨ੍ਹਾਂ ਦਾ ਸਾਰਾ ਜ਼ੋਰ ਭ੍ਰਿਸ਼ਟਾਚਾਰ ਖ਼ਿਲਾਫ਼ ਆਪਣੀ ਅਖੌਤੀ ਲੜਾਈ 'ਤੇ ਸੀ। ਦੂਜੇ ਦੌਰ 'ਚ ਭ੍ਰਿਸ਼ਟਾਚਾਰ ਦਾ ਮੁੱਦਾ ਗ਼ਾਇਬ ਹੋ ਗਿਆ ਅਤੇ ਉਹ ਸ਼ੁਰੂ ਹੋਇਆ, ਜਿਸ ਨੂੰ ਮੈਂ ਮੋਦੀ ਜੀ ਦਾ ਮੰਗਲਸੂਤਰ ਕਾਂਡ ਕਹਿੰਦਾ ਹਾਂ। ਤੀਸਰੇ ਦੌਰ 'ਚ ਕੀ ਹੋਵੇਗਾ ?

ਪਹਿਲਾਂ ਸਮਝਿਆ ਇਹ ਜਾ ਰਿਹਾ ਸੀ ਕਿ ਵੰਡੀਆਂ ਹੋਈਆਂ ਵੋਟਾਂ ਜਾਂ ਵੋਟਰਾਂ ਵਲੋਂ ਹਰ ਵਾਰ ਚੋਣਾਂ ਦੇ ਹਿਸਾਬ ਨਾਲ ਵੋਟ ਪਾਉਣ ਦੀ ਆਦਤ ਨੂੰ ਦੇਖਦਿਆਂ ਕੁਝ ਰਾਜਾਂ 'ਚ ਹਾਰ ਦੇ ਬਾਵਜੂਦ ਲੋਕ ਸਭਾ 'ਚ ਭਾਜਪਾ ਦੀ ਜਿੱਤ ਦੀਆਂ ਸੰਭਾਵਨਾਵਾਂ 'ਤੇ ਸਵਾਲੀਆ ਨਿਸ਼ਾਨ ਨਹੀਂ ਲਗਾਇਆ ਜਾ ਸਕਦਾ। ਵਿਰੋਧੀ ਧਿਰ ਦੀ ਏਕਤਾ ਐਂਟੀ-ਇਨਕੰਬੈਂਸੀ ਦੀ ਮਾਤਰਾ ਅਤੇ ਮਜ਼ਬੂਤੀ 'ਤੇ ਨਿਰਭਰ ਸੀ। ਇਹ ਮੰਨ ਲਿਆ ਗਿਆ ਸੀ ਕਿ ਜੇਕਰ ਸਰਕਾਰ ਵਿਰੋਧੀ ਭਾਵਨਾਵਾਂ ਆਮ ਕਿਸਮ ਦੀਆਂ ਹਨ, ਤਾਂ ਨਰਿੰਦਰ ਮੋਦੀ ਆਪਣੇ ਸਮਾਜਿਕ ਗੱਠਜੋੜ ਅਤੇ ਲੋਕ ਭਲਾਈ ਮਾਡਲ ਦੇ ਦਮ 'ਤੇ ਉਸ 'ਤੇ ਕਾਬੂ ਪਾ ਲੈਣਗੇ। ਜੇਕਰ ਇਹ ਭਾਵਨਾਵਾਂ ਸਿਖ਼ਰਾਂ 'ਤੇ ਪਹੁੰਚ ਗਈਆਂ ਤਾਂ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਨੂੰ ਕਿਸੇ ਅਸਾਧਾਰਨ ਉਪਾਅ ਦੀ ਜ਼ਰੂਰਤ ਪਏਗੀ। ਪਿਛਲੀ ਵਾਰ ਪੁਲਵਾਮਾ 'ਤੇ ਅੱਤਵਾਦੀ ਹਮਲੇ ਦੇ ਜਵਾਬ 'ਚ ਕੀਤੀ ਗਈ 'ਸਰਜੀਕਲ ਸਟ੍ਰਾਈਕ' ਜਾਂ 'ਘੁਸ ਕੇ ਮਾਰਾਂ' ਵਾਲੇ ਚੋਣਾਵੀ ਜੁਮਲੇ ਨੇ ਇਹ ਭੂਮਿਕਾ ਨਿਭਾਈ ਸੀ। ਜੇਕਰ ਇਹ ਜੁਮਲਾ ਨਾ ਹੁੰਦਾ ਤਾਂ ਅੱਜ ਨਰਿੰਦਰ ਮੋਦੀ ਲੰਗੜੀ (ਘੱਟ ਬਹੁਮਤ ਵਾਲੀ) ਸਰਕਾਰ ਚਲਾ ਰਹੇ ਹੁੰਦੇ। ਉਹ ਅਸਾਧਾਰਨ ਉਪਾਅ ਕੀ ਹੋਵੇਗਾ ? ਮੋਦੀ ਜੀ ਬੜੀ ਬੇਚੈਨੀ ਨਾਲ ਉਸ ਨੂੰ ਲੱਭ ਰਹੇ ਹਨ। ਚੋਣਾਂ ਲੰਬੀਆਂ ਚੱਲਣ ਵਾਲੀਆਂ ਹਨ। ਆਖਰੀ ਗੇੜ ਦੀਆਂ ਵੋਟਾਂ 1 ਜੂਨ ਨੂੰ ਪੈਣਗੀਆਂ। ਵੇਖਣ ਵਾਲੀ ਗੱਲ ਹੋਵੇਗੀ ਕਿ ਮੋਦੀ ਇਸ ਦੌਰਾਨ ਕਿਹੜਾ ਹੱਥਕੰਡਾ ਲੱਭ ਲਿਆਉਂਦੇ ਹਨ।



ਭਾਜਪਾ ਨੇ ਪਿਛਲੇ 10 ਸਾਲਾਂ 'ਚ ਦਿਖਾਇਆ ਹੈ ਕਿ ਸਮਾਜਿਕ ਗੱਠਜੋੜ ਬਣਾਉਣ ਦੀ ਕਲਾ 'ਚ ਉਸ ਦਾ ਕੋਈ ਸਾਨੀ ਨਹੀਂ ਹੈ। ਇਹ ਇੱਕ ਅਜਿਹੀ ਕਲਾ ਹੈ, ਜਿਸ ਨੂੰ ਜ਼ਿਆਦਾਤਰ ਵਿਰੋਧੀ ਪਾਰਟੀਆਂ, ਖ਼ਾਸਕਰ ਕਾਂਗਰਸ ਲਗਭਗ ਭੁੱਲ ਹੀ ਚੁੱਕੀ ਹੈ। ਸੰਸਦੀ ਚੋਣਾਂ ਹਮੇਸ਼ਾ ਅਤੇ ਹਰ ਥਾਂ ਪ੍ਰਮੁੱਖ ਰੂਪ ਨਾਲ ਸਮਾਜਿਕ ਗੱਠਜੋੜਾਂ ਜ਼ਰੀਏ ਹੀ ਜਿੱਤੀਆਂ ਜਾਂਦੀਆਂ ਹਨ। ਬਾਕੀ ਕਾਰਕਾਂ ਦੀ ਭੂਮਿਕਾ ਵੀ ਹੁੰਦੀ ਹੈ, ਪਰ ਉਹ ਨਾਂਹ ਦੇ ਬਰਾਬਰ ਹੁੰਦੇ ਹਨ। ਭਾਜਪਾ ਨੇ ਉੱਤਰ ਪ੍ਰਦੇਸ਼ 'ਚ 45 ਤੋਂ 50 ਫ਼ੀਸਦੀ ਵੋਟਾਂ ਦਾ ਜੋ ਸਮਾਜਿਕ ਗੱਠਜੋੜ ਬਣਾਇਆ ਹੈ, ਉਹ ਪਿਛਲੇ 9 ਸਾਲਾਂ 'ਚ ਹੋਈਆਂ ਦੋ ਲੋਕ ਸਭਾ ਅਤੇ ਦੋ ਵਿਧਾਨ ਸਭਾ ਚੋਣਾਂ ਦੌਰਾਨ ਉਸ ਨੂੰ ਇਕਪਾਸੜ ਜਿੱਤਾਂ ਦਿਵਾਉਂਦਾ ਰਿਹਾ ਹੈ। ਨਾ ਤਾਂ ਸਮਾਜਵਾਦੀ ਪਾਰਟੀ, ਨਾ ਬਹੁਜਨ ਸਮਾਜ ਪਾਰਟੀ ਅਤੇ ਨਾ ਹੀ ਕਾਂਗਰਸ ਉਸ 'ਚ ਥੋੜ੍ਹੀ ਜਿਹੀ ਵੀ ਸੰਧ ਲਗਾ ਸਕੀ ਹੈ। ਗੁਜਰਾਤ 'ਚ ਭਾਜਪਾ ਦਿਖਾ ਚੁੱਕੀ ਹੈ ਕਿ ਸਰਕਾਰ ਵਿਰੋਧੀ ਭਾਵਨਾਵਾਂ (ਐਂਟੀ-ਇਨਕੰਬੈਂਸੀ) ਵਧਣ ਦੇ ਬਾਵਜੂਦ ਉਹ ਚੋਣ ਨਤੀਜਿਆਂ ਨੂੰ ਆਪਣੇ ਹੱਕ 'ਚ ਇਕਪਾਸੜ ਕਿਵੇਂ ਬਣਾ ਸਕਦੀ ਹੈ। ਗੁਜਰਾਤ 'ਚ ਪਟੇਲਾਂ ਅਤੇ ਅਗੜੀ ਜਾਤੀਆਂ ਦੇ ਬੁਨਿਆਦੀ ਜਨ ਆਧਾਰ 'ਤੇ ਖੜ੍ਹੇ ਹੋ ਕੇ ਭਾਜਪਾ ਨੇ ਉਸ 'ਚ ਪੱਛੜੇ ਵਰਗਾਂ, ਆਦਿਵਾਸੀਆਂ ਅਤੇ ਦਲਿਤਾਂ ਦੀਆਂ ਵੋਟਾਂ ਹੋਰ ਜੋੜ ਕੇ ਜੋ ਮਤਦਾਤਾ-ਮੰਡਲ ਬਣਾਇਆ ਹੈ, ਉਸ ਨੇ ਇਕ ਵਾਰ ਫਿਰ ਉਸ ਦਾ ਸਾਥ ਦਿੱਤਾ ਹੈ। ਕੌਮੀ ਪੱਧਰ 'ਤੇ ਭਾਜਪਾ ਨੇ ਉੱਚੀਆਂ ਜਾਤੀਆਂ, ਯਾਦਵਾਂ ਨੂੰ ਛੱਡ ਕੇ ਜ਼ਿਆਦਾਤਰ ਪੱਛੜੀਆਂ ਜਾਤਾਂ, ਜਾਟਵਾਂ ਨੂੰ ਛੱਡ ਕੇ ਜ਼ਿਆਦਾਤਰ ਦਲਿਤ ਜਾਤੀਆਂ ਅਤੇ ਮੋਟੇ ਤੌਰ 'ਤੇ ਔਰਤ ਵੋਟਰਾਂ ਦੀ ਹਮਦਰਦੀ ਜਿੱਤਣ 'ਚ ਸਫਲਤਾ ਹਾਸਲ ਕੀਤੀ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਅਜਿਹਾ ਕੋਈ ਕਾਰਨ ਨਹੀਂ ਦਿਖਾਈ ਦੇ ਰਿਹਾ ਸੀ ਕਿ ਇਹ ਸਮਾਜਿਕ ਤਬਕੇ ਭਾਜਪਾ ਦਾ ਸਾਥ ਛੱਡਣ ਬਾਰੇ ਸੋਚਣਗੇ। ਮਾਹੌਲ ਹੀ ਕੁਝ ਅਜਿਹਾ ਬਣ ਗਿਆ ਸੀ ਕਿ ਲੋਕਾਂ ਨੂੰ ਭਾਜਪਾ ਹੀ ਸਾਰੇ ਦੇਸ਼ 'ਤੇ ਸ਼ਾਸਨ ਕਰਨ ਦੀ ਸਮਰੱਥਾ ਨਾਲ ਲੈਸ ਦਿਖਾਈ ਦੇ ਰਹੀ ਸੀ। ਇਹ ਕੁਝ ਉਵੇਂ ਹੀ ਸੀ, ਜਿਵੇਂ ਕਦੇ ਆਮ ਵੋਟਰ ਕਾਂਗਰਸ ਬਾਰੇ ਸੋਚਦੇ ਸਨ। ਅਜਿਹੇ ਹੀ ਮਾਹੌਲ ਕਾਰਨ ਮੇਰੇ ਵਰਗੇ ਸਿਆਸੀ ਸਮੀਖਿਅਕ ਦੇ ਦਿਮਾਗ 'ਚ ਇਹ ਗੱਲ ਨਹੀਂ ਆ ਸਕੀ ਸੀ ਕਿ ਕੁਝ ਹੋਰ ਵੀ ਵਾਪਰ ਸਕਦਾ ਹੈ। ਜਿਵੇਂ ਹੀ ਨਿਤਿਸ਼ ਕੁਮਾਰ ਦੇ ਪਾਲਾ ਬਦਲਣ ਅਤੇ ਕਾਂਗਰਸ ਦੀ ਲਾਪਰਵਾਹੀ ਕਾਰਨ ਵਿਰੋਧੀ ਏਕਤਾ ਦੀ ਗਤੀਸ਼ੀਲਤਾ ਖ਼ਤਮ ਹੋਈ ਨਜ਼ਰ ਆਈ ਤਾਂ ਇੱਕ ਵਾਰ ਫਿਰ ਮੋਦੀ ਜੀ ਨੇ ਆਪਣਾ ਰਸਤਾ ਸਾਫ਼ ਕਰ ਲਿਆ ਸੀ। ਪਰ ਇਹ ਕਿਸੇ ਨੂੰ ਨਹੀਂ ਪਤਾ ਸੀ ਕਿ ਹਰ ਚੋਣਾਂ 'ਚ ਵਧਣ ਵਾਲਾ ਵੋਟ ਫ਼ੀਸਦੀ ਇਸ ਵਾਰ ਇਸ ਤਰ੍ਹਾਂ ਘਟੇਗਾ ਕਿ ਉਸ ਨਾਲ ਭਾਜਪਾ ਦੀ ਚੋਣਾਂ ਜਿੱਤਣ ਦੀ ਗਾਰੰਟੀ 'ਤੇ ਸ਼ੱਕ ਦੇ ਬੱਦਲ ਮੰਡਰਾਉਣ ਲੱਗਣਗੇ। ਬਹੁਸੰਖਿਆਵਾਦੀ ਰਾਜਨੀਤੀ ਨੂੰ ਟਿਕਾਉਣ ਦਾ ਦੂਜਾ ਪਹਿਲੂ ਰਿਹਾ ਹੈ ਭਾਜਪਾ ਵੱਲੋਂ ਪ੍ਰਚੱਲਿਤ ਕੀਤਾ ਗਿਆ ਨਵਾਂ ਲੋਕ ਭਲਾਈ ਮਾਡਲ। ਇਸ ਨੂੰ ਲਾਭਪਾਤਰੀਆਂ ਦੀ ਨਵੀਂ ਜਾਤੀ ਵਜੋਂ ਵੀ ਦਰਸਾਇਆ ਜਾਂਦਾ ਹੈ। ਇਹ ਭਾਜਪਾ ਨੂੰ ਰਾਜਨੀਤਕ ਝਟਕਿਆਂ ਅਤੇ ਸਦਮਿਆਂ ਨੂੰ ਪਚਾ ਜਾਣ ਦੀ ਸਮਰੱਥਾ ਮੁਹੱਈਆ ਕਰ ਰਿਹਾ ਹੈ। ਪੁਰਾਣੇ ਲੋਕ ਭਲਾਈ ਮਾਡਲ ਦਾ ਨਮੂਨਾ ਮਗਨਰੇਗਾ ਵਰਗੇ ਪ੍ਰੋਗਰਾਮ ਹਨ, ਨਵੇਂ ਮਾਡਲ ਦਾ ਨਮੂਨਾ ਬਹੁਤ ਵੱਡਾ ਅਤੇ ਵਿਭਿੰਨ ਹੈ। ਇਸ 'ਚ ਜਨਧਨ ਖਾਤਿਆਂ ਤੋਂ ਲੈ ਕੇ ਪ੍ਰਧਾਨ ਮੰਤਰੀ ਸਨਮਾਨ ਯੋਜਨਾ ਅਤੇ ਮੁਫ਼ਤ ਜਾਂ ਸਸਤੇ ਅਨਾਜ ਦੀਆਂ ਯੋਜਨਾਵਾਂ ਸ਼ਾਮਿਲ ਹਨ। ਪੁਰਾਣਾ ਮਾਡਲ ਕਹਿੰਦਾ ਹੈ ਕਿ ਕੰਮ ਦੀ ਕੋਈ ਨਾ ਕੋਈ ਗਾਰੰਟੀ ਮਿਲੇਗੀ ਜਾਂ ਖ਼ੁਰਾਕੀ ਵਸਤਾਂ ਸਸਤੀਆਂ ਕਰ ਦਿੱਤੀਆਂ ਜਾਣਗੀਆਂ। ਨਵਾਂ ਮਾਡਲ ਕਹਿੰਦਾ ਹੈ ਕਿ ਆਰਥਿਕ ਸਹਾਇਤਾ ਸਿੱਧੇ ਤੁਹਾਡੇ ਖਾਤਿਆਂ 'ਚ ਪਹੁੰਚੇਗੀ ਜਾਂ ਬਿਜਲੀ-ਪਾਣੀ ਦੀਆਂ ਸਹੂਲਤਾਂ ਮੁਫ਼ਤ ਜਾਂ ਬਹੁਤ ਘੱਟ ਕੀਮਤਾਂ 'ਤੇ ਮਿਲਣਗੀਆਂ।

(ਬਾਕੀ ਸਫ਼ਾ 31 'ਤੇ)

# ਪੰਜਾਬ 'ਚ ਸੌਰ ਊਰਜਾ ਦੀ ਸੰਭਾਵਨਾ

**ਇੰਜ. ਦਰਸ਼ਨ ਸਿੰਘ ਭੁੱਲਰ**
*ਉਪ ਮੁੱਖ ਇੰਜਨੀਅਰ (ਰਿਟਾ.), ਪੀਐੱਸਪੀਸੀਐੱਲ।



ਭਾਰਤ ਨੇ 2030 ਤੱਕ ਨਵਿਆਉਣਯੋਗ ਊਰਜਾ ਦੀ ਸਮਰੱਥਾ ਤਕਰੀਬਨ 500 ਗੀਗਾਵਾਟ ਕਰਨ ਦਾ ਨਿਸ਼ਾਨਾ ਮਿੱਥਿਆ ਹੈ ਜੋ ਦੇਸ਼ ਦੀ ਉਸ ਵਕਤ ਕੁੱਲ ਸਮਰੱਥਾ ਦਾ 50% ਹੋਵੇਗਾ। ਇਸ ਵੇਲੇ ਦੇਸ਼ ਵਿੱਚ ਕੁੱਲ 156 ਗੀਗਾਵਾਟ ਦੀ ਸਮਰੱਥਾ ਦੇ ਪ੍ਰਾਜੈਕਟ ਉਸਾਰੀ ਅਧੀਨ ਹਨ ਜਿਨ੍ਹਾਂ ਵਿੱਚੋਂ 103 ਗੀਗਾਵਾਟ ਨਵਿਆਉਣਯੋਗ ਊਰਜਾ ਦੇ ਹਨ। ਨਵਿਆਉਣਯੋਗ ਊਰਜਾ ਵਿੱਚ ਦੇਸ਼ ਇਸ ਵੇਲੇ ਦੁਨੀਆ ਵਿੱਚੋਂ ਚੌਥੇ ਨੰਬਰ 'ਤੇ ਹੈ। ਫਰਵਰੀ 2024 ਦੇ ਅੰਤ ਤੱਕ ਦੇਸ਼ ਦੀ ਕੁੱਲ ਬਿਜਲੀ ਸਮਰੱਥਾ 434 ਗੀਗਾਵਾਟ ਹੈ ਜਿਸ ਵਿੱਚੋਂ 137 ਗੀਗਾਵਾਟ ਨਵਿਆਉਣਯੋਗ ਸੋਮਿਆਂ ਤੋਂ ਹੈ। ਨਵਿਆਉਣਯੋਗ ਸੋਮਿਆਂ ਵਿੱਚੋਂ ਸਭ ਤੋਂ ਵੱਧ 55% (76 ਗੀਗਾਵਾਟ) ਸੌਰ (ਸੂਰਜੀ) ਊਰਜਾ ਦਾ ਹਿੱਸਾ ਹੈ ਅਤੇ ਦੁਨੀਆ ਭਰ ਵਿੱਚੋਂ ਭਾਰਤ ਦਾ ਸੌਰ ਊਰਜਾ ਸਮਰੱਥਾ ਵਿੱਚ 5ਵਾਂ ਸਥਾਨ ਹੈ।

ਭਾਰਤ ਵਿੱਚ ਸੌਰ ਊਰਜਾ ਤੋਂ ਤਕਰੀਬਨ 749 ਗੀਗਾਵਾਟ ਬਿਜਲੀ ਪੈਦਾ ਕਰ ਸਕਣ ਦੀਆਂ ਸੰਭਾਵਨਾਵਾਂ ਹਨ। ਭਾਰਤ ਨੇ 2030 ਤੱਕ 280 ਗੀਗਾਵਾਟ ਸੌਰ ਸਮਰੱਥਾ ਦਾ ਨਿਸ਼ਾਨਾ ਮਿੱਥਿਆ ਹੈ। ਸੌਰ ਊਰਜਾ ਦੀ ਪੈਦਾਵਾਰ ਵਿੱਚ ਹੁਣ ਤੱਕ ਖ਼ਾਸ ਕਰ ਕੇ ਪੰਜ ਸੂਬੇ- ਰਾਜਸਥਾਨ, ਗੁਜਰਾਤ, ਕਰਨਾਟਕ, ਤਾਮਿਲਨਾਡ, ਅਤੇ ਮਹਾਰਾਸ਼ਟਰ ਮੋਹਰੀ ਹਨ। ਇਨ੍ਹਾਂ ਸੂਬਿਆਂ ਵਿੱਚ ਕ੍ਰਮਵਾਰ 17.8, 10.13, 9.05, 6.8 ਅਤੇ 4.8 ਗੀਗਾਵਾਟ ਸੌਰ ਸਮਰੱਥਾ ਦੇ ਪਲਾਂਟ ਹਨ ਜੋ ਭਾਰਤ ਦੀ ਕੁੱਲ ਸੌਰ ਸਮਰੱਥਾ ਦਾ ਤਕਰੀਬਨ 64% ਬਣਦਾ ਹੈ।

ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਦੇ ਸਰਵੇਖਣ ਅਨੁਸਾਰ, ਪੰਜਾਬ ਦੇ ਨੇੜੇ-ਤੇੜੇ ਪੈਂਦੇ ਸੂਬਿਆਂ- ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਅਤੇ ਜੰਮੂ ਕਸ਼ਮੀਰ ਵਿੱਚ ਸੌਰ ਊਰਜਾ ਤੋਂ ਕ੍ਰਮਵਾਰ 4560, 16800, 22830, 33840, 142310 ਅਤੇ 111050 ਮੈਗਾਵਾਟ ਬਿਜਲੀ ਸਮਰੱਥਾ ਦਾ ਅੰਦਾਜ਼ਾ ਲਾਇਆ ਗਿਆ ਹੈ। ਪੰਜਾਬ ਵਿੱਚ ਕੇਵਲ 2810 ਮੈਗਾਵਾਟ ਸੌਰ ਬਿਜਲੀ ਦੀ ਪੈਦਾਇਸ਼ ਦੀ ਸੰਭਾਵਨਾ ਲਾਈ ਗਈ ਹੈ। ਇਸ ਵੇਲੇ ਪੰਜਾਬ ਕੋਲ ਕੁੱਲ ਪ੍ਰਾਪਤ ਸਮਰੱਥਾ ਤਕਰੀਬਨ 14363 ਮੈਗਾਵਾਟ ਹੈ ਜਿਸ ਵਿੱਚ ਨਵਿਆਉਣਯੋਗ ਊਰਜਾ ਸਮਰੱਥਾ ਤਕਰੀਬਨ 14% ਹੈ। ਇਸ 14% ਨਵਿਆਉਣਯੋਗ ਸਮਰੱਥਾ ਵਿੱਚ ਕੇਂਦਰ ਅਤੇ ਪ੍ਰਾਈਵੇਟ ਦਾ ਹਿੱਸਾ ਤਕਰੀਬਨ 95% ਅਤੇ ਪੰਜਾਬ ਰਾਜ ਦਾ ਆਪਣਾ ਹਿੱਸਾ ਤਕਰੀਬਨ 5% ਹੀ ਹੈ।

ਬਿਜਲੀ ਦੀ ਵਧ ਰਹੀ ਮੰਗ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੂੰ ਠੋਸ ਨੀਤੀ ਘੜਨੀ ਚਾਹੀਦੀ ਹੈ। ਭਾਰਤ ਪੱਧਰ 'ਤੇ ਹੋਏ 20ਵੇਂ ਬਿਜਲੀ ਸਰਵੇਖਣ ਮੁਤਾਬਕ, 2030-31 ਵਿੱਚ ਪੰਜਾਬ ਦੀ ਵੱਧ ਤੋਂ ਵੱਧ ਮੰਗ 20028 ਮੈਗਾਵਾਟ ਹੋਵੇਗੀ। ਇਸ ਵਿੱਚ ਘਰਾਂ ਅਤੇ ਹੋਰ ਅਦਾਰਿਆਂ ਦੀਆਂ ਛੱਤਾਂ ਅਤੇ ਕੈਪਟਿਵ ਪਾਵਰ ਪਲਾਂਟਾਂ ਦੁਆਰਾ ਪੂਰੀ ਹੋਣ ਵਾਲੀ ਮੰਗ ਸ਼ਾਮਲ ਨਹੀਂ ਹੈ। ਜੇਕਰ ਇਸ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਸਰਵੇਖਣ ਮੁਤਾਬਕ ਸਿਖਰ ਮੰਗ 23363 ਮੈਗਾਵਾਟ ਹੋਣ ਦੀ ਸੰਭਾਵਨਾ ਹੈ। 20ਵੇਂ ਬਿਜਲੀ ਸਰਵੇਖਣ ਅਨੁਸਾਰ ਪੰਜਾਬ ਦਾ ਬੇਸ ਲੋਡ (ਹਮੇਸ਼ਾ ਰਹਿਣ ਵਾਲਾ ਲੋਡ) 2030-31 ਵਿੱਚ 11326 ਮੈਗਾਵਾਟ ਅੱਪੜ ਜਾਵੇਗਾ।

ਸੋ, ਸਾਫ ਜ਼ਾਹਿਰ ਹੈ ਕਿ ਭਵਿੱਖ ਦੀ ਮੰਗ, ਖਾਸ ਕਰ ਕੇ ਸਿਖਰ ਮੰਗ ਦਾ ਸਾਹਮਣਾ ਕਰਨ ਲਈ ਜੋ ਵਰਤਮਾਨ ਸਮਰੱਥਾ ਹੈ, ਉਹ ਕਾਫੀ ਨਹੀਂ ਹੈ। ਇਸ ਵਾਸਤੇ ਲੰਮੇ ਸਮੇਂ ਲਈ ਉਪਾਅ ਕਰਨੇ ਪੈਣਗੇ। ਜਦੋਂ ਤੋਂ ਪੰਜਾਬ ਵਿੱਚ ਝੋਨੇ ਦੀ ਕਾਸ਼ਤ ਹੋਣ ਲੱਗੀ ਹੈ, ਬਿਜਲੀ ਦੀ ਮੰਗ ਦੀ ਰੂਪਰੇਖਾ ਬਿਜਲੀ ਖੇਤਰ ਲਈ ਚੁਣੌਤੀ ਬਣੀ ਹੋਈ ਹੈ। 20ਵੇਂ ਬਿਜਲੀ ਸਰਵੇਖਣ ਨੇ ਵੀ ਇਹ ਸਾਫ ਕਰ ਦਿੱਤਾ ਹੈ ਕਿ 2030-31 ਤੱਕ ਵੀ ਹੁਣ ਵਾਂਗ ਸਾਡੀ 'ਸਿਖਰ ਮੰਗ' ਸਾਡੇ 'ਬੇਸ ਲੋਡ' ਨਾਲੋਂ ਦੋ ਗੁਣਾ ਹੀ ਰਹੇਗੀ। ਇਸ ਕਰ ਕੇ ਪੰਜਾਬ ਨੂੰ ਝੋਨੇ ਦੇ ਸੀਜ਼ਨ ਵਿੱਚ ਪੈਦਾ ਹੋਣ ਵਾਲੀ 'ਅਸਥਾਈ ਸਿਖਰ ਮੰਗ' 'ਤੇ ਕਾਬੂ ਪਾਉਣ ਲਈ ਨੀਤੀ ਘੜਨੀ ਪਵੇਗੀ। ਜਿੱਥੋਂ ਤੱਕ ਬੇਸ ਲੋਡ ਦੀ ਪੂਰਤੀ ਦਾ ਸਵਾਲ ਹੈ, ਉਸ ਦੀ ਪੂਰਤੀ ਲਈ ਪੁਰਾਣੇ ਪਲਾਂਟਾਂ ਦੇ ਨਵੀਨੀਕਰਨ ਅਤੇ ਇਨ੍ਹਾਂ ਨਾਲ ਵਾਧੂ ਪਈ ਜ਼ਮੀਨ ਤੇ ਕੁਝ ਸਮਰੱਥਾ ਦੇ ਸੁਪਰ ਕ੍ਰਿਟੀਕਲ ਪਲਾਂਟ ਲਾਉਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

ਅਸਥਾਈ ਸਿਖਰ ਮੰਗ ਜੋ ਪੰਜਾਬ ਦੀ ਮੁੱਖ ਸਮੱਸਿਆ ਹੈ, ਨਾਲ ਨਜਿੱਠਣ ਲਈ ਪੰਜਾਬ ਨੂੰ ਕੌਮੀ ਨੀਤੀ ਦੀ ਤਰਜ਼ 'ਤੇ 2030 ਤੱਕ ਕੁੱਲ ਲੋੜੀਂਦੀ ਸਮਰੱਥਾ ਦਾ 50% ਨਵਿਆਉਣਯੋਗ ਊਰਜਾ ਤੋਂ ਪ੍ਰਾਪਤ ਕਰਨ ਲਈ ਤੇਜ਼ੀ ਅਤੇ ਸੁਹਿਰਦਤਾ ਨਾਲ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਨੂੰ ਨਵਿਆਉਣਯੋਗ ਸਰੋਤਾਂ, ਖਾਸ ਕਰ ਕੇ ਸੌਰ ਊਰਜਾ ਤੋਂ ਜਿੰਨੀ ਸੰਭਵ ਹੋ ਸਕੇ, ਬਿਜਲੀ ਪੈਦਾ ਕਰਨ ਲਈ ਸਿਰਤੋੜ ਯਤਨ ਕਰਨ ਦੀ ਲੋੜ ਹੈ। ਪੰਜਾਬ ਨੂੰ 2030-31 ਵਿੱਚ ਕੌਮੀ ਨੀਤੀ ਦੀ ਤਰਜ਼ 'ਤੇ ਨਵਿਆਉਣਯੋਗ ਸਮਰੱਥਾ ਵਿੱਚ ਤਕਰੀਬਨ ਢਾਈ ਗੁਣਾ ਵਾਧਾ ਕਰਨਾ ਪਵੇਗਾ। ਇਸ ਵਕਤ ਫਰਵਰੀ 2024 ਤੱਕ ਪੰਜਾਬ ਕੋਲ ਨਵਿਆਉਣਯੋਗ ਸਰੋਤਾਂ ਤੋਂ ਕੇਂਦਰੀ ਸੈਕਟਰ ਸਮੇਤ ਪੰਜਾਬ ਕੋਲ ਤਕਰੀਬਨ 1975 ਮੈਗਾਵਾਟ ਦੀ ਸਮਰੱਥਾ ਹੈ। ਇਸ ਹਿਸਾਬ ਨਾਲ ਪੰਜਾਬ ਨੂੰ 2030 ਤੱਕ ਨਵਿਆਉਣਯੋਗ ਸਮਰੱਥਾ ਵਿੱਚ ਤਕਰੀਬਨ 3000 ਮੈਗਾਵਾਟ ਦੇ ਬਰਾਬਰ ਦਾ ਇਜ਼ਾਫਾ ਕਰਨ ਲਈ ਸਾਧਨ ਜੁਟਾਉਣੇ ਪੈਣਗੇ।

ਅੰਦਾਜ਼ੇ ਮੁਤਾਬਕ ਪੰਜਾਬ ਕੋਲ ਨਵਿਆਉਣਯੋਗ ਊਰਜਾ ਸਰੋਤਾਂ ਦੀ ਕੁੱਲ ਸੰਭਾਵੀ ਸਮਰੱਥਾ ਮਸਾਂ ਤਕਰੀਬਨ 7000 ਮੈਗਾਵਾਟ ਹੀ ਹੈ ਜਿਸ ਵਿੱਚੋਂ ਤਕਰੀਬਨ 3200 ਮੈਗਾਵਾਟ ਬਾਇਓਮਾਸ ਅਤੇ 2800 ਮੈਗਾਵਾਟ ਸੌਰ ਊਰਜਾ ਤੋਂ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੌਰ ਊਰਜਾ ਪਲਾਂਟ ਦੂਜੇ ਸਰੋਤਾਂ ਦੇ ਮੁਕਾਬਲੇ ਜਗ੍ਹਾ ਜ਼ਿਆਦਾ ਘੇਰਦਾ ਹੈ, ਸੋ, ਵੱਡੇ ਸੋਲਰ ਪਲਾਂਟ ਲਾਉਣੇ ਪੰਜਾਬ ਲਈ ਫਾਇਦੇਮੰਦ ਨਹੀਂ ਪਰ ਵਾਤਾਵਰਨ ਪੱਖੋਂ ਸੌਰ ਊਰਜਾ ਬਾਇਓਮਾਸ ਨਾਲੋਂ ਜ਼ਿਆਦਾ ਸਾਫ ਹੈ। ਸੋ, ਪੰਜਾਬ ਕੋਲ ਜਿੰਨੀ ਵੀ ਸੌਰ ਸਮਰੱਥਾ ਹੈ, ਉਸ ਦਾ ਭਰਪੂਰ ਫਾਇਦਾ ਉਠਾਉਣਾ ਚਾਹੀਦਾ ਹੈ। ਜਿੱਥੇ ਕਿਤੇ ਵੀ ਸੰਭਵ ਅਤੇ ਕਫਾਇਤੀ ਹੋਵੇ, ਉੱਥੇ ਸੌਰ ਬਿਜਲੀ ਦੇ ਉਤਪਾਦਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਲੋਕਾਂ ਨੂੰ ਘਰਾਂ ਦੀਆਂ ਛੱਤਾਂ ਉੱਪਰ ਸੋਲਰ ਪਲਾਂਟ ਲਾਉਣ ਲਈ ਕੇਂਦਰੀ ਸਰਕਾਰ ਅਤੇ ਦਿੱਲੀ ਸਰਕਾਰ ਦੀ ਤਰਜ਼ 'ਤੇ ਸਬਸਿਡੀ ਦੇਣੀ ਚਾਹੀਦੀ ਹੈ। ਇਸ ਨਾਲ ਜਿੱਥੇ ਬਿਜਲੀ ਕੰਪਨੀ ਤੋਂ ਬਿਜਲੀ ਦੀ ਮੰਗ ਘਟੇਗੀ, ਉੱਥੇ ਲੋਕਾਂ ਨੂੰ ਬਿਜਲੀ ਤੋਂ ਆਮਦਨ ਵੀ ਹੋਵੇਗੀ। ਹੁਣੇ-ਹੁਣੇ ਪੀਐੱਸਪੀਸੀਐੱਲ ਨੇ ਟੈਂਡਰ ਜਾਰੀ ਕੀਤਾ ਹੈ ਕਿ ਜੋ ਜ਼ਮੀਨੀ ਮਾਲਕ ਸੋਲਰ ਪਲਾਂਟ ਲਾਉਣ ਲਈ ਆਪਣੀ ਜ਼ਮੀਨ ਠੇਕੇ 'ਤੇ ਦੇਣ ਦੇ ਚਾਹਵਾਨ ਹਨ, ਉਹ ਅਪਣੀ ਇੱਛਾ ਜ਼ਾਹਿਰ ਕਰਨ। ਪੰਜਾਬ ਵਿੱਚ ਤਕਰੀਬਨ 7.25 ਲੱਖ ਏਕੜ ਸਾਂਝੀ ਜ਼ਮੀਨ ਮੁਸਤਰਕੇ ਅਤੇ ਸ਼ਾਮਲਾਟ-ਦੇਹ ਦੇ ਖਾਤੇ ਬੋਲਦੀ ਹੈ। ਇਨ੍ਹਾਂ ਸਾਂਝੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਹੋਣ ਬਾਰੇ ਸਭ ਨੂੰ ਪਤਾ ਹੈ ਅਤੇ ਇਨ੍ਹਾਂ ਵਿੱਚੋਂ ਜੋ ਜ਼ਮੀਨਾਂ ਠੇਕੇ ਉੱਪਰ ਦਿੱਤੀਆਂ ਜਾਂਦੀਆਂ ਹਨ,

(ਬਾਕੀ ਸਫ਼ਾ 31 'ਤੇ)

# ਧਰਨੇ ਸਹੀ ਹਨ ਜਾਂ ਗ਼ਲਤ?



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ,
ਤਖ਼ਤ ਸ੍ਰੀ ਦਮਦਮਾ ਸਾਹਿਬ

ਅਸੀਂ ਕਾਲੇ ਦਿਲਾਂ ਦੇ ਗੁਲਾਮ ਹੀ ਰਹੇ। ਲੋਕ-ਪੱਖੀ ਅਨੁਭਵੀ ਤਜਰਬੇਕਾਰ ਹਕੂਮਤ ਨੂੰ ਤਰਸ ਰਹੇ ਹਾਂ। ਰਾਜਨੀਤਕ ਆਗੂਆਂ ਦਾ ਜੀਵਨ ਤੇ ਸਮਝ ਸਮਰਪਣ ਵਾਲਾ ਮਿਆਰ ਬੁਰੀ ਤਰ੍ਹਾਂ ਡਿੱਗਦਾ ਹੀ ਜਾ ਰਿਹਾ ਹੈ। ਲੋਕ ਹੱਕਾਂ ਤੇ ਨਿੱਤ ਉੱਠਦੀਆਂ ਨਵੀਆਂ ਮੰਗਾਂ ਨੂੰ ਆਗੂ ਤੇ ਅਫ਼ਸਰਸ਼ਾਹੀ ਸਮਝਣ ਲਈ ਮਨੋਂ ਹੀ ਤਿਆਰ ਨਹੀਂ ਹੁੰਦੇ। ਜੀਵਨ ਲੋੜਾਂ ਦਾ ਵਿਕਰਾਲ ਰੂਪ ਮਨੁੱਖ ਦੇ ਸਾਹਮਣੇ ਨਿੱਤ ਨਵੀਆਂ ਚੁਣੌਤੀਆਂ ਲੈ ਕੇ ਜ਼ਿੰਦਗੀ ਦਾ ਰਾਹ ਮੱਲੀ ਬੈਠਾ ਹੈ। ਜ਼ਿੰਦਗੀ ਦੀ ਗੱਡੀ ਦਾ ਪਹੀਆ ਹੀ ਚੱਲਣੋਂ ਜਵਾਬ ਦੇਈ ਜਾਂਦਾ ਹੈ। ਅਜਿਹੇ ਹਾਲਾਤ ਮਨੁੱਖ ਨੂੰ ਮਨੋਂ ਤੋੜਦੇ ਹਨ। ਜ਼ਿੰਦਗੀ ਦਾ ਵਿਉਂਤਹੀਣਾ ਵਰਤਮਾਨ ਇੱਕ ਵੱਡਾ ਭਾਰ ਬਣ ਕੇ ਜ਼ਿਆਦਾਤਰ ਮਨੁੱਖਾਂ ਦੀ ਝੋਲੀ ਸੰਤਾਪ ਹੀ ਪਾ ਰਿਹਾ ਹੈ। ਭਾਰਤੀ ਗ਼ੈਰ-ਅਨੁਭਵੀ ਸਿਆਸਤਦਾਨਾਂ ਦੀ ਡਗਮਗਾਉਂਦੀ ਸੋਚ ਤੇ ਗ਼ਲਤ ਨੀਤੀਆਂ ਸਦਕਾ ਭਾਰਤ ਅੰਦਰ ਧਰਨੇ-ਰੋਸ ਮੁਜ਼ਾਹਰਿਆਂ ਦਾ ਦੌਰ ਪਨਪਿਆ ਹੈ। ਰੋਸ ਧਰਨੇ ਤੇ ਰੋਸ ਮੁਜ਼ਾਹਰੇ ਕਰਨੇ ਜਿਵੇਂ ਸਿਆਸਤਦਾਨਾਂ ਨੇ ਹੋਂਦ ਤੇ ਹਉਮੈ ਦੀ ਟੈਂ ਪ੍ਰਗਟਾਉਣ ਲਈ ਮਾਣ ਮੰਨ ਲਏ ਹੋਣ। ਦੇਸ਼ ਦੇ ਅੰਦਰ ਹੁਣ ਤੱਕ ਕਿੰਨੇ ਧਰਨੇ ਲੱਗੇ? ਕਿੰਨ੍ਹੀਆਂ ਜਾਨਾਂ ਗਈਆਂ? ਕਿੰਨੀ ਕੁ ਜਾਇਦਾਦ ਨੁਕਸਾਨੀ ਗਈ? ਆਵਾਜਾਈ ਪ੍ਰਭਾਵਿਤ ਹੋਣ ਨਾਲ ਲੋਕ ਮਾਨਸਿਕਤਾ 'ਤੇ ਕੀ-ਕੀ ਵਾਪਰਿਆ? ਯਾਤਰੂਆਂ ਤੇ ਕਾਰੋਬਾਰ ਨੂੰ ਕਿੰਨ੍ਹਾ ਕੁ ਨੁਕਸਾਨ ਪਹੁੰਚਿਆ? ਜਵਾਨੀ, ਜਿਸ ਨੇ ਪੜ੍ਹਾਈ-ਲਿਖਾਈ ਕਰ ਕੇ ਵੱਡੀਆਂ ਜ਼ਿੰਮੇਵਾਰੀਆਂ 'ਤੇ ਪੁੱਜਣਾ ਸੀ, ਉਹ ਭਟਕਦੀ ਕਿਧਰੇ ਦੀ ਕਿਧਰੇ ਪੁੱਜ ਗਈ? ਬੇਰੁਜ਼ਗਾਰੀ ਦੀ ਦਰ ਕਿੰਨੀ ਵਧ ਗਈ? ਨਸ਼ੇ ਤੇ ਅਪਰਾਧ ਦੀ ਦਰ ਵੀ ਇਨ੍ਹਾਂ ਅਣਸੁਖਾਵੇਂ ਹਾਲਾਤ ਕਾਰਨ ਕਿਵੇਂ ਅਸਮਾਨ ਛੂਹਣ ਲੱਗੀ ਹੈ। ਬੇਵਿਸ਼ਵਾਸੀ ਦਾ ਆਲਮ ਕਿਵੇਂ ਜਵਾਲਾਮੁਖੀ ਦੀ ਭਿਆਨਕ ਅੱਗ ਬਣ ਗਿਆ ਹੈ? ਅਜਿਹੇ ਅਮਿਣਵੇਂ ਤੇ ਅਤੋਲਵੇਂ ਸਵਾਲਾਂ ਦੀਆਂ ਕਈ ਕੜੀਆਂ ਦਾ ਗੁੱਛਾ ਸਭ ਦੇ ਸਾਹਮਣੇ ਹੈ। ਹੁਣ ਤੱਕ ਬਹੁਤ ਲੰਮੇ-ਲੰਮੇ ਵੱਡੇ ਧਰਨੇ ਸਮਾਜ ਦੀ ਝੋਲੀ ਵੱਡੇ ਸੰਤਾਪ ਪਾਉਣ ਦਾ ਸਬੱਬ ਬਣ ਚੁੱਕੇ ਹਨ, ਇਹ ਵੀ ਇਕ ਅਹਿਮ ਪੱਖ ਹੈ।

ਕੀ ਹੁਣ ਤੱਕ ਦੇ ਲੰਮੇ-ਲੰਮੇ ਵੱਡੇ ਧਰਨੇ ਕੋਈ ਪਾਠਸ਼ਾਲਾ ਵੀ ਬਣ ਕੇ ਉੱਭਰਦੇ ਹਨ? ਕੀ ਧਰਨਾ ਲਾਉਣਾ ਕੇਵਲ ਸ਼ੌਕ ਹੁੰਦਾ ਹੈ ਜਾਂ ਖ਼ੁਦ ਨੂੰ ਹਕੂਮਤੀ ਸੰਤਾਪ ਦੇ ਮੂੰਹ ਪਾ ਕੇ ਸਾਰੇ ਸੁੱਖ-ਆਰਾਮ ਦਾਅ 'ਤੇ ਲਾਉਣਾ ਹੁੰਦਾ ਹੈ। ਸਮਾਜ ਕੇਵਲ ਉਸੇ ਹੀ ਅੱਖ ਜਾਂ ਸੋਚ ਦੀ ਦ੍ਰਿਸ਼ਟੀ ਤੋਂ ਵੇਖ ਸਕਦਾ ਹੈ ਜਿਸ ਦਾ ਉਹ ਮਾਲਕ ਹੈ ਜਾਂ ਸੱਜੇ-ਖੱਬੇ ਤੋਂ ਸੁਣ ਕੇ ਉਹ ਦ੍ਰਿਸ਼ਟੀ ਬਣਾਉਂਦਾ ਹੈ। ਦੂਰ-ਅੰਦੇਸ਼ੀ ਦੀ ਬਹੁਤ ਵੱਡੀ ਘਾਟ ਹਮੇਸ਼ਾ ਸਮਾਜ ਦੇ ਵੱਡੇ ਹਿੱਸੇ ਕੋਲ ਹੁੰਦੀ ਹੈ। ਸੋਚਣ ਦਾ ਪੱਖ ਇਹ ਹੋਣਾ ਬੜਾ ਜ਼ਰੂਰੀ ਹੈ ਕਿ ਇਸ ਤਰ੍ਹਾਂ ਦੇ ਹਾਲਾਤ ਹਕੂਮਤਾਂ ਬਣਾਉਂਦੀਆਂ ਕਿਉਂ ਹਨ? ਹਕੂਮਤੀ ਲੋਕ ਖ਼ੁਦ ਦੀਆਂ ਕਮਜ਼ੋਰੀਆਂ ਨੂੰ ਸਮਝਣਾ ਚਾਹੁੰਦੇ ਹੀ ਨਹੀਂ ਹਨ। ਜੇਕਰ ਹਕੂਮਤਾਂ ਲੋਕਾਂ ਦੇ ਹੱਕਾਂ ਦੇ ਕੰਮ ਕਰਨੇ ਕਰਤੱਵ ਬਣਾ ਲੈਣ ਤਾਂ ਰੋਸ ਧਰਨਿਆਂ ਦੀ ਲੋੜ ਹੀ ਮਰ-ਮੁੱਕ ਸਕਦੀ ਹੈ। ਹਰ ਕਿੱਤਾਕਾਰੀ ਵਰਗ ਨਾਲ ਜੁੜੇ ਹਰ ਮਨੁੱਖ ਦੀ ਸੋਚ ਵਿਚ ਇਹ ਪੱਕਾ ਤਹੱਈਆ ਹੋਵੇ ਕਿ ਮੈਂ ਮਨੁੱਖਤਾ ਨੂੰ ਜਵਾਬਦੇਹ ਬਣਨਾ ਹੈ। ਲੋਕ ਸੁੱਖ ਹੀ ਮੇਰੇ ਸੁੱਖ ਹਨ। ਮੇਰੇ ਰਾਹੀਂ ਕਿਸੇ ਨੂੰ ਕਿਸੇ ਪ੍ਰਕਾਰ ਦਾ ਦੁੱਖ ਨਹੀਂ ਪੁੱਜਣਾ ਚਾਹੀਦਾ। ਹੁਣ ਸਵਾਲ ਕਿਸਾਨੀ ਧਰਤੀ 'ਤੇ ਆਣ ਟਿਕਦਾ ਹੈ। ਜਦੋਂ ਚੋਣਾਂ ਚੱਲ ਰਹੀਆਂ ਹਨ ਤੇ ਚੋਣਾਂ ਮਗਰੋਂ ਕਿਸ ਹਕੂਮਤ ਦਾ ਜਨਮ ਹੋਵੇਗਾ, ਇਹ ਜਵਾਬ ਸਮੇਂ ਦੇ ਗਰਭ ਵਿੱਚ ਪਿਆ ਹੈ। ਤਾਂ ਕੀ ਇਸ ਦੌਰ ਵਿੱਚ ਧਰਨਾ ਜਾਰੀ ਰੱਖਣਾ ਚਾਹੀਦਾ ਹੈ ਜਾਂ ਮੁਲਤਵੀ ਕਰ ਦੇਣਾ ਸਹੀ ਹੋਵੇਗਾ? ਇਸ ਬਾਰੇ ਸਭ ਦੀਆਂ ਰਾਵਾਂ ਤੇ ਧਾਰਨਾਵਾਂ ਵੱਖ-ਵੱਖ ਹੋ ਸਕਦੀਆਂ ਹਨ। ਦਾਸ ਦੀ ਜਾਤੀ ਰਾਇ ਹੈ ਕਿ ਧਰਨਾ ਪਹਿਲੀ ਜੁਲਾਈ ਤੱਕ ਮੁਲਤਵੀ ਕਰ ਦੇਣਾ ਚਾਹੀਦਾ ਹੈ। ਸਾਰੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਤਾਨਾਸ਼ਾਹੀ ਮੁਕਤ ਤੇ ਲੋਕ ਹਿਤੂ ਸਰਕਾਰ ਦੀ ਭਾਈਵਾਲੀ ਵਾਸਤੇ ਪਿੰਡੋ-ਪਿੰਡੀ ਪ੍ਰਚਾਰ ਵਾਸਤੇ ਜੁਟ ਜਾਣਾ ਚਾਹੀਦਾ ਹੈ। ਲੋਕ ਮਾਰੂ ਨੀਤੀਆਂ ਦੇ ਪਰਦੇ ਜੱਗ ਜ਼ਾਹਰ ਕਰਨ ਵਾਸਤੇ ਮੈਦਾਨ ਵਿਚ ਨਿੱਤਰਨਾ ਸਮੇਂ ਦੀ ਮੰਗ ਹੈ। ਨਾਲ ਦੀ ਨਾਲ ਜੇਕਰ ਮੁਲਤਵੀ ਕੀਤਾ ਧਰਨਾ ਮੁੜ ਲਾਉਣ ਦੀ ਲੋੜ ਬਣੀ ਰਹੇ ਤਾਂ ਧਰਨਾ ਕਿਸਾਨਾਂ-ਮਜ਼ਦੂਰਾਂ ਤੋਂ ਪਾਰ ਜਨਤਾ ਦੀ ਸਰਪ੍ਰਸਤੀ ਹੇਠ ਲਾਇਆ ਜਾਵੇ। ਧਰਨਾ ਮੁਲਤਵੀ ਕਰਨਾ ਸੰਘਰਸ਼ ਦੀ ਹਾਰ ਨਹੀਂ ਹੁੰਦੀ ਸਗੋਂ ਤਰੋਤਾਜ਼ਾ ਤਾਕਤ ਦੀ ਰਣਨੀਤੀ ਹੀ ਹੁੰਦੀ ਹੈ। ਇਸ ਦੀ ਵਰਤੋਂ ਮਜ਼ਬੂਤ ਹੋਣ ਲਈ ਤੇ ਨਿਸ਼ਾਨੇ ਤਹਿ ਕਰਨ ਲਈ ਹੁੰਦੀ ਹੈ। ਇਸ ਤਬਦੀਲੀ ਨੂੰ ਇਸ ਤਰ੍ਹਾਂ ਵੀ ਬਿਆਨ ਕਰ ਸਕੀਦਾ ਹੈ ਕਿ ਕਿਸਾਨੀ ਸੰਘਰਸ਼ ਨੂੰ 2024 ਦੀਆਂ ਚੋਣਾਂ ਦੌਰਾਨ ਵੱਖਰੇ ਰੰਗ-ਰੂਪ ਹੇਠ ਪੂਰੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਭਾਰਤ ਦੇ ਦੂਜੇ ਸੂਬਿਆਂ ਵਿੱਚ ਚਲਾਇਆ ਜਾਵੇ ਤਾਂ ਸਾਰਥਕ ਨਤੀਜੇ ਵੇਖੇ ਜਾ ਸਕਦੇ ਹਨ।



ਰਣਜੀਤ ਸਿੰਘ ਕੁਕੀ

# 11 ਕਾਰਨ : ਸਾਲ 2024, ਸਾਲ 2004 ਦਾ ਦੁਹਰਾਓ ਕਿਉਂ ?

2024 ਦੀਆਂ ਲੋਕ ਸਭਾ ਚੋਣਾਂ ਦੇ ਦੂਜੇ ਪੜਾਅ ਦੀ ਸਮਾਪਤੀ ਤੋਂ ਬਾਅਦ, ਕੁਝ ਮੁੱਖ ਪੱਖ ਸਾਹਮਣੇ ਆਉਂਦੇ ਹਨ:

1) ਵੋਟਰ ਝੂਠ, ਸਪਿਨ-ਡਾਕਟਰਿੰਗ ਅਤੇ ਘਟੀਆ ਪ੍ਰਚਾਰ ਤੋਂ ਤੰਗ ਆ ਚੁੱਕਾ ਹੈ। ਉਹ ਕਿਸੇ 'ਤੇ ਭਰੋਸਾ ਨਹੀਂ ਕਰਦੇ ਪਰ 10 ਸਾਲ ਸੱਤਾ ਵਿੱਚ ਰਹਿਣ ਤੋਂ ਬਾਅਦ ਭਾਜਪਾ ਨਾਲ ਭਰੋਸੇ ਦੀ ਕਮੀ ਸਭ ਤੋਂ ਵੱਧ ਹੈ।

2) ਮੋਦੀ ਦੇ ਰਾਜ ਤੋਂ ਅੱਕਣ ਦਾ ਵੱਡਾ ਕਾਰਕ ਹੈ; ਵੰਸ਼ਵਾਦ, ਤੁਸ਼ਟੀਕਰਨ ਅਤੇ ਭ੍ਰਿਸ਼ਟਾਚਾਰ ਦੇ ਮਿਆਰੀ ਇਲਜ਼ਾਮ ਬਿਲਕੁਲ ਵੀ ਕੰਮ ਨਹੀਂ ਕਰ ਰਹੇ ਹਨ, ਕਿਉਂਕਿ ਲੋਕ ਭਾਜਪਾ ਵਿੱਚ ਵੀ ਇਹੀ ਸਭ ਹੁੰਦਾ ਦੇਖਦੇ ਹਨ ਅਤੇ ਸ਼ਾਇਦ ਇਸ ਤੋਂ ਵੀ ਬਦਤਰ। ਇਹ ਅਜੀਬ ਲੱਗ ਸਕਦਾ ਹੈ, ਇਹ ਭਾਜਪਾ ਦੀ ਜਾਇਦਾਦ ਅਤੇ ਜ਼ਿੰਮੇਵਾਰੀ ਦੋਵੇਂ ਹਨ।

3) ਮੋਦੀ ਦਾ ਮੁਸਲਿਮ/ਘੱਟ-ਗਿਣਤੀ ਵਿਰੋਧੀ ਧਰੁਵੀਕਰਨ ਕੰਮ ਨਹੀਂ ਕਰ ਰਿਹਾ ਅਤੇ ਇਸ ਨੇ ਉਸ ਦੀ ਭਰੋਸੇਯੋਗਤਾ ਨੂੰ ਹੋਰ ਨੁਕਸਾਨ ਪਹੁੰਚਾਇਆ ਹੈ। ਕੱਚੇ, ਅਸ਼ਲੀਲ ਅਤੇ ਸਸਤੇ ਪਟਾਕਿਆਂ ਨੇ ਆਮ ਭਾਰਤੀਆਂ ਦੀਆਂ ਸੰਵੇਦਨਾਵਾਂ ਨੂੰ ਠੇਸ ਪਹੁੰਚਾਈ ਹੈ ਜਾਂ ਘੱਟੋ ਘੱਟ ਉਨ੍ਹਾਂ ਨੂੰ ਬਹੁਤ ਨਿਰਾਸ਼ ਕੀਤਾ ਹੈ।

4) ਮੋਦੀ/ਭਾਜਪਾ ਨੇ ਸੋਚਿਆ ਕਿ 2024 ਦੀ ਚੋਣ ਰਾਮ ਮੰਦਿਰ ਦੇ ਪਵਿੱਤਰ ਸਮਾਰੋਹ ਤੋਂ ਬਾਅਦ ਚੋਣ ਲਗਭਗ ਜਿੱਤ ਲਈ ਗਈ ਹੈ, ਪਰ ਉੱਤਰੀ ਭਾਰਤ ਵਿੱਚ ਕੁਝ ਹਿੱਸਿਆਂ ਨੂੰ ਛੱਡ ਕੇ, ਇੱਕ ਚੋਣ ਕਾਰਕ ਦੇ ਤੌਰ 'ਤੇ ਚੰਗਾ ਮਹਿਸੂਸ ਕਰਨ ਵਾਲਾ ਕਾਰਕ ਬਹੁਤ ਘੱਟ ਪ੍ਰਭਾਵ ਪਾ ਰਿਹਾ ਹੈ। ਭਾਰਤ ਰੋਟੀ-ਰੋਜ਼ੀ ਦੇ ਮਸਲਿਆਂ, ਬੇਰੁਜ਼ਗਾਰੀ ਅਤੇ ਮਹਿੰਗਾਈ ਆਦਿ ਦੇ ਮੁੱਦਿਆਂ ਵੱਲ ਵਧਿਆ ਹੈ ਜੋ ਕਿ ਭਾਜਪਾ ਦੀਆਂ ਚੋਟੀਆਂ ਨੂੰ ਜ਼ਖਮੀ ਕਰ ਸਕਦਾ ਹੈ।

5) ਸੱਤਾ ਦੇ ਹੰਕਾਰ ਕਾਰਨ ਮੋਦੀ ਨੇ 370 ਸੀਟਾਂ 'ਤੇ ਜਿੱਤ ਦਾ ਐਲਾਨ ਕੀਤਾ। ਇਸ ਨਾਲ ਕਾਂਗਰਸ/ਇੰਡੀਆ ਗੱਠਜੋੜ ਦੇ ਸਮਰਥਨ ਵਿੱਚ ਉਲਟ ਲਹਿਰ ਪੈਦਾ ਹੋ ਗਈ ਹੈ। ਵੋਟਰਾਂ ਨੂੰ ਚਾਹੁੰਦੇ ਕਿ ਉਨ੍ਹਾਂ ਨੂੰ ਟਿੱਚ ਜਾਣਿਆ ਜਾਵੇ, ਖਾਸ ਤੌਰ 'ਤੇ ਜਦੋਂ ਸੱਤਾਧਾਰੀ ਨੇ ਆਪਣੀਆਂ ਜ਼ਿੰਮੇਵਾਰੀਆਂ ਦਾ ਨਿਰਵਾਹ ਨਹੀਂ ਕੀਤਾ ਹੈ ਅਤੇ ਵਿਕਲਪ, ਇਸਦੀਆਂ ਸਮੱਸਿਆਵਾਂ ਦੇ ਬਾਵਜੂਦ, ਵਧੇਰੇ ਸੁਹਿਰਦ ਜਾਪਦਾ ਹੈ।

6) ਮੋਦੀ ਨੇ ਕਾਂਗਰਸ ਦੇ ਬੈਂਕ ਖਾਤਿਆਂ ਨੂੰ ਬੰਦ ਕਰਨ, ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਨ ਅਤੇ ਵਿਰੋਧੀ ਧਿਰ ਨੂੰ ਧਮਕਾਉਣ ਵਿੱਚ ਇੱਕ ਰਣਨੀਤਕ ਗਲਤੀ ਕੀਤੀ। ਇਹ ਉਦੋਂ ਤੋਂ 2024 ਦੀਆਂ ਚੋਣਾਂ ਦਾ ਰਾਸ਼ਟਰੀ ਬਿਰਤਾਂਤ ਬਣ ਗਿਆ ਹੈ, ਦੋ ਬਹੁਤ ਸ਼ਕਤੀਸ਼ਾਲੀ ਮਨੁੱਖੀ ਭਾਵਨਾਵਾਂ ਡਰ ਅਤੇ ਨਫ਼ਰਤ ਨੂੰ ਮੋਦੀ ਦੀ ਵਿਰਾਸਤ ਵਜੋਂ ਦੇਖਿਆ ਜਾ ਰਿਹਾ ਹੈ। ਇੱਕ ਮਜ਼ਾਕੀਆ ਵਰਣਨ ਦੇ ਰੂਪ ਵਿੱਚ ਜੋ ਸ਼ੁਰੂ ਹੋਇਆ ਉਹ ਹੁਣ ਭਾਜਪਾ ਦਾ ਸਿਆਸੀ ਬ੍ਰਾਂਡ ਬਣ ਗਿਆ ਹੈ: ਇਹ ਇੱਕ ਵਾਸ਼ਿੰਗ ਮਸ਼ੀਨ ਹੈ। ਬਦਲਾਖੋਰੀ ਦੀ ਰਾਜਨੀਤੀ ਨੂੰ ਹਰ ਭਾਰਤੀ ਜਾਣਦਾ ਅਤੇ ਨਿੰਦਦਾ ਹੈ। ਈਡੀ/ਸੀਬੀਆਈ/ਇਨਕਮ-ਟੈਕਸ ਤ੍ਰਿਮੂਰਤੀ ਦੀ ਦੁਰਵਰਤੋਂ ਭਾਜਪਾ ਦੇ ਗਲੇ ਦੁਆਲੇ ਅਲਬਾਟ੍ਰੋਸ ਦਾ ਕੰਮ ਕਰ ਰਹੀ ਹੈ। ਇਲੈਕਟੋਰਲ ਬਾਂਡ ਘੁਟਾਲੇ ਨੇ ਤਾਬੂਤ ਵਿੱਚ ਇੱਕ ਵੱਡਾ ਮੇਖ ਮਾਰ ਦਿੱਤਾ।

7) ਕਾਂਗਰਸ ਦਾ ਮੈਨੀਫੈਸਟੋ 2024 ਦੀਆਂ ਚੋਣਾਂ ਦਾ ਚਰਚਾ ਦਾ ਬਿੰਦੂ ਬਣ ਗਿਆ ਹੈ। ਇਹ ਜਮਹੂਰੀ, ਉਦਾਰਵਾਦੀ, ਨਿਰਪੱਖ, ਸਮਾਵੇਸ਼ੀ ਅਤੇ ਹਰ ਕਿਸੇ ਲਈ ਇਸ ਵਿੱਚ ਕੁਝ ਨਾ ਕੁਝ ਹੈ। ਇਹ ਇੱਕ ਮਾਸਟਰਪੀਸ ਹੈ, ਅਤੇ ਕਾਂਗਰਸ ਨੇ ਇਸ ਨੂੰ ਹਮਲਾਵਰ ਢੰਗ ਨਾਲ ਵੰਡਿਆ ਹੈ। ਫਿਰਕੂ ਗਾਲਾਂ ਅਤੇ ਘਿਣਾਉਣੇ ਝੂਠਾਂ ਨਾਲ ਇਸ ਦਾ ਮਜ਼ਾਕ ਉਡਾ ਕੇ, ਮੋਦੀ ਨੇ ਇਸ ਪ੍ਰਤੀ ਲੋਕਾਂ ਦੀ ਉਤਸੁਕਤਾ ਨੂੰ ਤੇਜ਼ ਕੀਤਾ ਹੈ ਅਤੇ ਉਨ੍ਹਾਂ ਨੇ ਇਸ ਬਾਰੇ ਹੋਰ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਔਰਤਾਂ, ਨੌਜਵਾਨ, ਕਿਸਾਨ, ਗਰੀਬ ਅਤੇ ਸਮਾਜਿਕ/ਆਰਥਿਕ ਤੌਰ 'ਤੇ ਪਛੜੇ, ਮੱਧ ਵਰਗ, ਉਦਯੋਗ ਸਭ ਨੂੰ ਇਸ ਦਾ ਫਾਇਦਾ ਹੋਵੇਗਾ।

8) ਰਾਹੁਲ ਗਾਂਧੀ ਨੇ ਮੋਦੀ ਅਤੇ ਬੀਜੇਪੀ ਦੀਆਂ ਸੁਰਾਂ ਨੂੰ ਜਾਣਨ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਹੈ। ਭਾਜਪਾ ਆਈਟੀ ਸੈੱਲ ਦੁਆਰਾ ਇੱਕ ਗਲਤ ਜਾਣਕਾਰੀ/ਗਲਤ ਸੂਚਨਾ ਮੁਹਿੰਮ ਦੁਆਰਾ ਲੰਬੇ ਸਮੇਂ ਤੋਂ ਉਸ ਨੂੰ ਬਦਨਾਮ ਕੀਤਾ ਹੈ ਪਰ ਉਸਦੀਆਂ ਦੋ ਸਫਲ ਭਾਰਤ ਜੋੜੋ/ਨਿਆਏ ਯਾਤਰਾਵਾਂ ਨੇ ਉਸਦੀ ਤਸਵੀਰ ਅਤੇ ਵਿਸ਼ਵਾਸ ਨੂੰ ਬਦਲ ਦਿੱਤਾ ਹੈ। ਮੋਦੀ ਅਜੇ ਵੀ ਟੈਲੀਪ੍ਰੋਂਪਟਰ 'ਤੇ ਧਮਾਕੇਦਾਰ ਭਾਸ਼ਣ ਦੇ ਸਕਦੇ ਹਨ ਪਰ ਉਹ ਇੱਕ ਛੋਟੇ ਨਾਟਕੀ ਕਲਾਕਾਰ ਵਜੋਂ ਸਾਹਮਣੇ ਆਉਂਦੇ ਹਨ, ਰਾਹੁਲ, ਭਾਵੇਂ ਉਸ ਦੇ ਆਲੋਚਕ ਜੋ ਵੀ ਕਹਿਣ, ਉਹ ਤਾਜ਼ਗੀ ਭਰਪੂਰ ਅਤੇ ਪ੍ਰਮਾਣਿਕ ਹੈ। ਲੋਕ ਉਸ ਨੂੰ ਪਸੰਦ ਕਰਦੇ ਹਨ, ਉਹ ਉਸ 'ਤੇ ਭਰੋਸਾ ਕਰਦੇ ਹਨ।

2014 ਵਿੱਚ, ਜਦੋਂ ਵੀ ਕਾਂਗਰਸ ਨੇ ਮੋਦੀ 'ਤੇ ਹਮਲਾ ਕੀਤਾ, ਉਸੇ ਨੂੰ ਇਸ ਦਾ ਫਾਇਦਾ ਹੋਇਆ। ਹੁਣ ਭਾਜਪਾ ਜਿੰਨਾ ਉਸ ਦਾ ਮਜ਼ਾਕ ਉਡਾਉਂਦੀ ਹੈ, ਰਾਹੁਲ ਦਾ ਗ੍ਰਾਫ ਓਨਾ ਹੀ ਉੱਚਾ ਹੁੰਦਾ ਜਾ ਰਿਹਾ ਹੈ। ਇਹ ਇੱਕ ਨਾਟਕੀ ਉਲਟਾ ਹੈ।

9) ਕੀ ਤੁਸੀਂ ਦੇਖਿਆ ਹੈ ਕਿ ਭਾਜਪਾ ਪਹਿਲੀ ਵਾਰ ਵੋਟ ਦੇਣ ਜਾ ਰਹੇ ਵੋਟਰਾਂ ਬਾਰੇ ਕਿੰਨੀ ਘੱਟ ਗੱਲ ਕਰਦੀ ਹੈ? ਕਿਉਂਕਿ ਇਹ ਪੀੜ੍ਹੀ ਰਾਜਨੀਤਿਕ ਹਕੀਕਤਾਂ ਨਾਲ ਵਧੇਰੇ ਜੁੜੀ ਹੋਈ ਹੈ;

ਉਹ ਪ੍ਰਸ਼ਾਸਨ, ਸਮਾਵੇਸ਼, ਜਲਵਾਯੂ ਪਰਿਵਰਤਨ, ਮਾਨਸਿਕ ਸਿਹਤ, ਸੋਸ਼ਲ ਮੀਡੀਆ ਰੈਗੂਲੇਸ਼ਨ,

ਨੌਕਰੀਆਂ ਆਦਿ ਵਰਗੇ ਮੁੱਦਿਆਂ ਬਾਰੇ ਜਾਗਰੂਕ ਹੈ। ਨੌਜਵਾਨ ਟੀਵੀ ਹਾਈਪ ਜਾਂ ਵਟਸਐਪ ਯੂਨੀਵਰਸਿਟੀ ਦੇ ਫਾਰਵਰਡਾਂ ਦੁਆਰਾ ਉਲਝ ਨਹੀਂ ਰਹੇ ਹਨ। ਮਿਲੇਨੀਅਲ ਪੀੜ੍ਹੀ ਨੇ ਬਹੁਤ ਸਾਰੇ ਆਰਥਿਕ ਸੰਕਟ, ਰਾਜਨੀਤਿਕ ਉਥਲ-ਪੁਥਲ, ਵਿਸ਼ਵੀਕਰਨ ਦੇ ਪ੍ਰਤੀਕਰਮ, ਜਾਅਲੀ ਖ਼ਬਰਾਂ ਅਤੇ ਤਾਨਾਸ਼ਾਹੀ ਨੇਤਾਵਾਂ ਦਾ ਪ੍ਰਭਾਵ ਝੱਲਿਆ ਹੈ, ਅਤੇ ਆਪਣੇ ਆਪ ਨੂੰ ਪੀ ਆਰ ਅਤੇ ਪ੍ਰਚਾਰ ਦੁਆਰਾ ਭਰਮਾਉਣ ਦੀ ਆਗਿਆ ਦਿੱਤੀ ਹੈ। ਉਨ੍ਹਾਂ ਨੇ ਲੀਡਰਸ਼ਿਪ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਕੀਮਤ 'ਤੇ ਵੀ ਸਖ਼ਤ ਅਤੇ ਸਖ਼ਤ ਹੋਣ ਦਾ ਭੁਲੇਖਾ ਪਾਇਆ। ਜੀ ਪੀੜ੍ਹੀ ਨੇ ਇਸ ਨੂੰ ਚੁਣੌਤੀ ਦਿੱਤੀ ਹੈ ਅਤੇ ਇਸ ਦਾ ਇਸ ਚੋਣ ਵਿੱਚ ਬਹੁਤ ਵੱਡਾ ਅਸਰ ਪਵੇਗਾ।

10) ਫਲੋਟਿੰਗ ਵੋਟਰ ਹਰ ਜਗ੍ਹਾ ਚੋਣਾਂ ਨਿਰਧਾਰਤ ਕਰਦਾ ਹੈ; ਪਰ ਭਾਰਤ ਵਿੱਚ ਇਹ ਸਭ ਤੋਂ ਵੱਡਾ ਹਿੱਸਾ ਹੈ ਲਗਭਗ 50-60%, ਯੂਐਸ/ਯੂਕੇ ਦੇ ਉਲਟ ਜਿੱਥੇ ਵੋਟਿੰਗ ਪੈਟਰਨ ਵਧੇਰੇ ਅਨੁਮਾਨਿਤ ਹਨ। ਭਾਜਪਾ ਅਤੇ ਕਾਂਗਰਸ ਦੋਵੇਂ ਹੀ 20% ਦੇ ਕੋਰ ਵੋਟ ਬੈਂਕ 'ਤੇ ਸਥਿਰ ਹਨ।

ਜਿਹੜੇ ਲੋਕ ਇਹ ਮੰਨਦੇ ਹਨ (ਭਾਜਪਾ ਨੇ ਇੱਕ ਗੰਭੀਰ ਗਲਤ ਅੰਦਾਜ਼ਾ ਲਗਾਇਆ ਹੈ) ਕਿ ਭਾਜਪਾ ਦੀ ਵੱਡੀ ਛਾਲ 2014 ਵਿੱਚ ਲਗਭਗ 72% (31% ਵੋਟ-ਸ਼ੇਅਰ) ਅਤੇ ਫਿਰ 2019 ਵਿੱਚ 22% (37.8% ਵੋਟ-ਸ਼ੇਅਰ) ਹਿੰਦੂਤਵ ਮਜ਼ਬੂਤੀ ਦੇ ਕਾਰਨ ਹੈ। ਉਹ ਇੱਕ ਵੱਡੀ ਗਲਤੀ ਕਰ ਰਹੇ ਹਨ (ਜੇ

ਅਜਿਹਾ ਹੁੰਦਾ ਤਾਂ ਭਾਜਪਾ ਕਈ ਰਾਜਾਂ ਦੀਆਂ ਚੋਣਾਂ ਨਾ ਹਾਰਦੀ)। ਸ਼ਾਸਨ, ਵਿਕਾਸ, ਨੌਕਰੀਆਂ ਅਤੇ ਜਮਹੂਰੀ ਤਾਲਮੇਲ ਵਾਲੇ ਸਮਾਜ ਦੀ ਉਮੀਦ ਰੱਖਣ ਵਾਲਾ ਇਹ ਵੋਟਰ ਆਪਣੇ ਨਾਲ ਵਿਸ਼ਵਾਸਘਾਤ ਕਰਕੇ ਭਾਜਪਾ ਨੂੰ ਛੱਡ ਰਿਹਾ ਹੈ, ਜੋ ਪਹਿਲੇ ਦੋ ਪੜਾਵਾਂ ਵਿੱਚ ਭਾਜਪਾ ਦੀਆਂ ਸੀਟਾਂ 'ਤੇ ਵੋਟਿੰਗ ਵਿੱਚ ਵੱਡੀ ਗਿਰਾਵਟ ਨੂੰ ਦਰਸਾਉਂਦਾ ਹੈ। ਭਾਜਪਾ ਦੀ ਵੋਟ-ਸ਼ੇਅਰ ਵਿੱਚ ਕਾਫ਼ੀ ਗਿਰਾਵਟ ਹੋਣੀ ਚਾਹੀਦੀ ਹੈ, ਹਾਲਾਂਕਿ ਇਸਦੀ ਭਰਪਾਈ ਕਿਤੇ ਹੋਰ ਲਾਭਾਂ ਦੁਆਰਾ ਕੀਤੀ ਜਾ ਸਕਦੀ ਹੈ ਜਾਂ ਜਿੱਤ ਨੂੰ ਯਕੀਨੀ ਬਣਾਉਣ ਵਾਲੀਆਂ ਸੁਰੱਖਿਅਤ ਸੀਟਾਂ 'ਤੇ ਵਧੇਰੇ ਧਿਆਨ ਦਿੱਤਾ ਜਾ ਸਕਦਾ ਹੈ। ਪਰ ਇੱਕ ਗੱਲ ਸਪੱਸ਼ਟ ਹੈ, ਭਾਜਪਾ ਨੂੰ ਸਿਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇੱਕ ਤਿੱਖੀ ਗਿਰਾਵਟ ਸੰਭਾਵੀ ਤੌਰ 'ਤੇ ਹੋ ਰਹੀ ਹੈ।

11) ਮੋਮੈਂਟਮ ਫੈਕਟਰ: ਖੇਡਾਂ ਵਰਗੀ ਰਾਜਨੀਤੀ ਗਤੀ ਤੋਂ ਪ੍ਰਭਾਵਿਤ ਹੁੰਦੀ ਹੈ। ਤੁਸੀਂ ਜਿੱਤਦੇ ਰਹੋ, ਤੁਸੀਂ ਜਿੱਤਦੇ ਰਹਿੰਦੇ ਹੋ। ਪਰ ਉਹ ਜਾਦੂ ਸਦਾ ਲਈ ਨਹੀਂ ਰਹਿੰਦਾ। ਇੱਕ ਵਾਰ ਇਹ ਉਲਟ ਜਾਂਦਾ ਹੈ, ਇਹ ਦੂਜੇ ਪਾਸੇ ਜਾਂਦਾ ਹੈ। ਸਪੈੱਲ ਦੀ ਮਿਆਦ ਲਚਕਤਾ, ਮੁਕਾਬਲੇ ਦੀ ਗੁਣਵੱਤਾ ਅਤੇ ਅਕਸਰ ਕਿਸਮਤ ਦਾ ਕੰਮ ਹੈ। ਇਸ ਸਮੇਂ, ਕਾਂਗਰਸ ਅਤੇ ਇੰਡੀਆ ਗਠਜੋੜ ਵਿੱਚ ਇੱਕ ਅਨੁਭਵੀ ਟੇਲਵਿੰਡ ਹੈ, ਇੱਕ ਪ੍ਰਤੱਖ ਗਤੀ ਹੈ। ਭਾਜਪਾ ਨੂੰ ਛੇਤੀ ਹੀ ਸਟਾਪ-ਲੌਸ ਰਣਨੀਤੀ ਅਪਣਾਉਣੀ ਪੈ ਸਕਦੀ ਹੈ; ਅਗਲੇ ਪੜਾਅ ਹੋਰ ਬੁਰੀਆਂ ਖ਼ਬਰਾਂ ਸਾਹਮਣੇ ਲਿਆ ਸਕਦੇ ਹਨ, ਪਰ ਮੋਦੀ ਨੇ ਧਰੁਵੀਕਰਨ ਦਾ ਆਪਣਾ ਆਖਰੀ ਕਾਰਡ ਪਹਿਲਾਂ ਹੀ ਖੇਡ ਲਿਆ ਹੈ।

ਭਾਜਪਾ 210-15 'ਤੇ ਸਿਖਰ 'ਤੇ ਰਹੇਗੀ ਅਤੇ 200 ਤੋਂ ਵੀ ਹੇਠਾਂ ਆ ਸਕਦੀ ਹੈ। ਯੂਪੀ ਨਾਕਆਊਟ ਝਟਕਾ ਦੇ ਸਕਦਾ ਹੈ। ਪੂਰੇ ਭਾਰਤ ਵਿੱਚ, ਪਰਿਵਰਤਨ ਕੀਵਰਡ ਜਾਪਦਾ ਹੈ। ਇੱਕ ਅਣਕਿਆਸੇ ਪਲ ਨੂੰ ਛੱਡ ਕੇ, ਗਤੀ ਦੀ ਤਬਦੀਲੀ ਇੰਡੀਆ ਗੱਠਜੋੜ ਲਈ ਵੱਧ ਰਹੇ ਸਮਰਥਨ ਨੂੰ ਦਰਸਾਉਂਦੀ ਹੈ। ਅਸੀਂ 2004 ਦੀ ਦੁਹਰਾਈ ਦੇਖ ਰਹੇ ਹਾਂ।



# ਪਰਵਾਸ ਨੇ ਖ਼ੁਦਕਸ਼ੀਆਂ ਨੂੰ ਪਾਈ ਠੱਲ੍ਹ

## ਐਨ. ਆਰ. ਆਈਜ਼ ਦੇ ਡਾਲਰਾਂ ਨਾਲ ਬਲਦੇ ਨੇ ਕਈ ਘਰਾਂ ਦੇ ਚੁੱਲ੍ਹੇ

## ਪਰਵਾਸੀ ਪੰਜਾਬੀਆਂ ਵੱਲੋਂ ਭੇਜੇ ਪੈਸਿਆਂ ਨਾਲ ਮਿਲਦੀ ਹੈ ਆਰਥਿਕਤਾ ਨੂੰ ਮਜ਼ਬੂਤੀ




ਪੰਜਾਬੀਆਂ ਖਾਸ ਕਰਕੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕਸ਼ੀਆਂ ਅਤੇ ਪੰਜਾਬੀਆਂ ਵੱਲੋਂ ਦੂਜੇ ਮੁਲਕਾਂ ਨੂੰ ਕੀਤਾ ਜਾ ਰਿਹਾ ਪਰਵਾਸ ਵੱਖੋ ਵੱਖਰੀਆਂ ਗੱਲਾਂ ਨੇ ਪਰ ਅਸਲ ਵਿੱਚ ਇਹ ਦੋਵੇਂ ਗੱਲਾਂ ਪੰਜਾਬ ਵਿੱਚ ਵੱਡੇ ਪੱਧਰ ਉੱਪਰ ਹੋ ਰਹੀਆਂ ਨੇ, ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਪੰਜਾਬੀਆਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕਸ਼ੀਆਂ ਅਤੇ ਪੰਜਾਬੀਆਂ ਵੱਲੋਂ ਹੀ ਕੀਤਾ ਜਾ ਰਿਹਾ ਪਰਵਾਸ ਪੰਜਾਬ ਦੇ ਦਰਿਆਵਾਂ ਦੇ ਦੋ ਕਿਨਾਰੇ ਹੋਣ ਜੋਕਿ ਕਦੇ ਵੀ ਆਪਸ ਵਿੱਚ ਨਹੀਂ ਮਿਲਦੇ ਪਰ ਉਹਨਾਂ ਵਿਚਾਲੇ ਕੋਈ ਨਾ ਕੋਈ ਸਬੰਧ ਜ਼ਰੂਰ ਹੁੰਦਾ ਹੈ।

ਕਿਹਾ ਜਾਂਦਾ ਹੈ ਕਿ ਜੇ ਪੰਜਾਬੀ ਵੱਡੇ ਪੱਧਰ ਉੱਪਰ ਦੂਜੇ ਮੁਲਕਾਂ ਨੂੰ ਪਰਵਾਸ ਨਾ ਕਰਦੇ ਤਾਂ ਪੰਜਾਬ ਵਿੱਚ ਖ਼ੁਦਕਸ਼ੀਆਂ ਦੀ ਫ਼ਸਲ ਬਹੁਤੇਰੀ ਹੋਣੀ ਸੀ ਅਤੇ ਹਰ ਦਿਨ ਹਰ ਪਿੰਡ ਵਿੱਚੋਂ ਹੀ ਕਈ ਕਈ ਅਰਥੀਆਂ ਉੱਠਣੀਆਂ ਸਨ। ਇਸ ਤਰਾਂ ਪੰਜਾਬੀਆਂ ਵੱਲੋਂ ਖਾਸ ਕਰਕੇ ਪੰਜਾਬੀ ਨੌਜਵਾਨਾਂ ਵੱਲੋਂ ਦੂਜੇ ਮੁਲਕਾਂ ਨੂੰ ਕੀਤੇ ਜਾ ਰਹੇ ਪਰਵਾਸ ਅਤੇ ਪਰਵਾਸੀ ਪੰਜਾਬੀਆਂ ਵੱਲੋਂ ਆਪਣੇ ਪਰਿਵਾਰ ਲਈ ਭੇਜੇ ਜਾਂਦੇ ਡਾਲਰਾਂ, ਪੌਂਡਾਂ ਕਾਰਨ ਬਹੁਤ ਸਾਰੇ ਲੋਕਾਂ ਦੀ ਰੋਜ਼ੀ ਰੋਟੀ ਚਲ ਰਹੀ ਹੈ, ਜਿਸ ਕਾਰਨ ਉਹ ਆਪਣੀ ਜਿੰਦਗੀ ਨੂੰ ਸੌਖਿਆਂ ਹੀ ਬਤੀਤ ਕਰ ਰਹੇ ਹਨ, ਜੇ ਇਹਨਾਂ ਲੋਕਾਂ ਦੇ ਧੀਆਂ ਪੁੱਤ ਜਾਂ ਰਿਸ਼ਤੇਦਾਰ ਪਰਵਾਸ ਨਾ ਕਰਦੇ ਅਤੇ ਵਿਦੇਸ਼ੀ ਮੁਲਕਾਂ ਵਿਚੋਂ ਡਾਲਰ ਤੇ ਪੌਂਡ ਭੇਜ ਕੇ ਅਤੇ ਵਲੈਤੀ ਕੱਪੜੇ ਤੇ ਹੋਰ ਸਮਾਨ ਭੇਜ ਕੇ ਜੇ ਇਹਨਾਂ ਦੀ ਜੂਨ ਨਾ ਬਦਲਦੇ ਤਾਂ ਇਹਨਾਂ ਵੱਲੋਂ ਵੀ ਖ਼ੁਦਕਸ਼ੀਆਂ ਕਰਨ ਦੇ ਰਾਹ ਹੀ ਤੁਰ ਪੈਣ ਦਾ ਖਦਸ਼ਾ ਸੀ।

ਸਰਕਾਰੀ ਅੰਕੜਿਆਂ ਅਨੁਸਾਰ ਵਿਦੇਸ਼ਾਂ 'ਚ ਰਹਿਣ ਵਾਲੇ ਭਾਰਤੀਆਂ ਨੇ ਆਪਣੇ ਘਰ ਯਾਨੀ ਭਾਰਤ 'ਚ ਰਿਕਾਰਡ ਪੈਸੇ ਭੇਜੇ ਹਨ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਅੰਕੜਿਆਂ ਅਨੁਸਾਰ ਅਪ੍ਰੈਲ 2023 ਤੋਂ ਫਰਵਰੀ 2024 ਦੇ ਦੌਰਾਨ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਨੇ 'ਉਦਾਰੀਕਰਨ ਰੈਮਿਟੈਂਸ ਸਕੀਮ' (ਐਲ.ਆਰ.ਐਸ.) ਦੇ ਤਹਿਤ ਭਾਰਤ ਵਿੱਚ 29.43 ਅਰਬ ਡਾਲਰ ਭੇਜੇ। ਇਹ ਪਿਛਲੇ ਸਾਲ ਦੀ ਸਮਾਨ ਮਿਆਦ (24.18 ਅਰਬ ਡਾਲਰ ) ਦੇ ਮੁਕਾਬਲੇ 22% ਜ਼ਿਆਦਾ ਹੈ।



ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਦੁਆਰਾ ਭੇਜੇ ਗਏ ਪੈਸੇ 'ਚ ਕੋਵਿਡ-19 ਮਹਾਂਮਾਰੀ ਦੇ ਕਾਰਨ ਵਿੱਤੀ ਸਾਲ 2021 ਵਿੱਚ ਐਲ.ਆਰ.ਐਸ. ਰਿਮਿਟੈਂਸ 'ਚ ਗਿਰਾਵਟ ਆਈ ਸੀ, ਪਰ ਵਿੱਤੀ ਸਾਲ 2022 ਤੋਂ ਇਸ ਵਿੱਚ ਸੁਧਾਰ ਦੇਖਿਆ ਗਿਆ ਹੈ ਅਤੇ 2023 ਵਿੱਚ ਵਾਧਾ ਜਾਰੀ ਰਿਹਾ। ਵਿੱਤੀ ਸਾਲ 2023 ਵਿੱਚ ਐਲ.ਆਰ.ਐਸ. ਤਹਿਤ ਭੇਜੀ ਗਈ ਰਕਮ ਹੁਣ ਤੱਕ ਦੀ ਸਭ ਤੋਂ ਵੱਧ 27.14 ਅਰਬ ਡਾਲਰ ਰਹੀ। ਇਹ ਪਿਛਲੇ ਸਾਲ ਦੇ ਮੁਕਾਬਲੇ 6% ਦਾ ਵਾਧਾ ਹੈ। ਹਾਲਾਂ ਕਿ, ਫਰਵਰੀ 2024 ਦੇ ਅੰਕੜੇ (2.01 ਬਿਲੀਅਨ ਡਾਲਰ ) ਨੇ ਜਨਵਰੀ ਦੇ ਅੰਕੜਿਆਂ (2.62 ਬਿਲੀਅਨ ਡਾਲਰ ) ਦੇ ਮੁਕਾਬਲੇ 'ਚ 23% ਦੀ ਗਿਰਾਵਟ ਦਰਜ ਕੀਤੀ ਸੀ।



ਇਹ ਇੱਕ ਹਕੀਕਤ ਹੈ ਕਿ ਵੱਡੀ ਗਿਣਤੀ ਪੰਜਾਬੀਆਂ ਵੱਲੋਂ ਕੀਤੇ ਗਏ ਅਤੇ ਕੀਤੇ ਜਾ ਰਹੇ ਦੂਜੇ ਮੁਲਕਾਂ ਨੂੰ ਪਰਵਾਸ ਨੇ ਅਤੇ ਪਰਵਾਸੀ ਪੰਜਾਬੀਆਂ ਵੱਲੋਂ ਪੰਜਾਬ ਰਹਿੰਦੇ ਆਪਣੇ ਪਰਿਵਾਰਾਂ ਨੂੰ ਭੇਜੇ ਜਾਂਦੇ ਡਾਲਰਾਂ/ਪੌਂਡਾਂ ਨੇ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੱਤਾ ਹੈ। ਅੱਜ ਪੰਜਾਬ ਦੇ ਹਰ ਪਿੰਡ/ਸ਼ਹਿਰ ਤੇ ਕਸਬੇ ਵਿੱਚ ਹੀ ਆਲੀਸ਼ਾਨ ਕੋਠੀਆਂ ਬਣੀਆਂ ਹੋਈਆਂ ਹਨ , ਇਹ ਸਭ ਕੁਝ ਪਰਵਾਸੀ ਪੰਜਾਬੀਆਂ ਦੇ ਕਾਰਨ ਹੀ ਸੰਭਵ ਹੋ ਸਕਿਆ ਹੈ। ਇਹ ਵੀ ਹਕੀਕਤ ਹੈ ਕਿ ਜੇ ਪੰਜਾਬੀ ਪਰਵਾਸ ਨਾ ਕਰਦੇ ਅਤੇ ਵਿਦੇਸ਼ਾਂ ਵਿਚੋਂ ਕਮਾਈ ਕਰਕੇ ਮੋਟਾ ਪੈਸਾ ਪੰਜਾਬ ਨਾ ਭੇਜਦੇ ਤਾਂ ਅਜੇ ਵੀ ਪੰਜਾਬ ਵਿੱਚ ਕੱਚੇ ਢਾਰਿਆਂ ਅਤੇ ਬੋੜੇ ਦਰਾਂ ਵਾਲੇ ਘਰਾਂ ਦੀ ਗਿਣਤੀ ਬਹੁਤ ਹੋਣੀ ਸੀ। ਇਹ ਸਭ ਕੁਝ ਪਰਵਾਸੀ ਪੰਜਾਬੀਆਂ ਦੀ ਮਿਹਨਤ ਦਾ ਹੀ ਨਤੀਜਾ ਹੈ ਕਿ ਹਰ ਪਿੰਡ ਵਿੱਚ ਹੀ ਆਲੀਸ਼ਾਨ ਅਤੇ ਮਹਿਲਾਂ ਵਰਗੀਆਂ ਕੋਠੀਆਂ ਪਈਆਂ ਹੋਈਆਂ ਹਨ, ਜੋ ਕਿ ਪੰਜਾਬੀਆਂ ਦੀ ਬਦਲ ਰਹੀ ਜੀਵਨ ਸ਼ੈਲੀ ਨੂੰ ਬਿਆਨ ਕਰਦੀਆਂ ਹਨ।

ਬੇਗਾਨੇ ਮੁਲਕਾਂ ਵਿੱਚ ਬੇਗਾਨੇ ਲੋਕਾਂ ਕੋਲ ਓਪਰੀ ਜਿਹੀ ਬੋਲੀ ਸੁਣਦਿਆਂ ਤੇ ਬੋਲਦਿਆਂ ਸਖ਼ਤ ਮਿਹਨਤ ਕਰਦਿਆਂ ਵੀ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਦੀਆਂ ਅੱਖਾਂ ਵਿੱਚ ਜਾਗਦੇ ਹੋਏ ਵੀ ਪੰਜਾਬ ਵਿਚਲੇ ਆਪਣੇ ਘਰ ਦੀ ਨੁਹਾਰ ਬਦਲਣ ਦਾ ਸੁਪਨਾ ਚਲ ਰਿਹਾ ਹੁੰਦਾ ਹੈ। ਵੱਡੀ ਗਿਣਤੀ ਪਰਵਾਸੀ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਸਖ਼ਤ ਮਿਹਨਤ ਕਰਦੇ ਸਮੇਂ ਆਪਣੀਆਂ ਅੱਖਾਂ ਅੱਗੇ ਉਸ ਛੋਟੀ ਭੈਣ/ਧੀ ਦਾ ਮਾਸੂਮ ਚਿਹਰਾ ਵੀ ਆਉਂਦਾ ਰਹਿੰਦਾ ਹੈ, ਜਿਹੜੀ ਨਿੱਕੀ ਭੈਣ/ਧੀ ਨੂੰ ਉਹ ਛੋਟੀ ਜਿਹੀ ਨੂੰ ਹੀ ਪਿੰਡ ਛੱਡ ਕੇ ਅੱਧਮਿਚੀਆਂ ਅੱਖਾਂ ਵਿੱਚ ਕਈ ਤਰਾਂ ਦੇ ਸੁਪਨੇ ਲੈਂਦਿਆਂ ਦਿੱਲੀ ਦੇ ਹਵਾਈ ਅੱਡੇ ਤੋਂ ਵਿਦੇਸ਼ ਜਾਣ ਲਈ ਜਹਾਜ਼ ਚੜ੍ਹੇ ਸਨ, ਇਹਨਾਂ ਨੂੰ ਪਤਾ ਹੈ ਕਿ ਇਹਨਾਂ ਦੀਆਂ ਨਿੱਕੀਆਂ ਭੈਣਾਂ/ਧੀਆਂ ਹੁਣ ਜਵਾਨ ਹੋ ਗਈਆਂ ਹਨ ਅਤੇ ਉਹਨਾਂ ਦੇ ਵਿਆਹਾਂ ਦਾ ਫ਼ਿਕਰ ਉਹਨਾਂ ਦੇ ਬੇਬੇ ਬਾਪੂ ਨੂੰ ਵੱਢ ਵੱਢ ਖਾਂਦਾ ਹੈ ਅਤੇ ਸਭ ਦੀ ਟੇਕ ਪਰਵਾਸ ਦਾ ਦਰਦ ਹੰਢਾ ਰਹੇ ਪੰਜਾਬੀ ਪਰਵਾਸੀ ਉੱਪਰ ਹੀ ਹੁੰਦੀ ਹੈ। ਇਸ ਤਰਾਂ ਆਪਣੇ ਪਰਿਵਾਰ ਦੇ ਲਈ ਇਹ ਪਰਵਾਸੀ ਪੰਜਾਬੀ ਆਪਣੀ ਜਿੰਦਗੀ ਕੁਰਬਾਨ ਕਰ ਦਿੰਦੇ ਹਨ । ਖੁਦ ਭੁੱਖੇ ਰਹਿ ਕੇ ਆਪਣੇ ਪੰਜਾਬ ਰਹਿੰਦੇ ਪਰਿਵਾਰ ਨੂੰ ਹਰ ਮਹੀਨੇ ਹੀ ਮੋਟੀ ਰਕਮ ਭੇਜਦੇ ਹਨ ਤਾਂ ਕਿ ਭੈਣਾਂ/ਧੀਆਂ ਦੇ ਵਿਆਹ ਲਈ ਦਾਜ ਦਾ ਪ੍ਰਬੰਧ ਹੋ ਸਕੇ ਅਤੇ ਬਾਪੂ ਸਿਰ ਚੜ੍ਹੇ ਕਰਜ਼ੇ ਦੀ ਪੰਡ ਕੁਝ ਹੋਲੀ ਹੋ ਸਕੇ ।

ਹੁਣ ਜ਼ਰ੍ਹਾ ਸੋਚੋ ਖਾਂ! ਉਸ ਵੇਲੇ ਬਾਰੇ, ਜੇ ਭਲਾ ਪਰਵਾਸੀ ਪੰਜਾਬੀ ਪੰਜਾਬ ਰਹਿੰਦੇ ਆਪਣੇ ਭੈਣਾਂ ਭਰਾਵਾਂ ਤੇ ਮਾਪਿਆਂ ਤੇ ਹੋਰ ਰਿਸ਼ਤੇਦਾਰਾਂ ਨੂੰ ਵਿਦੇਸ਼ਾਂ ਵਿਚੋਂ ਪੈਸਾ ਭੇਜਣਾ ਬਿਲਕੁਲ ਹੀ ਬੰਦ ਕਰ ਦੇਣ ਤਾਂ ਕੀ ਹੋਵੇਗਾ ? ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਉਦੋਂ ਕੀ ਭਾਣਾ ਵਰਤੇਗਾ ਜਦੋਂ ਸਾਰੇ ਪਰਵਾਸੀ ਪੰਜਾਬੀਆ ਵੱਲੋਂ ਪੰਜਾਬ ਰਹਿੰਦੇ ਆਪਣੇ ਪਰਿਵਾਰ ਨੂੰ ਵਿਦੇਸ਼ਾਂ ਵਿਚੋਂ ਪੈਸਾ ਭੇਜਣਾ ਬੰਦ ਦੇਣਾ ਹੈ। ਭਾਵੇਂ ਕਿ ਅਜਿਹਾ ਕੁਝ ਹੋਣਾ ਸੰਭਵ ਨਹੀਂ ਪਰ ਇਸ ਸਮੱਸਿਆ ਬਾਰੇ ਸੋਚਣਾ ਜਰੂਰ ਚਾਹੀਦਾ ਹੈ।

ਪੰਜਾਬ ਦਾ ਇਸ ਸਮੇਂ ਹਾਲ ਇਹ ਹੈ ਕਿ ਵੱਡੀ ਗਿਣਤੀ ਪੰਜਾਬੀਆਂ ਦੇ ਘਰ ਦੇ ਚੂਲੇ ਚੌਂਕੇ ਵਿੱਚ ਅੱਗ ਪਰਵਾਸੀ ਪੰਜਾਬੀਆਂ ਵਲੋਂ ਭੇਜੇ ਪੈਸੇ ਨਾਲ ਹੀ ਬਲਦੀ ਹੈ। ਉਹਨਾਂ ਦੀ ਰੋਟੀ ਰੋਜ਼ੀ ਉਹਨਾਂ ਦੇ ਵਿਦੇਸ਼ ਗਏ ਪੁੱਤ ਵੱਲੋਂ ਭੇਜੇ ਪੈਸੇ ਨਾਲ ਹੀ ਬਣਦੀ ਹੈ। ਪੰਜਾਬ ਵਿੱਚ ਰਹਿੰਦਾ ਉਹਨਾਂ ਦਾ ਪੁੱਤ ਜਾਂ ਤਾਂ ਬੇਰੁਜ਼ਗਾਰ ਹੈ ਤੇ ਜਾਂ ਫਿਰ ਕੋਈ ਪ੍ਰਾਈਵੇਟ ਨੌਕਰੀ ਜਾਂ ਛੋਟਾ ਮੋਟਾ ਕੰਮ ਕਰਦਾ ਹੈ, ਜਿਸ ਦਾ ਕਿ ਆਪਣਾ ਖਰਚਾ ਹੀ ਮਸਾਂ ਪੂਰਾ ਹੁੰਦਾ ਹੈ। ਇਸ ਤੋਂ ਇਲਾਵਾ ਉਹਨਾਂ ਮਾਪਿਆਂ ਬਾਰੇ ਕਦੇ ਕਿਸੇ ਨੇ ਸੋਚਿਆ ਹੈ ਜਿਨ੍ਹਾਂ ਦੇ ਜਵਾਨ ਪੁੱਤ ਕੋਈ ਕੰਮ ਕਰਨ ਦੀ ਥਾਂ ਨਸ਼ਿਆਂ ਦੀ ਦਲ ਦਲ ਵਿੱਚ ਫਸਕੇ ਕਿਸ਼ਤਾਂ ਵਿੱਚ ਖ਼ੁਦਕਸ਼ੀਆਂ ਕਰ ਰਹੇ ਹਨ।

ਜਿਹੜੇ ਪਰਵਾਸੀ ਪੰਜਾਬੀ ਪੰਜਾਬ ਵਿੱਚ ਸੱਭਿਆਚਾਰਕ ਮੇਲਿਆਂ ਅਤੇ ਖੇਡ ਮੇਲਿਆਂ ਲਈ ਲੱਖਾਂ ਡਾਲਰ ਭੇਜ ਸਕਦੇ ਹਨ ਤਾਂ ਉਹ ਪਰਵਾਸੀ ਪੰਜਾਬੀ ਆਪਣੇ ਪਿੰਡ ਦੇ ਜੇ ਇੱਕ ਇੱਕ ਗਰੀਬ ਕਿਸਾਨ ਜਾਂ ਗਰੀਬ ਪਰਿਵਾਰ ਦੀ ਵੀ ਸਹਾਇਤਾ ਕਰ ਦੇਣ ਤਾਂ ਕਰਜ਼ੇ ਤੋਂ ਪਰੇਸ਼ਾਨ ਹੋ ਕੇ ਕੋਈ ਗਰੀਬ ਕਿਸਾਨ, ਮਜ਼ਦੂਰ ਜਾਂ ਹੋਰ ਪੰਜਾਬੀ ਖ਼ੁਦਕਸ਼ੀ ਕਰਨ ਬਾਰੇ ਨਹੀਂ ਸੋਚੇਗਾ। ਕਰਜ਼ੇ ਦੇ ਝੰਬੇ ਅਤੇ ਜਵਾਨ ਧੀ ਦੀ ਡੋਲੀ ਨਾ ਤੋਰ ਸਕਣ ਦਾ ਗਮ ਦਿਲ ਨੂੰ ਲਾਈ ਬੈਠੇ ਵੱਡੀ ਗਿਣਤੀ ਪੰਜਾਬੀ ਕਿਸਾਨਾਂ ਤੇ ਮਜ਼ਦੂਰਾਂ ਨੂੰ ਖ਼ੁਦਕਸ਼ੀਆਂ ਕਰਨ ਤੋਂ ਰੋਕਣ ਲਈ ਪਰਵਾਸੀ ਪੰਜਾਬੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ, ਇਹ ਸਮੇਂ ਦੀ ਲੋੜ ਵੀ ਹੈ ਅਤੇ ਮੰਗ ਵੀ।



# ਕਮਿਊਨਿਸਟ ਪਾਰਟੀਆਂ ਦਾ ਕੀ ਹੋਵੇਗਾ ਭਵਿੱਖ ?

## ਆਪਣੀ ਹੋਂਦ ਬਚਾਉਣ ਲਈ ਚੋਣਾਂ ਵਿੱਚ ਕਮਿਊਨਿਸਟ ਪਾਰਟੀਆਂ ਕਰ ਰਹੀਆਂ ਨੇ ਜਦੋਜਹਿਦ

## ਘੱਟ ਗਿਣਤੀ ਕੌਮਾਂ ਦੀ ਹਮਾਇਤ ਕਾਰਨ ਖੱਬੇਪੱਖੀ ਧਿਰਾਂ ਭਾਜਪਾ ਦੇ ਨਿਸ਼ਾਨੇ 'ਤੇ



ਬਘੇਲ ਸਿੰਘ ਧਾਲੀਵਾਲ






ਭਾਰਤੀ ਲੋਕਤੰਤਰ ਵਿੱਚ ਖੱਬੇ ਪੱਖੀ ਪਾਰਟੀਆਂ ਦੀ ਹੋਂਦ ਖ਼ਤਰੇ ਵਿੱਚ ਹੈ ਅਤੇ ਇਹ ਸੱਤਾ ਦੀ ਰਾਜਨੀਤੀ ਵਿੱਚ ਹਾਸ਼ੀਏ 'ਤੇ ਪਹੁੰਚ ਗਈਆਂ ਹਨ। ਹੁਣ ਕੇਰਲ ਹੀ ਅਜਿਹਾ ਰਾਜ ਬਚਿਆ ਹੈ ਜਿੱਥੇ ਖੱਬੀਆਂ ਪਾਰਟੀਆਂ ਸੱਤਾ ਵਿੱਚ ਹਨ। ਬੰਗਾਲ ਵਿੱਚੋਂ ਖੱਬੀਆਂ ਪਾਰਟੀਆਂ ਦਾ ਤੰਬੂ ਬਹੁਤ ਪਹਿਲਾਂ ਹੀ ਉਖੜ ਚੁੱਕਿਆ ਹੈ। 2021 ਦੀਆਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ (ਸੀ.ਪੀ.ਐਮ.) ਇੱਕ ਵੀ ਸੀਟ ਜਿੱਤਣ ਵਿੱਚ ਕਾਮਯਾਬ ਨਹੀਂ ਹੋ ਸਕੀ। 2019 ਦੀਆਂ ਆਮ ਚੋਣਾਂ ਵਿੱਚ, ਸੀਪੀਐਮ ਸਿਰਫ਼ 3 ਲੋਕ ਸਭਾ ਸੀਟਾਂ ਜਿੱਤਣ ਵਿੱਚ ਕਾਮਯਾਬ ਰਹੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਸਿਰਫ਼ 2 ਸੀਟਾਂ ਜਿੱਤਣ ਵਿੱਚ ਕਾਮਯਾਬ ਰਹੀ ਅਤੇ ਇਹ ਦੋ ਵੱਡੀਆਂ ਖੱਬੀਆਂ ਪਾਰਟੀਆਂ ਮਿਲ ਕੇ ਸਿਰਫ਼ 5 ਸੀਟਾਂ ਹੀ ਜਿੱਤ ਸਕੀਆਂ। ਹੁਣ ਵਿਰੋਧੀ ਧਿਰ ਇੰਡੀਆ ਅਲਾਇੰਸ ਵਿੱਚ ਸ਼ਾਮਲ ਦੇਸ਼ ਦੀਆਂ ਛੇ ਕੌਮੀ ਪਾਰਟੀਆਂ ਵਿੱਚੋਂ ਇੱਕ ਸੀ.ਪੀ.ਐਮ. ਲਈ ਇਹ ਚੋਣ ਬਹੁਤ ਮਹੱਤਵਪੂਰਨ ਹੈ।

**ਕੀ ਖੱਬੇਪੱਖੀ ਵਿਚਾਰਧਾਰਾ ਦੇ ਦਿਨ ਖਤਮ ਹੋ ਗਏ ?**

1964 ਵਿੱਚ, ਈ.ਐਮ.ਐਸ. ਨੰਬੂਦਰੀਪਦ, ਜੋਤੀ ਬਾਸੂ ਅਤੇ ਹਰਕਿਸ਼ਨ ਸਿੰਘ ਸੁਰਜੀਤ ਨੇ ਸੀ.ਪੀ.ਆਈ. ਤੋਂ ਵੱਖ ਹੋ ਕੇ ਸੀ.ਪੀ.ਐਮ. ਬਣਾਈ ਸੀ। ਪੂੰਜੀਵਾਦ ਅਤੇ ਸਮਾਜਵਾਦ ਤੋਂ ਵੱਖਰੀ ਕਮਿਊਨਿਜ਼ਮ ਦੀ ਵਿਚਾਰਧਾਰਾ ਮਜ਼ਦੂਰਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀ ਆਵਾਜ਼ ਬਣ ਰਹੀ ਸੀ। ਪਾਰਟੀ ਨੇ ਪੂੰਜੀਵਾਦ ਦੀ ਲੁੱਟ-ਖਸੁੱਟ ਵਾਲੀ ਸੋਚ ਵਿਰੁੱਧ ਇਨਕਲਾਬ ਦਾ ਐਲਾਨ ਕੀਤਾ ਅਤੇ ਅਸਮਾਨਤਾ ਦੀ ਵਿਵਸਥਾ ਨੂੰ ਖਤਮ ਕਰਨ ਦੀ ਗੱਲ ਕੀਤੀ ਸੀ। ਕਿਸੇ ਸਮੇਂ ਭਾਰਤ ਦੀਆਂ ਨਾਮਵਰ ਯੂਨੀਵਰਸਿਟੀਆਂ ਵਿੱਚ ਅਤੇ ਸਿਸਟਮ ਵਿਰੁੱਧ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਵਿੱਚ ਖੱਬੇਪੱਖੀ ਵਿਚਾਰਧਾਰਾ ਦਾ ਬੋਲਬਾਲਾ ਸੀ। ਖੱਬੇ ਪੱਖੀ ਪਾਰਟੀਆਂ ਨੇ ਕਈ ਦਹਾਕਿਆਂ ਤੱਕ ਬੰਗਾਲ, ਕੇਰਲ ਅਤੇ ਤ੍ਰਿਪੁਰਾ 'ਤੇ ਰਾਜ ਕੀਤਾ। ਖੱਬੇਪੱਖੀਆਂ ਨੇ ਕੇਂਦਰ ਵਿੱਚ ਸੰਯੁਕਤ ਮੋਰਚੇ ਅਤੇ ਯੂਪੀਏ 1 ਵਿੱਚ ਵੀ ਸਹਿਯੋਗੀ ਬਣੇ। ਕਈ ਰਾਜਾਂ ਵਿੱਚ ਖੱਬੇ ਮੋਰਚੇ ਨੇ ਸੱਤਾਧਾਰੀ ਪਾਰਟੀ ਨੂੰ ਬਾਹਰੋਂ ਸਮਰਥਨ ਦਿੱਤਾ ਸੀ। ਪਰ ਇਸ ਸਮੇਂ ਖੱਬੀਆਂ ਪਾਰਟੀਆਂ ਬੇਮਾਅਨੇ ਹੋ ਗਈਆਂ ਹਨ। ਭਾਵੇਂ ਕੇਰਲ ਵਿੱਚ ਅਜੇ ਵੀ ਉਨ੍ਹਾਂ ਦੀ ਸਰਕਾਰ ਸੱਤਾ ਵਿੱਚ ਹੈ ਪਰ ਅਮਲੀ ਤੌਰ 'ਤੇ ਉਸ ਸਰਕਾਰ ਨੂੰ ਪਿਨਾਰਾਈ ਵਿਜਯਨ ਦੀ ਸਰਕਾਰ ਮੰਨਿਆ ਜਾਂਦਾ ਹੈ।

**ਫਲਾਪ ਹੋਈਆਂ ਆਰਥਿਕ ਨੀਤੀਆਂ**

ਖੱਬੇਪੱਖੀ ਅੱਜ ਵੀ ਪੁਰਾਣੀ ਮਾਨਸਿਕਤਾ ਵਿੱਚ ਜੀਅ ਰਹੇ ਹਨ। ਉਹ ਕੰਪਿਊਟਰ ,ਮਸ਼ੀਨੀਕਰਨ ਦੀ ਵਰਤੋਂ ਨੂੰ ਬੇਰੁਜ਼ਗਾਰੀ ਦਾ ਕਾਰਨ ਦੱਸ ਰਹੇ ਹਨ। ਸਮਾਂ ਬਦਲ ਗਿਆ ਹੈ, ਪਰ ਕਮਿਊਨਿਸਟਾਂ ਦੀ ਸੋਚ ਨਹੀਂ ਬਦਲੀ, ਜਿਸ ਕਾਰਨ ਪੜ੍ਹੇ-ਲਿਖੇ ਲੋਕ ਹੁਣ ਕਮਿਊਨਿਸਟ ਵਿਚਾਰਧਾਰਾ ਨਾਲ ਜੁੜਨਾ ਪਸੰਦ ਨਹੀਂ ਕਰਦੇ।

ਖੱਬੇਪੱਖੀ ਕੁਝ ਮਜ਼ਦੂਰਾਂ ਅਤੇ ਛੋਟੇ ਬੇਜ਼ਮੀਨੇ ਕਿਸਾਨਾਂ ਦੀਆਂ ਜਥੇਬੰਦੀਆਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਹੁਣ ਤ੍ਰਿਪੁਰਾ ਅਤੇ ਪੱਛਮੀ ਬੰਗਾਲ ਵਿੱਚ ਕਮਿਊਨਿਸਟਾਂ ਦਾ ਕੋਈ ਭਵਿੱਖ ਨਹੀਂ ਹੈ ਅਤੇ ਕੇਰਲਾ ਵਿੱਚ ਵੀ ਖੱਬੀਆਂ ਪਾਰਟੀਆਂ ਦਾ ਉਦੋਂ ਤੱਕ ਹੀ ਬੋਲਬਾਲਾ ਹੈ ਜਦੋਂ ਤੱਕ ਕਾਂਗਰਸ ਜਾਂ ਭਾਜਪਾ ਦੀਆਂ ਇਥੇ ਜੜਾਂ ਨਹੀਂ ਲਗਦੀਆਂ।

1950ਵਿਆਂ ਵਿੱਚ, ਖੱਬੇਪੱਖੀ ਲੋਕ ਕਾਂਗਰਸ ਪਾਰਟੀ ਦੇ ਮੁੱਖ ਵਿਰੋਧੀ ਸਨ। ਖੱਬੇਪੱਖੀਆਂ ਨੇ 1957 ਵਿੱਚ ਕੇਰਲ ਵਿੱਚ ਆਪਣੀ ਪਹਿਲੀ ਸਰਕਾਰ ਬਣਾਈ ਸੀ। ਖੱਬੇ ਮੋਰਚੇ ਨੇ 1967 ਵਿੱਚ ਪੱਛਮੀ ਬੰਗਾਲ ਵਿੱਚ ਵੀ ਸਰਕਾਰ ਬਣਾਈ ਸੀ। ਉਦੋਂ ਉਹ ਸਰਕਾਰ ਜ਼ਿਆਦਾ ਦੇਰ ਨਹੀਂ ਚੱਲੀ। ਆਖਰਕਾਰ ਉਸਨੇ 1970 ਦੇ ਦਹਾਕੇ ਵਿੱਚ ਪੱਛਮੀ ਬੰਗਾਲ ਵਿੱਚ ਬਹੁਮਤ ਵਾਲੀ ਸੀਪੀਆਈ-ਐਮ ਸਰਕਾਰ ਬਣਾਈ ਅਤੇ ਲਗਾਤਾਰ 34 ਸਾਲ ਰਾਜ ਕੀਤਾ।

1991 ਵਿੱਚ ਲਾਗੂ ਕੀਤੀਆਂ ਆਰਥਿਕ ਉਦਾਰੀਕਰਨ ਅਤੇ ਸੁਧਾਰਾਂ ਦੀਆਂ ਨੀਤੀਆਂ ਦੇ ਅੰਨ੍ਹੇ ਵਿਰੋਧ ਨੇ ਖੱਬੇਪੱਖੀਆਂ ਨੂੰ ਦੇਸ਼ ਦੀ ਮੁੱਖ ਧਾਰਾ ਦੀ ਰਾਜਨੀਤੀ ਤੋਂ ਬਾਹਰ ਕਰ ਦਿੱਤਾ। ਆਰਥਿਕ ਉਦਾਰੀਕਰਨ ਦੇ ਖਿਲਾਫ ਖੱਬੀਆਂ ਪਾਰਟੀਆਂ ਇੱਕੋ ਇੱਕ ਪਾਰਟੀ ਬਣ ਗਈ। ਜਦਕਿ ਦੂਜੀਆਂ ਪਾਰਟੀਆਂ ਨੇ ਜਨਤਕ ਤੌਰ 'ਤੇ ਇਸ ਉਦਾਰੀਕਰਨ ਨੂੰ ਅਪਣਾਇਆ। ਕਾਂਗਰਸ ਦੀ ਹਮਾਇਤ ਨਾਲ ਖੱਬੇ ਪੱਖੀਆਂ ਨੂੰ ਇੱਕ ਵਾਰ ਜੋਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਮੌਕਾ ਮਿਲਿਆ ਸੀ, ਪਰ ਉਨ੍ਹਾਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ।

**ਭਾਜਪਾ ਦੇ ਸਾਹਮਣੇ ਹਾਰ ਗਈ**

ਖੱਬੇ ਮੋਰਚੇ ਨੇ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਚੰਗੀ ਸਫਲਤਾ ਪ੍ਰਾਪਤ ਕੀਤੀ, ਲਗਭਗ 60 ਸੀਟਾਂ ਜਿੱਤੀਆਂ ਅਤੇ 2004 ਵਿੱਚ ਯੂਪੀਏ ਸਰਕਾਰ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ। ਪਰ ਜਦੋਂ ਤੋਂ ਮੋਦੀ ਵਿਕਾਸ ਅਤੇ ਹਿੰਦੂਤਵ ਦੇ ਆਧਾਰ 'ਤੇ ਪੂਰੇ ਬਹੁਮਤ ਨਾਲ ਸੱਤਾ ਵਿੱਚ ਆਏ ਹਨ, ਖੱਬੇਪੱਖੀ ਸਮਾਜਵਾਦ ਦਾ ਸਿਧਾਂਤ ਲਗਾਤਾਰ ਹਾਰਦਾ ਜਾ ਰਿਹਾ ਹੈ। ਭਾਜਪਾ ਨੇ ਤ੍ਰਿਪੁਰਾ ਵਿੱਚ 25 ਸਾਲਾਂ ਤੋਂ ਖੜ੍ਹੀ ਖੱਬੇਪੱਖੀ ਸਰਕਾਰ ਨੂੰ ਉਖਾੜ ਸੁੱਟਿਆ। ਭਾਜਪਾ ਦੇ ਵਿਕਾਸ ਏਜੰਡੇ ਅਤੇ ਹਿੰਦੂਤਵੀ ਪ੍ਰਚਾਰ ਕਾਰਨ ਤ੍ਰਿਪੁਰਾ ਦਾ ਖੱਬੇ ਪੱਖੀ ਕਿਲ੍ਹਾ ਢਹਿ ਗਿਆ ਹੈ। ਹੁਣ ਸਿਰਫ਼ ਕੇਰਲ ਵਿੱਚ ਖੱਬੇ ਮੋਰਚੇ ਦੀ ਹੀ ਸੱਤਾ ਹੈ।

ਖੱਬੇਪੱਖੀਆਂ ਦੀ ਲੋਕਪ੍ਰਿਅਤਾ ਵਿੱਚ ਗਿਰਾਵਟ ਦੇ ਦੋ ਮੁੱਖ ਕਾਰਨ ਹਨ। ਕਮਿਊਨਿਸਟ ਤਾਕਤਾਂ ਪੂੰਜੀਵਾਦੀ ਤਾਕਤਾਂ ਦਾ ਮੁਕਾਬਲਾ ਉਸ ਢੰਗ ਨਾਲ ਕਰਨ ਦੇ ਯੋਗ ਨਹੀਂ ਹਨ, ਜਿਸ ਤਰ੍ਹਾਂ ਇੰਨ੍ਹਾਂ ਨੇ ਜਗੀਰਦਾਰੀ ਤਾਕਤਾਂ ਦੇ ਖ਼ਿਲਾਫ ਮੋਰਚਾਬੰਦੀ ਕੀਤੀ ਸੀ।

ਖੱਬੇ-ਪੱਖੀ ਸਮਾਜ ਵਿੱਚ ਅਮੀਰ ਅਤੇ ਗਰੀਬ ਦੋ ਜਾਤਾਂ ਨੂੰ ਹੀ ਸਮਝਦੇ ਹਨ ਅਤੇ ਜਾਤ-ਪਾਤ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਦੇ ਹਨ। ਜਾਤੀ ਪ੍ਰਣਾਲੀ ਭਾਰਤੀ ਸਮਾਜ ਦੀ ਇੱਕ ਅਟੱਲ ਸੱਚਾਈ ਹੈ। ਭਾਰਤੀ ਕਮਿਊਨਿਸਟਾਂ ਨੇ ਚੀਨ ਅਤੇ ਰੂਸ ਵਿੱਚ ਅਪਣਾਏ ਗਏ ਤਰੀਕਾਂ ਅਤੇ ਸਮਝ ਨੂੰ ਧਾਰਨ ਕੀਤਾ ਪਰ ਭਾਰਤੀ ਸਮਾਜ ਦੇ ਜਾਤੀ ਸਮੀਕਰਣਾਂ ਦੀ ਪ੍ਰਵਾਹ ਹੀ ਨਹੀਂ ਕੀਤੀ। ਕਮਿਊਨਿਸਟ ਨਾਂ ਤਾਂ ਜਾਤੀ ਪ੍ਰਣਾਲੀ ਨੂੰ ਖ਼ਤਮ ਕਰਨ ਲਈ ਕੋਈ ਮਜ਼ਬੂਤ ਨੀਤੀ, ਪ੍ਰੋਗਰਾਮ ਬਣਾ ਸਕੇ ਅਤੇ ਨਾ ਹੀ ਉਹ ਮੌਜੂਦਾ ਜਾਤੀਗਤ ਸਮੀਕਰਣਾਂ ਲਈ ਕੋਈ ਢੁਕਵੀਂ ਰਣਨੀਤੀ ਹੀ ਤਿਆਰ ਕਰ ਸਕੇ। ਇਸ ਕਾਰਨ ਉੱਤਰੀ ਖੇਤਰ ਵਿੱਚੋਂ ਇਨ੍ਹਾਂ ਦਾ ਲਗਭਗ ਸਫਾਇਆ ਹੋ ਗਿਆ ਹੈ। ਇਸ ਦਾ ਕਾਰਨ ਬਸਪਾ ਵੀ ਹੈ। ਬਸਪਾ ਦੀ ਦਲਿਤ ਰਾਜਨੀਤੀ ਕਾਰਨ ਭਾਰਤ ਦੇ ਕਈ ਹਿੱਸਿਆਂ ਵਿੱਚ ਖੱਬੇਪਖੀ ਪਾਰਟੀਆਂ ਦਾ ਦਲਿਤ ਆਧਾਰ ਖੁਸਿਆ ਹੈ।




ਆਰਥਿਕ ਉਦਾਰਵਾਦ ਦੇ ਇਸ ਦੌਰ ਵਿੱਚ ਮਜ਼ਦੂਰ ਜਥੇਬੰਦੀਆਂ ਦੇ ਸੰਘਰਸ਼ ਦਾ ਦੌਰ ਵੀ ਖ਼ਤਮ ਹੋ ਗਿਆ ਹੈ। ਜਿਸ ਕਾਰਨ 1950 ਤੋਂ 70 ਦੇ ਦਹਾਕੇ ਤੱਕ ਖੱਬੇਪੱਖੀਆਂ ਦਾ ਬਹੁਤ ਵਿਸਥਾਰ ਹੋਇਆ ਸੀ। ਕਾਂਗਰਸ ਦੇ ਨਾਲ-ਨਾਲ ਖੱਬੇ-ਪੱਖੀ ਵੀ ਲੋਕਪ੍ਰਿਅਤਾ ਅਤੇ ਘੱਟਗਿਣਤੀ ਕੌਮਾਂ ਦੇ ਵਿਕਾਸ ਵਿੱਚ ਵਿਸ਼ਵਾਸ ਰੱਖਦੇ ਹਨ, ਇਸ ਲਈ ਉਹ ਭਾਜਪਾ ਦੇ ਨਿਸ਼ਾਨੇ 'ਤੇ ਹਨ।

**ਹੁਣ ਬਚਾਅ ਦੀ ਲੜਾਈ**

2019 ਵਿੱਚ ਹੁਣ ਤੱਕ ਦੇ ਸਭ ਤੋਂ ਘੱਟ ਨੰਬਰ ਹਾਸਲ ਕਰਨ ਤੋਂ ਬਾਅਦ, ਖੱਬੀਆਂ ਪਾਰਟੀਆਂ ਇਸ ਆਮ ਚੋਣਾਂ ਵਿੱਚ ਬਚਾਅ ਦੀ ਲੜਾਈ ਵਿੱਚ ਫਸੀਆਂ ਹੋਈਆਂ ਹਨ। ਖੱਬਾ ਮੋਰਚਾ, ਜਿਸ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਲਿਬਰੇਸ਼ਨ, ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਅਤੇ ਆਲ ਇੰਡੀਆ ਫਾਰਵਰਡ ਬਲਾਕ ਸ਼ਾਮਲ ਹਨ, ਨੂੰ ਆਪਣੀ ਹੋਂਦ ਬਚਾਉਣ ਲਈ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਿਰਾਵਟ ਦਾ ਇਹ ਸਿਲਸਿਲਾ 2004 ਤੋਂ ਬਾਅਦ ਲਗਾਤਾਰ 20 ਸਾਲਾਂ ਤੱਕ ਚੱਲ ਰਿਹਾ ਹੈ।

2009 ਵਿੱਚ ਸੀ.ਪੀ.ਐਮ. ਨੂੰ 16 ਸੀਟਾਂ ਮਿਲੀਆਂ ਸਨ ਜਦਕਿ 2014 ਵਿੱਚ 9 ਸੀਟਾਂ ਮਿਲੀਆਂ ਸਨ। 2019 ਦੀਆਂ ਚੋਣਾਂ ਵਿੱਚ ਸੀ.ਪੀ.ਐਮ. ਨੂੰ ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਿੱਚ ਇੱਕ ਵੀ ਸੀਟ ਨਹੀਂ ਮਿਲੀ ਸੀ। ਪਾਰਟੀ ਨੇ ਕੇਰਲ ਵਿੱਚ ਸਿਰਫ਼ ਇੱਕ ਸੀਟ ਅਤੇ ਤਾਮਿਲਨਾਡੂ ਵਿੱਚ ਦੋ ਸੀਟਾਂ ਜਿੱਤੀਆਂ ਸਨ। ਇਸ ਵਾਰ 2024 ਦੀਆਂ ਚੋਣਾਂ ਵੀ ਪਾਰਟੀ ਲਈ ਬਹੁਤ ਮੁਸ਼ਕਿਲ ਹਨ। ਇਸ ਵਾਰ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਨੇ ਸਮਝੌਤੇ ਵਿੱਚ ਇੱਕ ਵੀ ਸੀਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਕੇਰਲ ਵਿੱਚ ਵੀ ਉਨ੍ਹਾਂ ਦਾ ਕਾਂਗਰਸ ਨਾਲ ਵਿਰੋਧ ਹੈ। ਹਾਲਾਂਕਿ, ਖੱਬੀਆਂ ਪਾਰਟੀਆਂ ਅਜੇ ਵੀ ਕਾਂਗਰਸ ਅਤੇ ਹੋਰ ਪਾਰਟੀਆਂ ਨਾਲ ਬਣੇ ਇੰਡੀਆ ਗਠਜੋੜ ਤੋਂ ਮਿਲੀਆਂ ਕੁਝ ਸੀਟਾਂ ਜਿੱਤਣ ਲਈ ਆਸਵੰਦ ਹੈ।

**ਪੰਜਾਬ ਵਿੱਚ ਖੱਬੇਪੱਖੀ ਸਿਆਸਤ ਠੁਸ**

ਪੰਜਾਬ ਵਿਚ ਇੱਕ ਯੁੱਗ ਲਾਲ ਝੰਡੇ ਦਾ ਸੀ ਜਦੋਂ ਚੋਣਾਂ ਵਿੱਚ ਤੂਤੀ ਬੋਲਦੀ ਹੁੰਦੀ ਸੀ। ਵਿਧਾਨ ਸਭਾ ਵਿੱਚ ਤਾਂ ਕਾਮਰੇਡਾਂ ਦੀ ਗੂੰਜ ਪੈਂਦੀ ਹੁੰਦੀ ਸੀ। ਸੀ.ਪੀ.ਆਈ. ਦਾ ਚੋਣ ਨਿਸ਼ਾਨ 'ਦਾਤੀ-ਬੱਲੀ' ਅਤੇ ਸੀ.ਪੀ.ਆਈ. (ਮਾਰਕਸਵਾਦੀ) ਦਾ ਚੋਣ ਨਿਸ਼ਾਨ 'ਦਾਤੀ-ਹਥੌੜਾ' ਹੈ । ਜਦੋਂ ਅੱਜ ਦੇ ਦੌਰ ਵਿੱਚ ਝਾਤ ਮਾਰਦੇ ਹਾਂ ਤਾਂ ਖੱਬੇ ਪੱਖੀਆਂ ਦੀ ਹੋਂਦ ਕਿਤੇ ਦਿਖਾਈ ਨਹੀਂ ਦੇ ਰਹੀ। ਲੋਕ ਸਭਾ ਚੋਣਾਂ 'ਤੇ ਨਤੀਜੇ ਵੇਖਦੇ ਹਾਂ ਤਾਂ ਪੰਜਾਬ ਵਿੱਚ ਆਖ਼ਰੀ ਸਮੇਂ 1999 ਦੀਆਂ ਚੋਣਾਂ ਵਿੱਚ ਬਠਿੰਡਾ ਤੋਂ ਸੀ.ਪੀ.ਆਈ. ਦੇ ਉਮੀਦਵਾਰ ਭਾਨ ਸਿੰਘ ਭੌਰਾ ਚੋਣ ਜਿੱਤੇ ਸਨ। ਕਾਮਰੇਡ ਭੌਰਾ ਸਾਲ 1971 ਵਿੱਚ ਬਠਿੰਡਾ ਹਲਕੇ ਤੋਂ ਚੋਣ ਜਿੱਤੇ ਸਨ। ਸਭ ਤੋਂ ਪਹਿਲਾਂ ਖਾਤਾ 1957 ਵਿੱਚ ਖੁੱਲ੍ਹਿਆ ਸੀ ਜਦੋਂ ਸਾਂਝੇ ਪੰਜਾਬ ਵਿੱਚ ਝੱਜਰ ਸੀਟ ਤੋਂ ਕਾਮਰੇਡ ਪ੍ਰਤਾਪ ਸਿੰਘ ਦੌਲਤਾ ਚੋਣ ਜਿੱਤੇ ਸਨ। ਲੋਕ ਸਭਾ ਚੋਣਾਂ ਵਿੱਚ ਕਾਮਰੇਡ ਰਣਜੀਤ ਸਿੰਘ ਨੇ ਸਾਲ 1962 ਅਤੇ ਤੇਜਾ ਸਿੰਘ ਸੁਤੰਤਰ ਨੇ 1971 ਵਿੱਚ ਲੋਕ ਸਭਾ ਚੋਣ ਜਿੱਤੀ ਸੀ। ਮਾਰਕਸਵਾਦੀ ਪਾਰਟੀ ਦੇ ਪੰਜਾਬ ਵਿੱਚ ਹੁਣ ਤੱਕ ਇਕਲੌਤੇ ਸੰਸਦ ਮੈਂਬਰ ਭਗਤ ਰਾਮ ਸਾਲ 1977 ਵਿੱਚ ਬਣੇ ਸਨ ਅਤੇ ਉਨ੍ਹਾਂ ਫਿਲੌਰ ਹਲਕੇ ਤੋਂ ਚੋਣ ਲੜੀ ਸੀ। ਹੁਣ ਤੱਕ 17 ਚੋਣਾਂ ਵਿੱਚ ਖੱਬੇ ਪੱਖੀ ਧਿਰਾਂ ਦੇ ਪੰਜਾਬ ਵਿੱਚ 6 ਦਫ਼ਾ ਹੀ ਸੰਸਦ ਮੈਂਬਰ ਬਣੇ ਹਨ। ਵੋਟ ਫ਼ੀਸਦੀ ਵੱਲ ਦੇਖੀਏ ਤਾਂ 1952 ਦੀ ਪਹਿਲੀ ਲੋਕ ਸਭਾ ਚੋਣ ਵਿੱਚ ਸੀ.ਪੀ.ਆਈ. ਦਾ ਵੋਟ ਫੀਸਦ 5.04 ਸੀ ਅਤੇ ਉਦੋਂ ਚਾਰ ਸੀਟਾਂ ਤੋਂ ਕਾਮਰੇਡਾਂ ਨੇ ਚੋਣਾਂ ਲੜੀਆਂ। ਸਭ ਤੋਂ ਵੱਡਾ ਰਿਕਾਰਡ ਸੀ.ਪੀ.ਆਈ. ਦਾ 1957 ਵਿੱਚ ਰਿਹਾ ਜਦਕਿ ਖੱਬੇ ਪੱਖੀਆਂ ਨੂੰ ਪੰਜਾਬ ਵਿੱਚ 16.81 ਫੀਸਦੀ ਵੋਟਾਂ ਪਈਆਂ ਸਨ ਅਤੇ 11 ਸੀਟਾਂ ਤੋਂ ਇਨ੍ਹਾਂ ਨੇ ਚੋਣ ਲੜੀ ਸੀ। ਸੀ.ਪੀ.ਆਈ. ਦਾ ਵੋਟ ਸ਼ੇਅਰ 2004 ਵਿੱਚ 2.55 ਫੀਸਦੀ ਅਤੇ 2014 ਵਿੱਚ 0.40 ਫੀਸਦੀ ਸੀ। ਆਖ਼ਰੀ 2019 ਦੀਆਂ ਚੋਣਾਂ ਵਿਚ ਸੀਪੀਆਈ ਨੂੰ ਸਿਰਫ਼ 0.3 ਫੀਸਦੀ ਵੋਟਾਂ ਪਈਆਂ ਜਦਕਿ ਸੀਪੀਐਮ ਨੂੰ 0.1 ਫੀਸਦੀ ਵੋਟਾਂ ਪਈਆਂ। ਸੀਪੀਐੱਮ ਦਾ ਹੁਣ ਤੱਕ ਸਭ ਤੋਂ ਵੱਡਾ ਵੋਟ ਸ਼ੇਅਰ 4.94 ਫੀਸਦੀ 1977 ਦੀਆਂ ਚੋਣਾਂ ਵਿੱਚ ਰਿਹਾ।

ਜਦੋਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਖੱਬੇ ਪੱਖੀਆਂ ਦੀ ਕਾਰਗੁਜ਼ਾਰੀ ਦੇਖਦੇ ਹਾਂ ਤਾਂ ਆਖ਼ਰੀ ਦਫ਼ਾ ਸਾਲ 2002 ਵਿੱਚ ਸੀ.ਪੀ.ਆਈ. ਦੇ ਦੋ ਵਿਧਾਇਕ ਨੱਥੂ ਰਾਮ (ਮਲੋਟ) ਅਤੇ ਗੁਰਜੰਟ ਸਿੰਘ ਕੁੱਤੀਵਾਲ (ਪੱਕਾ ਕਲਾਂ) ਸੀ। ਉਸ ਮਗਰੋਂ ਵਿਧਾਨ ਸਭਾ ਵਿੱਚ ਕੋਈ ਕਾਮਰੇਡ ਨਹੀਂ ਪਹੁੰਚਿਆ। ਉਦੋਂ ਸੀ.ਪੀ.ਆਈ. ਨੂੰ 2.1 ਫੀਸਦੀ ਵੋਟਾਂ ਪਈਆਂ ਸਨ। 1997 ਵਿੱਚ ਸੀ.ਪੀ.ਆਈ. ਦੇ ਨਿਹਾਲ ਸਿੰਘ ਵਾਲਾ ਤੋਂ ਅਜੈਬ ਸਿੰਘ ਅਤੇ ਬੁਢਲਾਡਾ ਤੋਂ ਹਰਦੇਵ ਅਰਸ਼ੀ ਚੋਣ ਜਿੱਤੇ ਸਨ। ਉਸ ਤੋਂ ਪਹਿਲਾਂ 1992 ਵਿੱਚ ਸੀ.ਪੀ.ਆਈ. ਦੇ ਚਾਰ ਅਤੇ ਸੀ.ਪੀ.ਐਮ. ਦਾ ਇੱਕ ਉਮੀਦਵਾਰ ਜਿੱਤਿਆ ਸੀ।

ਸਾਲ 1985 ਦੀ ਵਿਧਾਨ ਸਭਾ ਚੋਣ ਵਿੱਚ ਸੀ.ਪੀ.ਆਈ. ਦਾ ਇੱਕਲੌਤਾ ਵਿਧਾਇਕ ਜਲਾਲਾਬਾਦ ਤੋਂ ਮਹਿਤਾਬ ਸਿੰਘ ਬਣਿਆ ਸੀ। 1980 ਵਿੱਚ ਸੀ.ਪੀ.ਆਈ. ਦੇ 9 ਅਤੇ ਸੀ.ਪੀ.ਐਮ. ਦੇ ਪੰਜ ਉਮੀਦਵਾਰ ਚੋਣ ਜਿੱਤੇ ਸਨ। 1977 ਵਿੱਚ ਸੀ.ਪੀ.ਐਮ. ਦੇ ਅੱਠ ਅਤੇ ਸੀ.ਪੀ.ਆਈ. ਦੇ ਸੱਤ ਉਮੀਦਵਾਰ ਸਫ਼ਲ ਹੋਏ ਸਨ। 1977 ਵਿੱਚ ਸੀ.ਪੀ.ਆਈ. ਦਾ ਅਸੈਂਬਲੀ ਚੋਣਾਂ ਵਿੱਚ ਵੋਟ ਸ਼ੇਅਰ 6.6 ਫੀਸਦੀ ਜੋ ਸਾਲ 2002 ਵਿੱਚ 2.1 ਫੀਸਦੀ ਰਹਿ ਗਿਆ। ਸਾਲ 2022 ਦੀਆਂ ਚੋਣਾਂ ਵਿੱਚ ਖੱਬੇ ਪੱਖੀਆਂ ਦਾ ਵੋਟ ਸ਼ੇਅਰ ਨੋਟਾ ਨਾਲੋਂ ਵੀ ਘੱਟ ਰਿਹਾ।

(ਬਾਕੀ ਸਫ਼ਾ 31 'ਤੇ)




# ਕੋਵਿਸ਼ੀਲਡ

## ਦੀ ਸੱਚਾਈ ਅਤੇ ਲੋਕਾਂ ’ਚ ਘਬਰਾਹਟ

ਕੋਰੋਨਾ ਕਾਲ ਸਮੇਂ ਜਿੰਨੇ ਜ਼ੋਰਾਂ ਸ਼ੋਰਾਂ ਨਾਲ ਇਸ ਦੀ ਦਵਾਈ ਭਾਵ ਕੋਵਿਸ਼ੀਲਡ ਟੀਕੇ ਦਾ ਪ੍ਰਚਾਰ ਕੀਤਾ ਗਿਆ ਸੀ, ਉਨੇ ਜੋਰ ਸ਼ੋਰ ਨਾਲ ਹੀ ਹੁਣ ਇਹ ਟੀਕਾ ਬਦਨਾਮੀ ਦੀ ਰਾਹ ’ਤੇ ਪੈ ਗਿਆ ਹੈ। ਇਸ ਟੀਕੇ ਨੂੰ ਬਣਾਉਣ ਵਾਲੀ ਕੰਪਨੀ ਐਸਟਰਾਜ਼ੇਨੇਕਾ ਵੱਲੋਂ ਬਰਤਾਨੀਆਂ ਦੀ ਇੱਕ ਅਦਾਲਤ ਵਿੱਚ ਇਹ ਮੰਨਣ ਤੋਂ ਬਾਅਦ, ਕਿ ਇਸ ਟੀਕੇ ਨੂੰ ਲਗਾਉਣ ਤੋਂ ਬਾਅਦ ਖ਼ੂਨ ਦੇ ਧੱਬੇ/ਥੱਕੇ ਬਣਨ, ਸਟ੍ਰੋਕ ਅਤੇ ਹਾਰਟ ਅਟੈਕ ਹੋ ਸਕਦਾ ਹੈ’ ਆਮ ਲੋਕਾਂ ਵਿੱਚ ਘਬਰਾਹਟ ਫੈਲ ਰਹੀ ਹੈ।

ਜ਼ਿਕਰਯੋਗ ਹੈ ਕਿ ਐਲੋਪੈਥੀ ਦਵਾਈਆਂ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਹਨਾਂ ਦਵਾਈਆਂ ਦੇ ਕਈ ਸਾਇਡ ਇਫ਼ੈਕਟ ਵੀ ਹੁੰਦੇ ਹਨ। ਇਸ ਦੇ ਬਾਵਜੂਦ ਪੂਰੀ ਦੁਨੀਆਂ ਵਿੱਚ ਵੱਡੀ ਗਿਣਤੀ ਲੋਕ ਆਪਣੀ ਬਿਮਾਰੀ ਦਾ ਇਲਾਜ਼ ਕਰਨ ਲਈ ਐਲੋਪੈਥੀ ਦਵਾਈਆਂ ਦੀ ਹੀ ਵਰਤੋ ਕਰਦੇ ਹਨ। ਅਸਲ ਵਿੱਚ ਡਾਕਟਰ ਆਪਣੇ ਮਰੀਜ਼ਾਂ ਨੂੰ ਠੀਕ ਕਰਨ ਲਈ ਐਲੋਪੈਥੀ ਦਵਾਈਆਂ ਹੀ ਪਰਚੀ ਉੱਪਰ ਲਿਖਦੇ ਹਨ ਅਤੇ ਮਰੀਜ਼ ਵੀ ਜਲਦੀ ਠੀਕ ਹੋਣ ਲਈ ਇਹਨਾਂ ਦਵਾਈਆਂ ਦੀ ਹੀ ਵਰਤੋ ਕਰਦੇ ਹਨ। ਇਸ ਸਮੇਂ ਪੂਰੀ ਦੁਨੀਆਂ ਵਿੱਚ ਕੋਵਿਡ -19 ਟੀਕੇ ਕੋਵਿਸ਼ੀਲਡ ਬਾਰੇ ਚਰਚਾ ਹੋ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਜਰਮਨ ਅਦਾਲਤ ਵਿੱਚ ਸ਼ੁਰੂਆਤੀ ਝਟਕੇ ਤੋਂ ਬਾਅਦ, ਐਂਗਲੋ-ਸਵੀਡਿਸ਼ ਡਰੱਗ ਨਿਰਮਾਤਾ ਕੰਪਨੀ ਐਸਟਰਾਜ਼ੇਨੇਕਾ ਨੂੰ ਬਰਤਾਨੀਆ ਵਿੱਚ ਵੀ ਝਟਕਾ ਲੱਗਿਆ ਹੈ। ਇਸ ਕੰਪਨੀ ਨੇ ਇੱਕ ਬ੍ਰਿਟਿਸ਼ ਅਦਾਲਤ ਵਿੱਚ ਮੰਨਿਆ ਕਿ ਇਸਦਾ ਕੋਵਿਡ -19 ਟੀਕਾ ਕਈ ਮਾਮਲਿਆਂ ਵਿੱਚ ਥ੍ਰੋਮੋਸਾਈਟੋਪੇਨੀਆ ਸਿੰਡਰੋਮ ਦਾ ਕਾਰਨ ਬਣ ਸਕਦਾ ਹੈ। ਇਸ ਕਾਰਨ ਖ਼ੂਨ ਵਿੱਚ ਧੱਬੇ/ਥੱਕੇ ਬਣ ਜਾਂਦੇ ਹਨ ਅਤੇ ਪਲੇਟਲੈਟਸ ਦੀ ਗਿਣਤੀ ਵੀ ਘੱਟ ਜਾਂਦੀ ਹੈ।

ਸਿਹਤ ਮਾਹਿਰਾਂ ਅਨੁਸਾਰ ਅਜਿਹੇ ਧੱਬੇ/ਥੱਕੇ ਸਟ੍ਰੋਕ ਅਤੇ ਹਾਰਟ ਅਟੈਕ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਕਾਰਨ ਵੀ ਬਣ ਸਕਦੇ ਹਨ। ਵੱਡੀ ਫਾਰਮਾਸਿਊਟੀਕਲ ਕੰਪਨੀ ਦਾ ਕੋਵਿਡ -19 ਟੀਕਾ ਮਹਾਂਮਾਰੀ



ਦੌਰਾਨ ਦੁਨੀਆਂ ਭਰ ਦੇ ਅਰਬਾਂ ਲੋਕਾਂ ਨੂੰ ਲਗਾਇਆ ਗਿਆ ਸੀ। ਇਹ ਆਕਸਫੋਰਡ ਯੂਨੀਵਰਸਿਟੀ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਸੀ। ਕੁਝ ਦੇਸ਼ਾਂ ਵਿੱਚ, ਇਸ ਟੀਕੇ ਨੂੰ ਕੋਵਿਸ਼ੀਲਡ ਅਤੇ ਵੈਕਸਜਾਵੇਰੀਆ ਦਾ ਨਾਮ ਵੀ ਦਿੱਤਾ ਗਿਆ ਸੀ। ਇਸ ਨੂੰ ਭਾਰਤ ਵਿੱਚ ਸੀਰਮ ਇੰਸਟੀਚਿਊਟ ਦੁਆਰਾ ਬਣਾਇਆ ਗਿਆ ਸੀ। ਭਾਰਤੀ ਅਖਬਾਰ ਬਿਜ਼ਨਸ ਸਟੈਂਡਰਡ ਦੇ ਅਨੁਸਾਰ, 29 ਅਪ੍ਰੈਲ 2024 ਤੱਕ ਭਾਰਤ ਵਿੱਚ 1.7494 ਬਿਲੀਅਨ ਟੀਕੇ ਲਗਾਏ ਗਏ ਸਨ। ਅਖਬਾਰ ਨੇ ਭਾਰਤ ਸਰਕਾਰ ਦੇ ਕੋਵਿਨ ਪੋਰਟਲ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ।

ਬ੍ਰਿਟੇਨ ਤੋਂ ਪਹਿਲਾਂ, ਅਪ੍ਰੈਲ 2024 ਵਿੱਚ, ਜਰਮਨੀ ਵਿੱਚ ਇੱਕ ਔਰਤ ਨੇ ਵੀ ਐਸਟਰਾਜ਼ੇਨੇਕਾ ਦੇ ਖ਼ਿਲਾਫ਼ ਸ਼ੁਰੂਆਤੀ ਕਾਨੂੰਨੀ ਲੜਾਈ ਜਿੱਤੀ ਸੀ। ਇੱਕ 33 ਸਾਲ ਦੀ ਔਰਤ ਨੇ ਐਸਟਰਾਜ਼ੇਨੇਕਾ ਵੈਕਸੀਨ ਦੇ ਸੰਭਾਵਿਤ ਮਾੜੇ ਪ੍ਰਭਾਵਾਂ ਦੇ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਸੀ। ਦੱਖਣੀ ਜਰਮਨੀ ਵਿੱਚ ਬੈਮਬਰਗ ਉੱਚ ਖੇਤਰੀ ਅਦਾਲਤ ਦੇ ਇੱਕ ਬੁਲਾਰੇ ਨੇ ਫੈਸਲੇ ਤੋਂ ਬਾਅਦ ਕਿਹਾ ਕਿ ਕੰਪਨੀ ਨੂੰ ਹੁਣ ਤੱਕ ਖੋਜੇ ਗਏ ਟੀਕੇ ਦੇ ਸਾਰੇ ਮਾੜੇ ਪ੍ਰਭਾਵਾਂ ਅਤੇ ਇਸ ਨਾਲ ਸਬੰਧਤ ਕਿਸੇ ਵੀ ਮਹੱਤਵਪੂਰਨ ਜਾਣਕਾਰੀ ਨੂੰ ਜਨਤਕ ਕਰਨਾ ਚਾਹੀਦਾ ਹੈ।

ਜਰਮਨ ਅਦਾਲਤ ਦੇ ਅਨੁਸਾਰ, ਟੀਕੇ ਦੀ ਮਨਜ਼ੂਰੀ ਦੀ ਮਿਤੀ ਤੋਂ ਲੈ ਕੇ 27 ਦਸੰਬਰ, 2020 ਤੋਂ 19 ਫਰਵਰੀ, 2024 ਤੱਕ ਜਾਣਕਾਰੀ ਉਪਲਬਧ ਕਰਵਾਈ ਜਾਣੀ ਚਾਹੀਦੀ ਹੈ। ਪਟੀਸ਼ਨਕਰਤਾ ਔਰਤ ਨੂੰ ਇਹ ਟੀਕਾ ਮਾਰਚ 2021 ਵਿੱਚ ਲੱਗਿਆ ਸੀ। ਔਰਤ ਦਾ ਦਾਅਵਾ ਹੈ ਕਿ ਟੀਕੇ ਤੋਂ ਬਾਅਦ ਉਸ ਦੀਆਂ ਅੰਤੜੀਆਂ ਦੀਆਂ ਧਮਨੀਆਂ ਵਿੱਚ ਖ਼ੂਨ ਦੇ ਧੱਬੇ/ਥੱਕੇ ਬਣਨੇ ਸ਼ੁਰੂ ਹੋ ਗਏ। ਹਾਲਤ ਇੰਨੀ ਵਿਗੜ ਗਈ ਕਿ ਉਹ ਕੋਮਾ ਵਿੱਚ ਚਲੀ ਗਈ ਅਤੇ ਅੰਤ ਵਿੱਚ ਉਸਦੀ ਅੰਤੜੀ ਦਾ ਇੱਕ ਹਿੱਸਾ ਕੱਢਣਾ ਪਿਆ। ਮਹਿਲਾ ਦੇ ਵਕੀਲ ਫੋਕਰ ਲੋਚਨਰ ਮੁਤਾਬਕ ਅਦਾਲਤ ਦੇ ਇਸ ਫੈਸਲੇ ਨਾਲ ਐਸਟਰਾਜੇਨੇਕਾ ਵੈਕਸੀਨ ਲੈਣ ਤੋਂ ਬਾਅਦ ਗੰਭੀਰ ਮਾੜੇ ਪ੍ਰਭਾਵਾਂ ਤੋਂ ਪੀੜਤ ਕਈ ਲੋਕਾਂ ਨੂੰ ਰਾਹਤ ਮਿਲੇਗੀ। ਭਾਰਤ ਵਿੱਚ ਵੀ ਪਿਛਲੇ ਦੋ ਸਾਲਾਂ ਵਿੱਚ ਨੌਜਵਾਨਾਂ ਵਿੱਚ ਦਿਲ ਦੇ ਦੌਰੇ ਦੇ ਮਾਮਲਿਆਂ ਵਿੱਚ ਕਾਫੀ ਵਾਧਾ ਹੋਇਆ ਹੈ। ਕੁਝ ਲੋਕਾਂ ਨੂੰ ਸ਼ੱਕ ਹੈ ਕਿ ਇਨ੍ਹਾਂ ਵਿੱਚੋਂ ਕੁਝ ਮੌਤਾਂ ਲਈ ਕੋਵਿਡ ਵੈਕਸੀਨ ਜ਼ਿੰਮੇਵਾਰ ਹੈ। ਹਾਲਾਂਕਿ, ਭਾਰਤ ਦੇ ਸਿਹਤ ਮੰਤਰਾਲੇ ਨੇ ਅਜਿਹੇ ਦੋਸ਼ਾਂ ਨੂੰ ਰੱਦ ਕੀਤਾ ਹੈ। ਹੁਣ ਇਸ ਦਵਾਈ / ਟੀਕੇ ਦਾ ਅਸਲ ਸੱਚ ਕੀ ਹੈ ਇਹ ਤਾਂ ਆਉਣ ਵਾਲਾ ਸਮਾਂ ਦਸੇਗਾ ਪਰ ਇਸ ਸਮੇਂ ਇਸ ਟੀਕੇ ਨੂੰ ਲਗਵਾਉਣ ਵਾਲੇ ਲੋਕ ਜ਼ਰੂਰ ਚਿੰਤਾ ਵਿੱਚ ਦਿਖਾਈ ਦਿੰਦੇ ਹਨ। ਸਰਕਾਰ ਅਤੇ ਦਵਾਈ ਨਿਰਮਾਤਾ ਕੰਪਨੀ ਨੂੰ ਚਾਹੀਦਾ ਹੈ ਕਿ ਉਹ ਇਸ ਟੀਕੇ ਸਬੰਧੀ ਪੂਰੀ ਸੱਚਾਈ ਆਮ ਲੋਕਾਂ ਦੇ ਸਾਹਮਣੇ ਲਿਆਉਣ ਤਾਂ ਕਿ ਇਸ ਟੀਕੇ ਬਾਰੇ ਅਸਲੀ ਸਥਿਤੀ ਦਾ ਆਮ ਲੋਕਾਂ ਨੂੰ ਪਤਾ ਲੱਗ ਸਕੇ ਅਤੇ ਲੋਕਾਂ ਵਿੱਚ ਇਸ ਟੀਕੇ ਸਬੰਧੀ ਜੋ ਘਬਰਾਹਟ ਪਾਈ ਜਾ ਰਹੀ ਹੈ, ਉਹ ਦੂਰ ਕੀਤੀ ਜਾ ਸਕੇ।





# ਕੈਨੇਡਾ ’ਚ ਰਹਿਣਾ ਹੋਇਆ ਹੋਰ ਮਹਿੰਗਾ

## ਦੇਸ਼ ਛੱਡ ਕੇ ਵਿਦੇਸ਼ ਵੱਸਣ ਲੱਗੇ ਅਨੇਕਾਂ ਕੈਨੇਡੀਅਨ ਨਾਗਰਿਕ

### ਮੈਕਗਿਲ ਇੰਸਟੀਚਿਊਟ .ਫਾਰ ਦਿ ਸਟੱਡੀ ਆ.ਫ ਕੈਨੇਡਾ ਵੱਲੋਂ ਕਰਵਾਏ ਗਏ ਅਧਿਐਨ ’ਚ ਕੀਤਾ ਗਿਆ ਦਾਅਵਾ

ਕੈਨੇਡਾ ’ਚ ਰਹਿਣਾ ਇੰਨਾ ਮਹਿੰਗਾ ਹੋ ਗਿਆ ਹੈ ਕਿ ਇਥੋਂ ਦੇ ਨਾਗਰਿਕ ਹੁਣ ਦੇਸ਼ ਛੱਡ ਕੇ ਵਿਦੇਸ਼ਾਂ ’ਚ ਵੱਸਣ ਲੱਗੇ ਹਨ। ਰਿਹਾਇਸ਼ੀ ਕੰਪਲੈਕਸਾਂ ਦੀਆਂ ਵਧਦੀਆਂ ਕੀਮਤਾਂ ਲੋਕਾਂ ਨੂੰ ਦੂਜੇ ਦੇਸ਼ਾਂ ’ਚ ਜਾਣ ਲਈ ਮਜਬੂਰ ਕਰ ਰਹੀਆਂ ਹਨ। ਇਕ ਮੀਡੀਆ ਰਿਪੋਰਟ ’ਚ ਕਿਹਾ ਗਿਆ ਹੈ ਕਿ ਕੈਨੇਡੀਅਨ ਸਰਕਾਰ ਵੀ ਨਵੇਂ ਨਾਗਰਿਕਾਂ ਨੂੰ ਵਸਾਉਣ ਲਈ ਸੰਘਰਸ਼ ਕਰ ਰਹੀ ਹੈ। ਇੱਕ ਤਾਜ਼ਾ ਅਧਿਐਨ ’ਚ ਕਿਹਾ ਗਿਆ ਹੈ ਕਿ 2017 ਤੋਂ 2019 ਦਰਮਿਆਨ ਕੈਨੇਡਾ ਆਏ ਲੋਕਾਂ ਵੱਲੋਂ ਦੇਸ਼ ਛੱਡਣ ਦੀ ਗਿਣਤੀ ’ਚ 31 ਫ਼ੀਸਦੀ ਵਾਧਾ ਹੋਇਆ ਹੈ। ਇੱਕ ਹੋਰ ਰਿਪੋਰਟ ’ਚ ਸੂਤਰਾਂ ਦੇ ਹਵਾਲੇ ਨਾਲ ਇਹ ਵੀ ਕਿਹਾ ਗਿਆ ਹੈ ਕਿ ਜਸਟਿਨ ਟਰੂਡੋ ਸਰਕਾਰ ਆਪਣੇ ਨਾਗਰਿਕਾਂ ਵੱਲੋਂ ਦੇਸ਼ ਛੱਡਣ ਨੂੰ ਰੋਕਣ ਲਈ ਮਹੱਤਵਪੂਰਨ ਉਪਾਵਾਂ ’ਤੇ ਚਰਚਾ ਕਰ ਰਹੀ ਹੈ। ਅੰਦਰੂਨੀ ਸੂਤਰਾਂ ਮੁਤਾਬਕ ਸਰਕਾਰ ਦੇਸ਼ ਛੱਡਣ ਵਾਲੇ ਲੋਕਾਂ ’ਤੇ 25,000 ਡਾਲਰ ਦਾ ਜੁਰਮਾਨਾ ਲਗਾ ਸਕਦੀ ਹੈ।

**ਰਿਹਾਇਸ਼ੀ ਸਹੂਲਤਾਂ ਤੇ ਰੋਜ਼ਗਾਰ ਬਣਿਆ ਪ੍ਰੇਸ਼ਾਨੀ**

ਅਧਿਐਨ ਅਨੁਸਾਰ ਰਿਹਾਇਸ਼ ਦੀ ਉੱਚ ਕੀਮਤ ਕਈ ਕੈਨੇਡੀਅਨਾਂ ਨੂੰ ਬਿਹਤਰ ਕੰਮ ਲਈ ਵਿਦੇਸ਼ ਜਾਣ ਲਈ ਪ੍ਰੇਰਿਤ ਕਰ ਰਹੀ ਹੈ। ਮੈਕਗਿਲ ਇੰਸਟੀਚਿਊਟ ਫਾਰ ਦਿ ਸਟੱਡੀ ਆ.ਫ ਕੈਨੇਡਾ ਵੱਲੋਂ ਕਰਵਾਏ ਗਏ ਅਧਿਐਨ ’ਚ ਕਿਹਾ ਗਿਆ ਹੈ ਕਿ ਰੋਜ਼ਗਾਰ ਦੇ ਮੌਕੇ ਵੀ ਮੁੱਖ ਕਾਰਨ ਹਨ ਕਿ ਕਈ ਕੈਨੇਡੀਅਨਾਂ ਨੇ ਕੈਨੇਡਾ ’ਚ ਆਉਣ ਤੋਂ 4 ਤੋਂ 7 ਸਾਲਾਂ ਬਾਅਦ ਦੇਸ਼ ਛੱਡਣ ਦਾ .ਫੈਸਲਾ ਕੀਤਾ। ਲੋਕਾਂ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਹੋਣ ਦੇ ਮੌਕੇ ਨਹੀਂ ਮਿਲ ਰਹੇ ਸਨ। ਇਹੀ ਕਾਰਨ ਹੈ ਕਿ ਉਹ ਦੂਜੇ ਦੇਸ਼ਾਂ ਵੱਲ ਰੁਖ਼ ਕਰਨ ਲੱਗੇ ਹਨ।

**ਕੈਨੇਡੀਅਨ ਨਿਯਮ ਵੀ ਹਨ ਕਾਰਨ**

ਰਿਪੋਰਟ ’ਚ ਕਿਹਾ ਗਿਆ ਹੈ ਕਿ ਵਿਦੇਸ਼ੀ ਡਿਗਰੀਆਂ ਨੂੰ ਮਾਨਤਾ ਦੇਣ ਲਈ ਕੈਨੇਡੀਅਨ ਸਰਕਾਰ ਦੇ ਗੁੰਝਲਦਾਰ ਨਿਯਮ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਚੁਣੇ ਹੋਏ ਖ਼ੇਤਰਾਂ ’ਚ ਨੌਕਰੀਆਂ ਲੱਭਣ ਤੇ ਉਨ੍ਹਾਂ ਦੇ ਨਵੇਂ ਦੇਸ਼ ’ਚ ਕਰੀਅਰ ਬਣਾਉਣ ’ਚ ਰੁਕਾਵਟ ਪਾਉਂਦੇ ਹਨ। ਅਧਿਐਨ ’ਚ ਕਿਹਾ ਗਿਆ ਹੈ ਕਿ ਕੈਨੇਡਾ ਛੱਡਣ ਵਾਲਿਆਂ ’ਚੋਂ ਅੱਧਿਆਂ ਨੇ ਕੈਨੇਡੀਅਨ ਮਾਪਿਆਂ ਰਾਹੀਂ ਆਪਣੀ ਨਾਗਰਿਕਤਾ ਹਾਸਲ ਕੀਤੀ, ਜਦਕਿ ਇਕ ਤਿਹਾਈ ਕੈਨੇਡਾ ’ਚ ਪੈਦਾ ਹੋਏ ਸਨ।

ਕੈਨੇਡੀਅਨ ਮੂਲ ਦੇ ਨਾਗਰਿਕ ਵਿਦੇਸ਼ ’ਚ ਰਹਿਣ ਲਈ ਜਿਨ੍ਹਾਂ ਕਾਰਨਾਂ ਦਾ ਹਵਾਲਾ ਦਿੰਦੇ ਹਨ, ਉਨ੍ਹਾਂ ’ਚ ਨੌਕਰੀ ਤੇ ਅਧਿਐਨ ਦੇ ਮੌਕਿਆਂ ਦੇ ਨਾਲ-ਨਾਲ ਯਾਤਰਾ ਵੀ ਸ਼ਾਮਲ ਹੈ। ਰਿਪੋਰਟ ’ਚ ਸੁਝਾਅ ਦਿੱਤਾ ਗਿਆ ਹੈ ਕਿ ਵਿਦੇਸ਼ਾਂ ’ਚ ਪ੍ਰਵਾਸੀ ਕੈਨੇਡੀਅਨਾਂ ਨਾਲ ਜੁੜਨਾ ਸਰਕਾਰ ਦੀ ਘੱਟ ਤਰਜੀਹ ਰਹੀ ਹੈ।

**ਇਨ੍ਹਾਂ ਦੇਸ਼ਾਂ ’ਚ ਵੱਸ ਗਏ ਹਨ ਕੈਨੇਡੀਅਨ**

ਵਿਦੇਸ਼ਾਂ ’ਚ ਰਹਿਣ ਵਾਲੇ ਜ਼ਿਆਦਾਤਰ ਕੈਨੇਡੀਅਨ ਅਮਰੀਕਾ, ਹਾਂਗਕਾਂਗ ਤੇ ਯੂਨਾਈਟਿਡ ਕਿੰਗਡਮ ’ਚ ਰਹਿੰਦੇ ਹਨ। ਸਟੈਟਿਸਟਿਕਸ ਕੈਨੇਡਾ ਦੇ ਇੱਕ ਵੱਖਰੇ ਅਧਿਐਨ ਦਾ ਅੰਦਾਜ਼ਾ ਹੈ ਕਿ 2016 ’ਚ ਲਗਭਗ 4 ਮਿਲੀਅਨ ਕੈਨੇਡੀਅਨ ਨਾਗਰਿਕ ਵਿਦੇਸ਼ ’ਚ ਰਹਿ ਰਹੇ ਸਨ, ਜੋ ਕਿ ਆਬਾਦੀ ਦਾ ਲਗਭਗ 11 ਫ਼ੀਸਦੀ ਜਾਂ 9 ’ਚੋਂ ਇੱਕ ਕੈਨੇਡੀਅਨ ਨਾਗਰਿਕ ਹੋਵੇਗਾ। ਅਧਿਐਨ ’ਚ ਪਤਾ ਲੱਗਾ ਹੈ ਕਿ ਵਿਦੇਸ਼ਾਂ ’ਚ ਰਹਿਣ ਵਾਲੇ ਕੈਨੇਡੀਅਨ ਲੋਕਾਂ ਦੀ ਔਸਤ ਉਮਰ 46.2 ਹੈ, ਜੋ ਕਿ ਰਾਸ਼ਟਰੀ ਔਸਤ ਤੋਂ ਥੋੜ੍ਹੀ ਜ਼ਿਆਦਾ ਹੈ। ਵਿਦੇਸ਼ਾਂ ’ਚ ਰਹਿਣ ਵਾਲੇ ਲੋਕਾਂ ਦਾ ਸਭ ਤੋਂ ਵੱਡਾ ਸਮੂਹ 45 ਤੋਂ 54 ਸਾਲ ਵਿਚਕਾਰ ਹੈ।



# ਕੁਦਰਤ ਦੀ ਅਨਮੋਲ ਦੇਣ ਹੈ ਮਨੁੱਖੀ ਜ਼ਿੰਦਗੀ

ਡਾ. ਬਿਹਾਰੀ ਮੰਡੇਰ

ਸਾਡੇ ਪੰਜਾਬੀ ਜੀਵਨ ਵਿੱਚ ਤਾਂ ਥਾਂ ਥਾਂ ਬਨਸਪਤੀ, ਪਸ਼ੂ ਪੰਛੀਆਂ ਅਤੇ ਜਾਨਵਰਾਂ ਦੇ ਨਾਵਾਂ ਦੀ ਵਰਤੋਂ ਮਨੁੱਖਾਂ ਲਈ ਅਕਸਰ ਕੀਤੀ ਜਾਂਦੀ ਹੈ। ਮਨੁੱਖੀ ਜ਼ਿੰਦਗੀ ਕੁਦਰਤ ਦੀ ਅਨਮੋਲ ਦੇਣ ਹੈ। ਕੁਦਰਤ ਵਿੱਚੋਂ ਉਪਜੇ ਹੋਣ ਕਾਰਨ ਸਾਡੀ ਜ਼ਿੰਦਗੀ ਦੇ ਹਰ ਪਲ ’ਤੇ ਕੁਦਰਤ ਦਾ ਪਰਛਾਵਾਂ ਹੈ। ਦੁਨੀਆਂ ਦੇ ਵੱਖਰੇ ਵੱਖਰੇ ਦੇਸ਼ਾਂ ਦੀ ਵੰਨ ਸੁਵੰਨਤਾ ਉੱਥੋਂ ਦੀਆਂ ਕੁਦਰਤੀ ਪਰਿਸਥਿਤੀਆਂ ਕਾਰਨ ਹੀ ਹੈ। ਸਾਡਾ ਆਪਣਾ ਹੀ ਦੇਸ਼ ਲੈ ਲਈਏ। ਇੱਥੇ ਵੀ ਵੱਖਰੇ ਪੌਣ ਪਾਣੀ, ਜਲਵਾਯੂ ਕਾਰਨ ਜੀਵਨ ਜਾਚ ਵੰਨ-ਸੁਵੰਨੀ ਹੈ। ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਮੁੱਖ ਕਿੱਤਾ ਖੇਤੀਬਾੜੀ ਅਤੇ ਪਸ਼ੂ ਪਾਲਣ ਹੋਣ ਕਾਰਨ ਪੰਜਾਬੀ ਜੀਵਨ ਦੇ ਹਰ ਖੇਤਰ ਵਿੱਚ ਕੁਦਰਤ ਦਾ ਰੰਗ ਵੇਖਿਆ ਜਾ ਸਕਦਾ ਹੈ। ਸਾਡੇ ਖਾਣ-ਪੀਣ, ਰਹਿਣ-ਸਹਿਣ, ਬੋਲ-ਚਾਲ ਅਤੇ ਕੰਮਕਾਰ ਵਿੱਚ ਹਰ ਥਾਂ ਕੁਦਰਤ ਦਾ ਪਰਛਾਵਾਂ ਹੈ ।

ਸਾਡੇ ਸੱਭਿਆਚਾਰ ਵਿੱਚ ਵੀ ਕੁਦਰਤ ਦਾ ਵਰਣਨ ਘੁਲਿਆ ਮਿਲਿਆ ਪਿਆ ਹੈ। ਨਾਵਾਂ ਦੀ ਹੀ ਗੱਲ ਲੈ ਲਈਏ ਤਾਂ ਸਾਡੇ ਬਜ਼ੁਰਗਾਂ ਦੇ ਨਾਮ ਕਿੱਕਰ ਸਿੰਘ, ਬੋਹੜ ਸਿੰਘ, ਪਿੱਪਲ ਸਿੰਘ ਆਦਿ ਮਿਲ ਜਾਂਦੇ ਹਨ। ਸਾਡੇ ਪੰਜਾਬੀ ਜੀਵਨ ਵਿੱਚ ਬੰਦੇ ਦੀ ਕੱਦ-ਕਾਠੀ, ਡੀਲ- ਡੌਲ ਅਤੇ ਜ਼ੋਰ ਨੂੰ ਵੀ ਦਰੱਖਤਾਂ ਜਾਂ ਜਾਨਵਰਾਂ ਦੀਆਂ ਉਦਾਹਰਨਾਂ ਦੇ ਕੇ ਉਚਿਆਇਆ ਜਾਂ ਨਿਵਾਇਆ ਜਾਂਦਾ ਰਿਹਾ ਹੈ। ਜਿਵੇਂ ਕਹਿਣਾ ਕਿ ਸਰੂ ਵਰਗਾ ਕੱਦ, ਝੋਟੇ ਜਿੰਨਾ ਜ਼ੋਰ, ਹਾਥੀ ਜਿੰਨਾ ਬਲ ਅਤੇ ਘੋੜੇ ਵਰਗਾ ਤੇਜ਼। ਅਕਲ ਨੂੰ ਵੀ ਜਾਨਵਰਾਂ ਨਾਲ ਹੀ ਮੇਚ ਕੇ ਦੇਖਿਆ ਜਾਂਦੈ। ਜਿਵੇਂ ਮੂਰਖ ਨੂੰ ਗਧਾ, ਚਲਾਕ ਨੂੰ ਗਿੱਦੜ, ਸ਼ਰਾਰਤੀ ਨੂੰ ਬਾਂਦਰ, ਗੱਲ ਗੱਲ ’ਤੇ ਲੜਨ ਵਾਲੇ ਨੂੰ ਮਾਰ ਖੋਰਾ ਸਾਂਢ, ਕਿਸੇ ਸੁਸਤ ਸੁਭਾਅ ਵਾਲੇ ਨੂੰ ਸੀਲ ਮੱਛੀ, ਤੇਜ਼ ਚੱਲਣ ਵਾਲੇ ਨੂੰ ਨਗੌਰੀ ਬਲਦ, ਤੇਜ਼ ਦੌੜਨ ਵਾਲੇ ਨੂੰ ਘੋੜਾ, ਫੁਰਤੀਲੇ ਨੂੰ ਚੀਤਾ, ਕਿਸੇ ਦਲੇਰ ਬੰਦੇ ਨੂੰ ਸ਼ੇਰ, ਕਿਸੇ ਡਰਪੋਕ ਨੂੰ ਗਿੱਦੜ, ਗੱਲ ਗੱਲ ’ਤੇ ਬਦਲਣ ਵਾਲੇ ਨੂੰ ਕੋੜ੍ਹ ਕਿਰਲਾ (ਗਿਰਗਟ), ਕਿਸੇ ਮਸਤ ਬੰਦੇ ਨੂੰ ਹਾਥੀ ਅਤੇ ਜ਼ਿਆਦਾ ਚੁਕੰਨੇ ਨੂੰ ਕਾਂ ਕਹਿਣਾ। ਇਹ ਸਾਡੇ ਪੰਜਾਬੀ ਜੀਵਨ ਦੇ ਸੱਭਿਆਚਾਰ ਦਾ ਅਟੁੱਟ ਵਰਤਾਰਾ ਹੈ। ਸਾਡੀ ਜ਼ਿੰਦਗੀ ਦੇ ਸੋਹਜ ਸਵਾਦ ਜਾਂ ਦੁੱਖ ਸੁੱਖ ਵਿੱਚ ਹਰ ਜਗ੍ਹਾ ਕੁਦਰਤ ਦਾ ਝਲਕਾਰਾ ਹੈ। ਕੁਦਰਤੀ ਸੰਤੁਲਨ ਵਿੱਚ ਨਰ ਤੇ ਮਾਦਾ ਦਾ ਅਹਿਮ ਰੋਲ ਹੈ। ਜੇਕਰ ਕਹੀਏ ਕਿ ਦੋਹਾਂ ਦੀ ਆਪਸੀ ਖਿੱਚ ਹੀ ਕੁਦਰਤ



ਦਾ ਖੂਹ ਗੇੜਦੀ ਹੈ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਮਨੁੱਖੀ ਜੀਵਨ ਵਿੱਚ ਰੁਮਾਂਸ ਤੇ ਪਿਆਰ ਮੁਹੱਬਤ ਦੀ ਜ਼ਿੰਮੇਵਾਰੀ ਮਾਦਾ ਜੀਵਨ ਦੀ ਹੋਂਦ ਕਾਰਨ ਹੀ ਹੈ। ਇਸਤਰੀ, ਮਾਂ, ਭੈਣ ਤੇ ਪਤਨੀ ਦੇ ਰੂਪ ਵਿੱਚ ਸਾਡੇ ਜੀਵਨ ਵਿੱਚ ਆਉਂਦੀ ਹੈ। ਮਾਂ ਤੋਂ ਬਿਨਾਂ ਮਨੁੱਖੀ ਜੀਵਨ ਦੀ ਹੋਂਦ ਹੀ ਸੰਭਵ ਨਹੀਂ ਹੈ। ਬੇਸ਼ੱਕ ਸਾਇੰਸ ਬਹੁਤ ਅੱਗੇ ਨਿਕਲ ਗਈ ਹੈ।

ਸਾਡੇ ਪੰਜਾਬੀ ਜੀਵਨ ਵਿੱਚ ਅਨੇਕਾਂ ਪਿਆਰ ਕਹਾਣੀਆਂ ਅਤੇ ਕਿੱਸੇ ਹਨ। ਇਨ੍ਹਾਂ ਕਿੱਸਿਆਂ ਵਿੱਚ ਵੀ ਇਸਤਰੀ ਦੇ ਰੰਗ ਰੂਪ, ਸੁੰਦਰਤਾ ਨੂੰ ਕੁਦਰਤ ਦੇ ਪ੍ਰਤੀਬਿੰਬਾਂ, ਬਨਸਪਤੀ ਅਤੇ ਪਸ਼ੂ ਪੰਛੀਆਂ ਦੇ ਨਾਵਾਂ ਨਾਲ ਨਾਲ ਮੇਚਿਆ ਗਿਆ ਹੈ, ਜਿਵੇਂ ਕਿ ਸਰੋਂ ਦੀ ਗੰਦਲ ਵਰਗੀ ਨਾਰ, ਦਿਨ ਚੜ੍ਹਦੇ ਦੀ ਲਾਲੀ ਵਰਗਾ ਰੰਗ, ਮੋਰਨੀ ਵਰਗੀ ਤੋਰ, ਤੀਲ੍ਹੇ ਵਰਗਾ ਨੱਕ, ਕਾਲੀਆਂ ਘਟਾਵਾਂ ਵਰਗੀਆਂ ਜ਼ੁਲਫ਼ਾਂ, ਸੱਪਣੀ ਵਾਂਗ ਮੇਲ੍ਹਣਾ, ਹਿਰਨੀ ਵਰਗੀਆਂ ਅੱਖਾਂ, ਮੋਤੀਆਂ ਵਰਗੇ ਦੰਦ, ਗੁੱਤ ਸੱਪਣੀ, ਚੰਦਨ ਗੇਲੀ, ਸਰੋਂ ਦੇ ਫੁੱਲ ਵਰਗੀ, ਸੰਧੂਰੀ ਅੰਬੀ, ਗੱਲਾਂ ਸਿਓ ਕਸ਼ਮੀਰ, ਗੁਲਾਬ ਦੇ ਫੁੱਲ ਵਰਗੀ, ਕੱਚੀ ਕਲੀ ਅਤੇ ਹੋਰ ਕਿੰਨੀਆਂ ਹੀ ਤੁਲਨਾਵਾਂ ਹਨ, ਜੋ ਇਸਤਰੀ ਦੀ ਸੁੰਦਰਤਾ ਨੂੰ ਵਡਿਆਉਣ ਲਈ ਵਰਤੀਆਂ ਜਾਂਦੀਆਂ ਹਨ। ਇਸਤਰੀ ਸੁਭਾਅ ਨੂੰ ਵੀ ਅਕਸਰ ਪਸ਼ੂਆਂ ਨਾਲ ਤੁਲਨਾ



ਦੇ ਦਿੱਤੀ ਜਾਂਦੀ ਹੈ। ਰਿਸ਼ਤਾ ਕਰਨ ਵੇਲੇ ਅਕਸਰ ਕਿਹਾ ਜਾਂਦਾ ਹੈ ਕਿ ਕੁੜੀ ਤਾਂ ਸਾਡੀ ਜਮਾਂ ਈ ਗਊ ਹੈ ਜੀ। ਸੱਸ ਲਈ ਬਘਿਆੜੀ ਸ਼ਬਦ ਅਕਸਰ ਵਰਤਿਆ ਜਾਂਦਾ ਹੈ। ‘ਮਾਪਿਆਂ ਨੇ ਮੈਂ ਰੱਖੀ ਲਾਡਲੀ, ਅੱਗੋਂ ਸੱਸ ਬਘਿਆੜੀ ਟੱਕਰੀ’। ਜਨਾਨੀਆਂ ਵੀ ਇੱਕ ਦੂਜੇ ਨੂੰ ਨਿੰਦਣ ਲਈ ਅਕਸਰ ਭੇਡ ਸ਼ਬਦ ਦੀ ਵਰਤੋਂ ਕਰਦੀਆਂ ਹਨ। ਇਸ ਤਰ੍ਹਾਂ ਸਾਡਾ ਪੰਜਾਬੀ ਸੱਭਿਆਚਾਰ ਜਾਂ ਸੱਭਿਆਚਾਰਕ ਜੀਵਨ ਕਹਿ ਲਈਏ ਕੁਦਰਤ ਨਾਲ ਓਤ ਪੋਤ ਹੈ। ਸਾਡੇ ਜੰਮਣ, ਮਰਨ ਅਤੇ ਖ਼ੁਸ਼ੀ ਗ਼ਮੀ ਵਿੱਚ ਹਰ ਮੌਕੇ ਕੁਦਰਤ ਹਾਜ਼ਰ ਹੁੰਦੀ ਹੈ। ਬੱਚੇ ਦੇ ਜਨਮ ਦੀ ਖ਼ੁਸ਼ੀ ਵਿੱਚ ਬੂਹੇ ਅੱਗੇ ਨਿੰਮ੍ਹ ਬੰਨ੍ਹਿਆ ਜਾਂਦਾ ਹੈ ਅਤੇ ਲਾਸ਼ ਦੇ ਆਲੇ ਦੁਆਲੇ ਵੀ ਨਿੰਮ੍ਹ ਰੱਖਿਆ ਜਾਂਦਾ ਹੈ। ਵਿਆਹ ਸਮੇਂ ਨੁਹਾਈ-ਧੁਆਈ ਵੇਲੇ ਬੰਨ ਲਾਉਣ ਵੇਲੇ ਦੱਬ੍ਹ (ਹਰਾ ਕੱਚਾ ਘਾਹ) ਦੀ ਵਰਤੋਂ ਕੀਤੀ ਜਾਂਦੀ ਹੈ। ਘੋੜੀ ਚੜ੍ਹਨ ਵੇਲੇ ਜੰਡੀ ਨੂੰ ਟੱਕ ਲਾਇਆ ਜਾਂਦਾ ਹੈ।

ਮੁੱਖ ਕਿੱਤਾ ਖੇਤੀਬਾੜੀ ਦਾ ਹੋਣ ਕਾਰਨ ਪੰਜਾਬੀ ਜੀਵਨ ਹਰ ਪੱਖੋਂ ਕੁਦਰਤ ਦੇ ਨੇੜੇ ਹੈ। ਸਾਡਾ ਖਾਣ-ਪੀਣ ਸ਼ਾਕਾਹਾਰੀ ਜਾਂ ਮਾਸਾਹਾਰੀ ਕੁਦਰਤ ਦੀ ਦੇਣ ਹੈ। ਇਸ ਤਰ੍ਹਾਂ ਸਾਡੇ ਪੰਜਾਬੀ ਜੀਵਨ ਵਿੱਚ ਵਰਤੇ ਜਾਂਦੇ ਸ਼ਬਦ, ਅਲੰਕਾਰ, ਮੁਹਾਵਰੇ, ਕਹਾਵਤਾਂ ਸਭ ਕੁਦਰਤ ਦੇ ਅੰਸ਼ਾਂ ਨਾਲ ਕਿਤੇ ਨਾ ਕਿਤੇ ਮੇਲ ਖਾਂਦੇ ਹਨ। ਕਿਸੇ ਮੰਦਾ ਬੋਲਣ ਵਾਲੇ ਨੂੰ ਕਿਹਾ ਜਾਂਦਾ ਹੈ ਕਿ ਭਾਈ ਉਸ ਦੇ ਮੂੰਹੋਂ ਤਾਂ ਹਰ ਵਕਤ ਅੰਗਿਆਰ ਹੀ ਡਿੱਗਦੇ ਰਹਿੰਦੇ ਹਨ। ਕਿਸੇ ਸਲੀਕੇਦਾਰ ਬੰਦੇ ਨੂੰ ਕਿਹਾ ਜਾਂਦਾ ਹੈ ਕਿ ਉਹ ਤਾਂ ਭਾਈ ਬਹੁਤ ਮਿੱਠ ਬੋਲੜਾ ਹੈ। ਉਸ ਦੇ ਮੂੰਹੋਂ ਤਾਂ ਫੁੱਲ ਕਿਰਦੇ ਹਨ। ਇਸੇ ਤਰ੍ਹਾਂ ਗਰਮ ਸੁਭਾਅ ਵਾਲੇ ਨੂੰ ਅੱਗ ਅਤੇ ਠੰਢੇ ਸੁਭਾਅ ਵਾਲੇ ਨੂੰ ਪਾਣੀ ਕਿਹਾ ਜਾਂਦਾ ਹੈ। ਪੰਜਾਬੀ ਜੀਵਨ ਵਿੱਚ ਵੱਡਿਆਂ ਵੱਲੋਂ ਛੋਟਿਆਂ ਨੂੰ ਸਮਝਾਉਣ, ਸਿੱਖਿਆ ਦੇਣ, ਮਾੜੇ ਕੰਮ ਤੋਂ ਵਰਜਣ ਲਈ, ਕਿਸੇ ਨੂੰ ਚਿਤਾਵਨੀ ਦੇਣ ਲਈ ਅਤੇ ਕਿਸੇ ਕੰਮ ਦੇ ਚੰਗੇ ਮਾੜੇ ਨਤੀਜੇ ਬਾਰੇ ਸੁਚੇਤ ਕਰਨ ਲਈ ਕੁਦਰਤ ਦੇ ਅੰਸ਼ਾਂ ਨੂੰ ਉਦਾਹਰਨ ਦੇ ਤੌਰ ’ਤੇ ਵਰਤਿਆ ਜਾਂਦਾ ਹੈ। ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਬੰਦੇ ਦੀ ਖ਼ੁਸ਼ੀ ਵੰਡਾਉਣ ਨਾਲ ਦੁੱਗਣੀ ਹੋ ਜਾਂਦੀ ਹੈ ਅਤੇ ਦੁੱਖ ਵੰਡਾਇਆਂ ਅੱਧਾ ਰਹਿ ਜਾਂਦਾ ਹੈ। ਦੁੱਖ ਵੇਲੇ ਦੁਸ਼ਮਣੀ ਭੁੱਲਣਾ ਸਾਡੇ ਪੰਜਾਬੀ ਜੀਵਨ ਦਾ ਇੱਕ ਅਹਿਮ ਗੁਣ ਹੈ। ਸਾਡੇ ਅਕਸਰ ਕਿਹਾ ਜਾਂਦਾ ਹੈ ਕਿ ਜੇਕਰ ਭਾਈ ਹੋਰ ਕੁਝ ਨਹੀਂ ਕਰ ਸਕਦੇ ਤਾਂ ਦੋ ਬੋਲ ਹੀ ਹਮਦਰਦੀ ਦੇ ਬੋਲ ਦੇਵੋ। ਕਿਸੇ ਦੁਖੀ ਨੂੰ ਧਰਵਾਸ ਦੇਣ ਲਈ ਵਰਤੀ ਜਾਂਦੀ ਸਾਡੀ ਪੰਜਾਬੀ ਕਹਾਵਤ ਵਿੱਚ ਵੀ ਪਸ਼ੂਆਂ, ਜਾਨਵਰਾਂ ਦੇ ਨਾਮ ਦਾ ਪ੍ਰਯੋਗ ਹੁੰਦਾ ਹੈ। ਬਿਮਾਰ ਬੰਦੇ ਨੂੰ ਅਕਸਰ ਇਹ ਕਹਿ ਕੇ ਧਰਵਾਸ ਦਿੱਤਾ ਜਾਂਦਾ ਹੈ ਕਿ ਭਾਈ ਸਬਰ ਰੱਖ ਦੁੱਖ ਆਉਂਦਾ ਘੋੜੇ ਦੀ ਚਾਲ ਹੈ ਅਤੇ ਜਾਂਦਾ ਕੀੜੀ ਦੀ ਚਾਲ। ਹੁਣ ਇਸ ਸਾਧਾਰਨ ਜਿਹੀ ਅਖੌਤ ਰਾਹੀਂ ਸਬਰ, ਠਰ੍ਹੰਮਾ, ਧੀਰਜ ਰੱਖਣ ਦੀ ਨਸੀਹਤ ਨੂੰ ਕਿੰਨੇ ਸਾਦਾ ਢੰਗ ਨਾਲ ਕਿਹਾ ਗਿਆ ਹੈ। ਵੇਖਿਆ ਜਾਵੇ ਤਾਂ ਸਾਡੇ ਜੀਵਨ ਵਿੱਚ ਬਿਮਾਰੀ, ਬਿਪਤਾ, ਘਾਟਾ, ਮੁਸੀਬਤ ਇਕਦਮ ਆਉਂਦੇ ਹਨ ਜਾਂ ਕਹਿ ਲਈਏ ਕਿ ਘੋੜੇ ਦੀ ਚਾਲ ਆ ਜਾਂਦੇ ਹਨ, ਪਰ ਇਨ੍ਹਾਂ ਦਾ ਸਮਾਧਾਨ ਜਲਦੀ ਨਹੀਂ ਹੁੰਦਾ। ਇਸ ਵਿੱਚ ਸਮਾਂ ਲੱਗਦਾ ਹੈ। ਜਿਸ ਲਈ ਕੀੜੀ ਦੀ ਚਾਲ ਦੀ ਉਦਾਹਰਨ ਕਿੰਨੀ ਸਟੀਕ ਜਾਪਦੀ ਹੈ। ਮਨ ਨੂੰ ਟਿਕਾਣੇ ਰੱਖਣ, ਉਡੀਕ ਕਰਨ, ਸਬਰ ਰੱਖਣ ਅਤੇ ਧਰਵਾਸ ਰੱਖਣ ਦੀ ਨਸੀਹਤ ਹੈ ਕਿ ਕਿਸੇ ਵੀ ਪ੍ਰਕਾਰ ਦਾ ਦੁੱਖ ਦਰਦ ਆਵੇਗਾ ਤਾਂ ਘੋੜੇ ਦੀ ਚਾਲ ’ਤੇ ਅਤੇ ਜਾਵੇਗਾ ਕੀੜੀ ਦੀ ਚਾਲ ’ਤੇ।

ਅਜੋਕੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚ ਸੰਜਮ, ਸਬਰ, ਉਡੀਕ ਦੀ ਬਹੁਤ ਘਾਟ ਹੈ। ਹਰ ਕੋਈ ਸਮੱਸਿਆ ਦਾ ਹੱਲ ਚੁਟਕੀ ਵਿੱਚ ਚਾਹੁੰਦਾ ਹੈ। ਜਦੋਂ ਚੁਟਕੀ ਵਿੱਚ ਹੱਲ ਨਹੀਂ ਹੁੰਦਾ ਤਾਂ ਹਰ ਬੰਦਾ ਬੇਚੈਨ ਹੁੰਦਾ ਹੈ। ਇਹ ਬੇਚੈਨੀ ਉਸ ਦੇ ਖ਼ੁਦ ਲਈ ਅਤੇ ਸਮਾਜ ਲਈ ਮਾਰੂ ਹੋ ਜਾਂਦੀ ਹੈ। ਜਿਸ ਤਰ੍ਹਾਂ ਅੱਜ ਕੱਲ੍ਹ ਨੌਜਵਾਨ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ ਸਿਰਫ਼ ਤੇ ਸਿਰਫ਼ ਵਿਦੇਸ਼ ਜਾਣ ਨੂੰ ਮੰਨ ਰਹੇ ਹਨ ਪ੍ਰੰਤੂ ਜਦੋਂ ਬਾਹਰ ਜਾ ਕੇ ਸਮੱਸਿਆਵਾਂ ਨਾਲ ਵਾਹ ਪੈਂਦਾ ਹੈ ਤਾਂ ਡਿਪਰੈਸ਼ਨ ਵਿੱਚ ਚਲੇ ਜਾਂਦੇ ਹਨ। ਵਿਦੇਸ਼ਾਂ ਵਿੱਚ ਹੋ ਰਹੀਆਂ ਨੌਜਵਾਨਾਂ ਦੀਆਂ ਮੌਤਾਂ ਦਾ ਮੁੱਖ ਕਾਰਨ ਡਿਪਰੈਸ਼ਨ ਨੂੰ ਹੀ ਮੰਨਿਆ ਜਾ ਰਿਹਾ ਹੈ। ਕਿਸੇ ਵੀ ਸਮੱਸਿਆ ਦੇ ਹੱਲ ਲਈ ਸਮਾਂ ਜ਼ਰੂਰ ਲੱਗਦਾ ਹੈ। ਕਿਸਾਨੀ ਵਿੱਚ ਵੀ ਜੋ ਕਿਸਾਨ ਮੁਸ਼ਕਿਲ ਵਿੱਚ ਧੀਰਜ ਖੋ ਬੈਠਦਾ ਹੈ। ਉਹ ਆਤਮਹੱਤਿਆ ਵਰਗਾ ਭਿਆਨਕ ਕਦਮ ਉਠਾ ਲੈਂਦਾ ਹੈ। ਕਿਸਾਨੀ ਸੰਘਰਸ਼ ਨੂੰ ਹੀ ਵੇਖ ਲਓ ਜੋ ਕਿ ਬਹੁਤ ਧੀਰਜ ਨਾਲ ਲੜਿਆ ਗਿਆ। ਸੋ ਅੱਜ ਦੇ ਸਮੇਂ ਵਿੱਚ ਸਬਰ, ਸੰਜਮ, ਉਡੀਕ ਅਤੇ ਧੀਰਜ ਦੀ ਬਹੁਤ ਜ਼ਰੂਰਤ ਹੈ ਜਾਂ ਕਹਿ ਲਈਏ ਕਿ ਜ਼ਿੰਦਗੀ ’ਚ ਸਮੱਸਿਆਵਾਂ ਆਉਣਗੀਆਂ ਤਾਂ ਘੋੜੇ ਦੀ ਚਾਲ ਨਾਲ ਪਰ ਜਾਣਗੀਆਂ ਕੀੜੀ ਦੀ ਚਾਲ ਨਾਲ।



# ਖੇਤੀ ਨੂੰ ਲਾਹੇਵੰਦ ਬਣਾਉਣ ਲਈ ਜ਼ਰੂਰੀ ਹੈ ਹਿਸਾਬ-ਕਿਤਾਬ

ਜੀ ਐੱਸ ਰੋਮਾਣਾ ਅਤੇ ਰਾਜ ਕੁਮਾਰ

ਖੇਤੀ ਨੂੰ ਲਾਹੇਵੰਦ ਬਣਾਉਣ ਲਈ ਜ਼ਰੂਰੀ ਹੈ ਕਿ ਇਸ 'ਚ ਹੋਣ ਵਾਲੇ ਖ਼ਰਚਿਆਂ ਅਤੇ ਆਮਦਨ ਦਾ ਪੂਰਾ ਲਿਖਤੀ ਹਿਸਾਬ-ਕਿਤਾਬ ਰੱਖ ਕੇ ਇਸ ਦਾ ਮੁਲਾਂਕਣ ਕੀਤਾ ਜਾਵੇ। ਇਸ ਦੀ ਸਫ਼ਲਤਾ ਦੂਜੇ ਧੰਦਿਆਂ ਵਾਂਗ ਯੋਗ ਪ੍ਰਬੰਧ 'ਤੇ ਹੀ ਨਿਰਭਰ ਕਰਦੀ ਹੈ। ਖੇਤੀ ਉਤਪਾਦਨ ਅਤੇ ਮੰਡੀਕਰਨ 'ਚ ਹਰ ਇੱਕ ਕੀਤੇ ਜਾਣ ਵਾਲੇ ਫ਼ੈਸਲੇ ਦਾ ਮੁੱਖ ਉਦੇਸ਼ ਆਮਦਨ ਵਧਾਉਣ ਅਤੇ ਖ਼ਰਚ ਘਟਾਉਣ ਦਾ ਹੋਣਾ ਚਾਹੀਦਾ ਹੈ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਪੰਜਾਬ ਖੇਤੀਬਾੜੀ ਯੂਨਿਵਰਸਿਟੀ ਨੇ ਖੇਤੀ ਦੇ ਹਿਸਾਬ-ਕਿਤਾਬ ਲਈ ਇੱਕ 'ਖੇਤੀ-ਫਾਰਮ ਦਾ ਵਹੀ-ਖਾਤਾ' ਤਿਆਰ ਕੀਤਾ ਹੈ, ਜੋ ਕਿਸਾਨੀ ਨੂੰ ਸਾਲ ਦੇ ਅਖੀਰ 'ਚ ਉਸ ਦੀ ਖੇਤੀ ਦਾ ਅਸਲ ਚਿਹਰਾ ਦਿਖਾਉਣ 'ਚ ਸਹਾਈ ਹੋਵੇਗਾ। ਕਿਸਾਨ ਵੀਰ ਇਸ ਵਹੀ ਖਾਤੇ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜਾਂ ਵੱਖ-ਵੱਖ ਜ਼ਿਲ੍ਹਿਆਂ 'ਚ ਸਥਾਪਿਤ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਖ਼ਰੀਦ ਸਕਦੇ ਹਨ।

### ਫਾਰਮ ਦਾ ਨਕਸ਼ਾ

ਨਕਸ਼ਾ ਫਾਰਮ ਦਾ ਸਭ ਤੋਂ ਮੁੱਢਲਾ ਰਿਕਾਰਡ ਹੈ, ਜੋ ਕਿ ਖੇਤਾਂ ਦੀਆਂ ਹੱਦਾਂ, ਬੰਨੇ, ਸੜਕਾਂ, ਪਾਣੀ ਦੀਆਂ ਖਾਲਾਂ, ਸਿੰਚਾਈ ਦੇ ਸਾਧਨ, ਦਰੱਖ਼ਤ, ਨਿਕਾਸ ਪ੍ਰਬੰਧ ਆਦਿ ਨੂੰ ਦਰਸਾਉਂਦਾ ਹੈ।

ਨਕਸ਼ੇ 'ਚ ਉਪਰੋਕਤ ਚੀਜ਼ਾਂ ਚਿੰਨ੍ਹਾਂ ਰਾਹੀਂ ਦਿਖਾਈਆਂ ਜਾ ਸਕਦੀਆਂ ਹਨ। ਮਿੱਟੀ ਦੀ ਪਰਖ ਰਿਪੋਰਟ ਵੀ ਇਸ ਦੇ ਨਾਲ ਹੀ ਨੱਥੀ ਕਰ ਲੈਣੀ ਚਾਹੀਦੀ ਹੈ ਤਾਂ ਜੋ ਖਾਦਾਂ ਪਾਉਣ ਸਮੇਂ ਇਸ ਦੀ ਮਦਦ ਲਈ ਜਾ ਸਕੇ।

### ਫਾਰਮ ਦੀ ਸਾਧਨ-ਸੂਚੀ

ਫਾਰਮ ਤੇ ਮੌਜੂਦ ਸਾਰੇ ਸਾਧਨਾਂ ਦਾ ਵੇਰਵਾ ਸਾਲ ਦੇ ਸ਼ੁਰੂ 'ਚ (ਪਹਿਲੀ ਜੁਲਾਈ ਨੂੰ) ਅਤੇ ਸਾਲ ਦੇ ਅੰਤ 'ਚ (ਅਗਲੇ ਸਾਲ ਦੀ 30 ਜੂਨ ਨੂੰ) ਭਰ ਕੇ ਸਾਲ ਦੇ ਦੌਰਾਨ ਸਾਧਨ-ਸੂਚੀ 'ਚ ਵਾਧੇ-ਘਾਟੇ ਦਾ ਪਤਾ ਲਾਇਆ ਜਾ ਸਕਦਾ ਹੈ।

### ਫਾਰਮ ਦੇ ਕਾਮੇ

ਫਾਰਮ ਦੇ ਕਾਮਿਆਂ ਨੂੰ ਜੇ ਦਾਣੇ, ਤੂੜੀ, ਰੋਟੀ, ਕੱਪੜਾ ਆਦਿ ਦਿੱਤੇ ਜਾਂਦੇ ਹੋਣ ਤਾਂ ਉਨ੍ਹਾਂ ਦਾ ਮੁੱਲ ਵੀ ਕੱਢ ਲਿਆ ਜਾਵੇ ਤਾਂ ਜੋ ਅਸਲੀ ਦਿੱਤੀ ਗਈ ਮਜ਼ਦੂਰੀ ਦਾ ਠੀਕ ਪਤਾ ਲੱਗ ਸਕੇ।

### ਘਸਣ ਯੋਗ ਵਸਤੂਆਂ

ਇਮਾਰਤਾਂ, ਟਿਊਬਵੈੱਲ, ਪੱਕੇ ਖਾਲ, ਫਾਰਮ ਮਸ਼ੀਨਾਂ ਅਤੇ ਸੰਦਾਂ ਆਦਿ ਦਾ ਸਾਲ ਦੇ ਸ਼ੁਰੂ ਦਾ ਮੁੱਲ ਉਨ੍ਹਾਂ 'ਤੇ ਕੀਤੇ ਗਏ ਖ਼ਰਚੇ ਅਨੁਸਾਰ ਲਾਇਆ ਜਾਵੇ। ਜੇ ਇਸ ਖ਼ਰਚੇ ਦਾ ਪਤਾ ਨਾ ਲੱਗ ਸਕੇ ਤਾਂ ਮੌਜੂਦਾ ਹਾਲਾਤਾਂ ਮੁਤਾਬਕ ਇਨ੍ਹਾਂ ਦੀ ਕੀਮਤ ਲਾ ਲੈਣੀ ਚਾਹੀਦੀ ਹੈ। ਸਾਲ ਦੇ ਅਖੀਰ 'ਚ ਇਨ੍ਹਾਂ ਵਸਤਾਂ ਦੇ ਮੁੱਲ 'ਚ ਹੋਇਆ ਘਾਟਾ ਸਾਲਾਨਾ ਖ਼ਰਚ ਗਿਣਿਆ ਜਾਵੇਗਾ। ਪਸ਼ੂ-ਪੰਛੀਆਂ ਦੀ ਉਮਰ ਵਧਣ ਨਾਲ ਸਾਲ 'ਚ ਇਨ੍ਹਾਂ ਦੀ ਕੀਮਤ 'ਚ ਹੋਇਆ ਘਾਟਾ ਜਾਂ ਵਾਧਾ ਵੀ ਦਰਜ ਕਰਨਾ ਚਾਹੀਦਾ ਹੈ।

### ਨਾ-ਘਸਣ ਯੋਗ ਵਸਤੂਆਂ

ਫਾਰਮ ਉਤਪਾਦਨ ਅਤੇ ਹੋਰ ਭੰਡਾਰ (ਦਾਣੇ, ਤੂੜੀ, ਖਾਦਾਂ, ਕੀੜੇਮਾਰ ਅਤੇ ਨਦੀਨ ਨਾਸ਼ਕ ਦਵਾਈਆਂ, ਖ਼ਲ, ਵੜੇਵੇਂ, ਡੀਜ਼ਲ/ਮੋਬਿਲ ਆਇਲ ਆਦਿ) ਦਾ ਮੁੱਲ ਸਾਲ ਦੇ ਸ਼ੁਰੂ ਅਤੇ ਸਾਲ ਦੇ ਅੰਤ 'ਚ ਘੋਖਣਾ ਚਾਹੀਦਾ ਹੈ।



### ਫ਼ਸਲੀ ਚੱਕਰ

ਫ਼ਸਲਾਂ 'ਚ ਬਦਲਾਅ ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ ਕਿ ਕਿਸੇ ਵੀ ਖੇਤ ਦੀ ਉਪਜਾਊ ਸ਼ਕਤੀ ਦਾ ਨੁਕਸਾਨ ਕੀਤੇ ਬਿਨਾਂ ਆਮਦਨ ਵਧਾਈ ਜਾ ਸਕੇ।

### ਫ਼ਸਲ ਦਾ ਲੇਖਾ ਪੱਤਾ

ਹਰੇਕ ਫ਼ਸਲ 'ਤੇ ਵਰਤੇ ਗਏ ਸਾਧਨਾਂ ਅਤੇ ਖ਼ਾਲਸ ਆਮਦਨ ਦੀ ਜਾਣਕਾਰੀ ਭਵਿੱਖੀ ਵਿਉਂਤਬੰਦੀ 'ਚ ਸੁਧਾਰ ਲਈ ਬਹੁਤ ਸਹਾਈ ਸਿੱਧ ਹੋ ਸਕਦੀ ਹੈ। ਇਹ ਜਾਣਕਾਰੀ ਕਿਸਾਨ ਨੂੰ ਵੱਖੋ-ਵੱਖਰੇ ਢੰਗਾਂ ਨਾਲ ਕੀਤੇ ਹੋਏ ਖੇਤੀ ਕੰਮ-ਕਾਰਾਂ ਦੀ ਆਰਥਿਕ ਤੁਲਨਾ ਕਰ ਕੇ ਮਿਲ ਸਕਦੀ ਹੈ।

### ਪਸ਼ੂਆਂ 'ਤੇ ਸਾਲਾਨਾ ਖ਼ਰਚ

ਪਸ਼ੂ-ਧਨ ਫਾਰਮ ਦਾ ਇੱਕ ਜ਼ਰੂਰੀ ਅੰਗ ਹੈ। ਪਸ਼ੂਆਂ ਦੇ ਕੀਤੇ ਗਏ ਖ਼ਰਚਿਆਂ ਦਾ ਵੇਰਵਾ ਹਰ ਮਹੀਨੇ ਜਾਂ ਹਫ਼ਤਾਵਾਰ ਦਰਜ ਕੀਤਾ ਜਾਵੇ।

### ਖ਼ਰਚ-ਆਮਦਨ ਖਾਤਾ

ਇਹ ਮਿਤੀ-ਵਾਰ ਹਰ ਇੱਕ ਕੀਤੇ ਗਏ ਖ਼ਰਚ ਅਤੇ ਹੋਈ ਆਮਦਨ ਦਾ ਵੇਰਵਾ ਹੈ। ਇਸ ਨਾਲ ਚੈੱਕ ਕੀਤਾ ਜਾ ਸਕਦਾ ਹੈ ਕਿ ਜੋ ਵੀ ਚੀਜ਼ ਫਾਰਮ ਵਾਸਤੇ ਖ਼ਰੀਦੀ ਗਈ, ਉਸ ਦਾ ਵੇਰਵਾ ਪਹਿਲਾਂ ਆ ਚੁੱਕਿਆ ਹੈ ਜਾਂ ਨਹੀਂ।

### ਸਮੁੱਚੇ ਫਾਰਮ ਦੇ ਖ਼ਰਚੇ ਅਤੇ ਆਮਦਨ

ਇਹ ਫਾਰਮ ਦੇ ਰੱਖੇ ਗਏ ਰਿਕਾਰਡ ਦਾ ਵਿਸ਼ਲੇਸ਼ਣ ਹੈ। ਇਸ ਤੋਂ ਫਾਰਮ ਦੀ ਆਮਦਨ, ਖ਼ਰਚ ਅਤੇ ਖ਼ਾਲਸ ਆਮਦਨ ਦੀ ਪੜਚੋਲ ਕਰ ਕੇ ਕਈ ਪ੍ਰਕਾਰ ਦੇ ਸਬਕ ਸਿੱਖੇ ਜਾ ਸਕਦੇ ਹਨ। ਇਸ ਨਾਲ ਆਉਣ ਵਾਲੇ ਸਮੇਂ ਲਈ ਸੁਚੱਜੀ ਵਿਉਂਤਬੰਦੀ ਤਿਆਰ ਕੀਤੀ ਜਾ ਸਕੇਗੀ। ਇਸ ਸਬੰਧੀ ਵਧੇਰੇ ਅਗਵਾਈ ਲਈ ਆਪਣੇ ਜ਼ਿਲ੍ਹੇ ਦੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ 'ਚ ਸਥਿਤ ਫਾਰਮ ਪ੍ਰਬੰਧ ਮਾਹਿਰ ਜਾਂ ਇਕਨੋਮਿਕਸ ਅਤੇ ਸੋਸ਼ਿਆਲੋਜੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨਾਲ ਸੰਪਰਕ ਕਰ ਸਕਦੇ ਹੋ।

### ਦੁੱਧ ਦਾ ਉਤਪਾਦਨ, ਖਪਤ ਅਤੇ ਵਿਕਰੀ

ਹਰ ਇੱਕ ਮਹੀਨੇ ਦੁੱਧ ਦਾ ਉਤਪਾਦਨ ਅਤੇ ਖਪਤ ਨੋਟ ਕਰਨੀ ਚਾਹੀਦੀ ਹੈ ਪਰ ਜੇ ਕਿਸਾਨ ਸਮਝੇ ਤਾਂ ਇਹ ਲੋੜ ਅਨੁਸਾਰ ਹਰ ਇੱਕ ਪੰਦਰਵਾੜੇ ਜਾਂ ਹਫ਼ਤਾਵਾਰ ਵੀ ਰੱਖਿਆ ਜਾ ਸਕਦਾ ਹੈ। ਗੋਹੇ ਦੇ ਵਿਕਰੀ ਮੁੱਲ ਨੂੰ ਵੀ ਫੁਟਕਲ ਖਾਨੇ 'ਚ ਲਿਖਣਾ ਚਾਹੀਦਾ ਹੈ।



# ਪੂਰੀ ਦੁਨੀਆਂ 'ਚ ਅਜੇ ਵੀ ਚੱਲ ਰਿਹੈ ਛਪੀਆਂ ਕਿਤਾਬਾਂ ਦਾ ਜਾਦੂ

## ਈ-ਕਿਤਾਬਾਂ ਨਾਲੋਂ ਵੱਧ ਹੈ ਛਪੀਆਂ ਕਿਤਾਬਾਂ ਦੀ ਵਿਕਰੀ



ਈ-ਕਿਤਾਬਾਂ ਨੂੰ ਬਾਜ਼ਾਰ ਵਿੱਚ ਆਏ ਕਈ ਦਹਾਕੇ ਹੋ ਗਏ ਹਨ ਅਤੇ ਉਦੋਂ ਤੋਂ ਹੀ ਛਪੀਆਂ ਪੁਸਤਕਾਂ ਦੀ ਤਾਰੀਫ਼ ਵਿੱਚ ਕਸੀਦਿਆਂ ਨੂੰ ਪੜ੍ਹਿਆ ਜਾ ਰਿਹਾ ਹੈ ਪਰ ਅੱਜ ਵੀ ਛਪੀਆਂ ਪੁਸਤਕਾਂ ਜ਼ਿਆਦਾ ਵਿਕਦੀਆਂ ਹਨ। ਅਜਿਹਾ ਕਿਉਂ?

ਸਟੈਟਿਸਟਾ ਮਾਰਕਿਟ ਇਨਸਾਈਟ ਦੇ ਅੰਕੜੇ ਦੱਸਦੇ ਹਨ ਕਿ ਅੱਜ ਵੀ ਇਲੈਕਟ੍ਰਾਨਿਕ ਕਿਤਾਬਾਂ ਯਾਨੀ ਈ-ਕਿਤਾਬਾਂ ਛਪੀਆਂ ਕਿਤਾਬਾਂ 'ਤੇ ਜਿੱਤ ਹਾਸਲ ਨਹੀਂ ਕਰ ਸਕੀਆਂ ਹਨ। ਅੱਜ ਵੀ ਬਹੁਤੇ ਦੇਸ਼ਾਂ ਵਿੱਚ ਛਪੀਆਂ ਕਿਤਾਬਾਂ ਦੀ ਵਿਕਰੀ ਈ-ਕਿਤਾਬਾਂ ਨਾਲੋਂ ਵੱਧ ਹੈ। ਉਦਾਹਰਨ ਲਈ, ਅਮਰੀਕਾ ਵਿੱਚ ਪਿਛਲੇ ਸਾਲ, ਲਗਭਗ 20 ਪ੍ਰਤੀਸ਼ਤ ਆਬਾਦੀ ਨੇ ਘੱਟੋ-ਘੱਟ ਇੱਕ ਈ-ਕਿਤਾਬ ਖਰੀਦੀ ਸੀ। ਹਾਲਾਂਕਿ ਛਪੀਆਂ ਕਿਤਾਬਾਂ ਖਰੀਦਣ ਵਾਲਿਆਂ ਦੀ ਗਿਣਤੀ 30 ਫ਼ੀਸਦੀ ਰਹੀ।

ਇਲੈਕਟ੍ਰਾਨਿਕ ਕਿਤਾਬਾਂ ਦੀ ਧਾਰਨਾ 1970 ਦੇ ਦਹਾਕੇ ਤੋਂ ਹੈ, ਪਰ 1990 ਅਤੇ 2000 ਦੇ ਦਹਾਕੇ ਵਿੱਚ ਇਹਨਾਂ ਦੀ ਪ੍ਰਸਿੱਧੀ ਤੇਜ਼ੀ ਨਾਲ ਵਧੀ। ਮਾਰਕੀਟ ਵਿੱਚ ਆਉਣ ਵਾਲੇ ਪਹਿਲੇ ਈ-ਬੁੱਕ ਰੀਡਰਾਂ ਵਿੱਚ 1992 ਵਿੱਚ ਲਾਂਚ ਕੀਤਾ ਗਿਆ ਸੋਨੀ ਡੇਟਾ ਡਿਸਕਮੈਨ ਸ਼ਾਮਲ ਹੈ। ਹਾਲਾਂਕਿ ਇਸ ਨੂੰ ਜ਼ਿਆਦਾ ਪ੍ਰਸਿੱਧੀ ਨਹੀਂ ਮਿਲੀ। ਈ-ਬੁੱਕਸ ਦੀ ਪ੍ਰਸਿੱਧੀ ਦਾ ਨਵਾਂ ਦੌਰ 2007 ਵਿੱਚ ਸ਼ੁਰੂ ਹੋਇਆ ਜਦੋਂ ਐਮਾਜ਼ਾਨ ਨੇ ਕਿੰਡਲ ਨੂੰ ਮਾਰਕੀਟ ਵਿੱਚ ਲਾਂਚ ਕੀਤਾ।

ਚੀਨ ਇਕਲੌਤਾ ਅਜਿਹਾ ਦੇਸ਼ ਹੈ ਜਿੱਥੇ ਈ-ਕਿਤਾਬਾਂ ਛਪੀਆਂ ਕਿਤਾਬਾਂ ਨਾਲੋਂ ਵੱਧ ਵਿਕ ਰਹੀਆਂ ਹਨ। ਸਟੈਟਿਸਟਾ ਦੇ ਅਨੁਸਾਰ, ਪਿਛਲੇ ਸਾਲ 24 ਪ੍ਰਤੀਸ਼ਤ ਲੋਕਾਂ ਨੇ ਪ੍ਰਿੰਟ ਕੀਤੀਆਂ ਕਿਤਾਬਾਂ ਖਰੀਦੀਆਂ ਜਦੋਂ ਕਿ 27 ਪ੍ਰਤੀਸ਼ਤ ਲੋਕਾਂ ਨੇ ਈ-ਕਿਤਾਬਾਂ ਖਰੀਦੀਆਂ।



ਸਟੈਟਿਸਟਾ ਨੇ ਆਪਣੀ ਰਿਪੋਰਟ 'ਚ ਲਿਖਿਆ, 'ਪੂਰੀ ਦੁਨੀਆਂ 'ਚ ਕਿਤਾਬਾਂ ਦੇ ਬਾਜ਼ਾਰ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਈ-ਕਿਤਾਬਾਂ ਦੀ ਲੋਕਪ੍ਰਿਅਤਾ ਵਧੀ ਹੈ, ਪਰ ਉਹ ਛਪੀਆਂ ਕਿਤਾਬਾਂ ਨੂੰ ਖਤਮ ਨਹੀਂ ਕਰ ਸਕੇਗੀ, ਜਿਸ ਨਾਲ ਪ੍ਰਕਾਸ਼ਨ ਉਦਯੋਗ ਨੂੰ ਲਾਭ ਹੋਵੇਗਾ।'



ਬਰਤਾਨੀਆ ਦੇ ਲੋਕ ਛਪੀਆਂ ਕਿਤਾਬਾਂ ਖਰੀਦਣ ਦੇ ਮਾਮਲੇ ਵਿੱਚ ਬਾਕੀ ਦੁਨੀਆਂ ਨਾਲੋਂ ਅੱਗੇ ਹਨ। ਉੱਥੇ ਦੀ ਲਗਭਗ 50 ਫ਼ੀਸਦੀ ਆਬਾਦੀ ਨੇ ਪਿਛਲੇ ਸਾਲ ਕੋਈ ਨਾ ਕੋਈ ਕਿਤਾਬ ਖਰੀਦੀ ਹੈ। ਇਸ ਦੇ ਮੁਕਾਬਲੇ ਈ-ਕਿਤਾਬਾਂ ਖਰੀਦਣ ਵਾਲੇ ਲੋਕਾਂ ਦੀ ਗਿਣਤੀ 15 ਫ਼ੀਸਦੀ ਸੀ। ਸਪੇਨ ਅਤੇ ਜਾਪਾਨ 'ਚ ਵੀ 40 ਫ਼ੀਸਦੀ ਤੋਂ ਜ਼ਿਆਦਾ ਲੋਕਾਂ ਨੇ ਪ੍ਰਿੰਟਿਡ ਕਿਤਾਬਾਂ ਖਰੀਦੀਆਂ, ਜਦਕਿ ਈ-ਕਿਤਾਬਾਂ ਖਰੀਦਣ ਵਾਲੇ ਲੋਕਾਂ ਦੀ ਗਿਣਤੀ 20 ਫ਼ੀਸਦੀ ਤੋਂ ਵੀ ਘੱਟ ਰਹੀ।

ਭਾਰਤ ਵਿੱਚ, ਛਪੀਆਂ ਕਿਤਾਬਾਂ ਖਰੀਦਣ ਵਾਲੇ ਲੋਕਾਂ ਦੀ ਗਿਣਤੀ ਸਿਰਫ਼ 25 ਪ੍ਰਤੀਸ਼ਤ ਸੀ ਜਦੋਂ ਕਿ 10 ਪ੍ਰਤੀਸ਼ਤ ਤੋਂ ਘੱਟ ਲੋਕਾਂ ਨੇ ਈ-ਕਿਤਾਬਾਂ ਖਰੀਦੀਆਂ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਪੜ੍ਹਨ ਦੀ ਆਦਤ ਦੂਜੇ ਸਮਾਜਾਂ ਦੇ ਮੁਕਾਬਲੇ ਘੱਟ ਹੈ, ਇਸ ਲਈ ਵਿਕਰੀ ਬਹੁਤ ਜ਼ਿਆਦਾ ਨਹੀਂ ਹੈ।

ਜਾਣੇ-ਪਛਾਣੇ ਲੇਖਕ ਸੁੰਧਾਸ਼ੂ ਗੁਪਤਾ ਦਾ ਕਹਿਣਾ ਹੈ, 'ਛਪੀਆਂ ਕਿਤਾਬਾਂ ਜਾਂ ਈ-ਕਿਤਾਬਾਂ ਖਰੀਦਣ ਤੋਂ ਪਹਿਲਾਂ, ਇਹ ਪੁੱਛਣਾ ਵੀ ਜ਼ਰੂਰੀ ਹੈ ਕਿ ਲੋਕ ਕਿਤਾਬਾਂ ਖਰੀਦਦੇ ਹਨ, ਅਤੇ ਕਿਸ ਸਮਾਜ ਵਿੱਚ, ਅਤੇ ਕਿਸ ਉਮਰ ਦੇ?' ਉਨ੍ਹਾਂ ਕਿਹਾ ਕਿ ਅੱਜ ਵੀ ਭਾਰਤ ਵਿੱਚ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ, ਫ਼ਿਰ ਵੀ ਕਿਤਾਬਾਂ ਵਿਕਦੀਆਂ ਹਨ। ਪ੍ਰਕਾਸ਼ਕਾਂ ਦੀ ਤਰੱਕੀ ਅਤੇ ਪੁਸਤਕ ਮੇਲਿਆਂ ਵਿੱਚ ਆਉਣ ਵਾਲੀ ਭੀੜ ਇਸ ਗੱਲ ਦੀ ਗਵਾਹੀ ਭਰਦੀ ਹੈ।

ਗੁਪਤਾ ਦਾ ਕਹਿਣਾ ਹੈ ਕਿ ਜਦੋਂ ਅਸੀਂ ਪੂਰੀ ਤਰ੍ਹਾਂ ਨਾਲ ਪੜ੍ਹੇ-ਲਿਖੇ ਸਮਾਜ ਦੀ ਗੱਲ ਕਰਦੇ ਹਾਂ, ਜਿੱਥੇ ਲੋਕ (ਅਤੇ ਖਾਸ ਤੌਰ 'ਤੇ ਨੌਜਵਾਨ) ਈ-ਬੁੱਕਸ ਦੇ ਸਹੀ ਅਰਥ ਅਤੇ ਵਰਤੋਂ ਨੂੰ ਜਾਣਦੇ ਹਨ, ਉਹ ਯਕੀਨੀ ਤੌਰ 'ਤੇ ਈ-ਬੁੱਕਸ ਵੱਲ ਜ਼ਿਆਦਾ ਆਕਰਸ਼ਿਤ ਹੋਣਗੇ। ਉਨ੍ਹਾਂ ਕਿਹਾ, 'ਭਾਰਤੀ ਸਮਾਜ ਵਿੱਚ, ਜਿੱਥੇ ਕਿਤਾਬਾਂ ਪ੍ਰਤੀ ਖਿੱਚ ਘੱਟ ਰਹੀ ਹੈ, ਜੇਕਰ ਕੋਈ ਈ-ਕਿਤਾਬਾਂ ਖਰੀਦ ਰਿਹਾ ਹੈ, ਤਾਂ ਉਹ ਸਿਰਫ਼ ਨੌਜਵਾਨ ਪੀੜ੍ਹੀ ਹੈ। ਮੱਧ-ਉਮਰ ਜਾਂ ਬੁੱਢੇ ਲੋਕ ਅਜੇ ਵੀ ਛਪੀਆਂ ਕਿਤਾਬਾਂ ਵੱਲ ਝੁਕਾਅ ਰੱਖਦੇ ਹਨ।' ਈ-ਕਿਤਾਬਾਂ ਅਤੇ ਛਪੀਆਂ ਕਿਤਾਬਾਂ ਵਿਚਕਾਰ ਪਾੜੇ ਨੂੰ ਪੂਰਾ ਕਰਨ ਦਾ ਕੋਈ ਤਰੀਕਾ ਨਹੀਂ ਹੈ।

2023 'ਚ ਐੱਲ. ਅਲਟਾਮੁਰਾ, ਸੀ. ਵਰਗਸ ਅਤੇ ਐਲ. ਸਲਮੇਰੋਨ ਨੇ ਇੱਕ ਖੋਜ ਪੱਤਰ ਪ੍ਰਕਾਸ਼ਿਤ ਕੀਤਾ ਜਿਸ ਵਿੱਚ ਉਹਨਾਂ ਨੇ ਕਿਹਾ ਕਿ ਇੱਕ ਛਪੀ ਕਿਤਾਬ ਤੋਂ ਕਿਸੇ ਚੀਜ਼ ਨੂੰ ਸਮਝਣ ਦੀ ਦਰ ਇੱਕ ਈ-ਕਿਤਾਬ ਤੋਂ ਛੇ ਤੋਂ ਅੱਠ ਪ੍ਰਤੀਸ਼ਤ ਵੱਧ ਹੈ। ਹਾਲਾਂਕਿ ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਉਹ ਇਲੈਕਟ੍ਰਾਨਿਕ ਡਿਵਾਈਸਾਂ 'ਤੇ ਤੇਜ਼ੀ ਨਾਲ ਪੜ੍ਹ ਸਕਦੇ ਹਨ, ਪਰ ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਇਸ ਤਰ੍ਹਾਂ ਪੜ੍ਹਦੇ ਹੋਏ, ਉਹ ਸੋਸ਼ਲ ਮੀਡੀਆ, ਇਸ਼ਤਿਹਾਰਾਂ, ਨੋਟੀਫ਼ਿਕੇਸ਼ਨਾਂ ਆਦਿ ਵਰਗੀਆਂ ਚੀਜ਼ਾਂ ਕਾਰਨ ਹੋਰ ਵੀ ਭਟਕ ਜਾਂਦੇ ਹਨ। ਇਸ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਇੱਕ ਪ੍ਰਿੰਟ ਕੀਤੀ ਕਿਤਾਬ ਪੜ੍ਹਨਾ ਇੱਕ ਇਮਰਸਿਵ ਅਨੁਭਵ ਹੁੰਦਾ ਹੈ, ਜਿਸ ਕਾਰਨ ਪਾਠਕ ਸਮੱਗਰੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਇਸਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਯਾਦ ਰੱਖਣ ਦੇ ਯੋਗ ਹੁੰਦੇ ਹਨ।

ਕਿਤਾਬ ਚੁੱਕਣ ਅਤੇ ਪੜ੍ਹਨ ਦੇ ਫ਼ਾਇਦਿਆਂ ਬਾਰੇ ਪਹਿਲਾਂ ਹੀ ਬਹੁਤ ਸਾਰੇ ਅਧਿਐਨ ਕੀਤੇ ਜਾ ਚੁੱਕੇ ਹਨ। ਇਕ ਖੋਜ ਮੁਤਾਬਕ ਕਿਤਾਬ ਨੂੰ ਫ਼ੜ ਕੇ ਬੈਠਣਾ, ਪੜ੍ਹਦੇ ਸਮੇਂ ਬੈਠਣਾ ਅਤੇ ਪੜ੍ਹਦੇ ਸਮੇਂ ਸਿਰ ਅਤੇ ਅੱਖਾਂ ਦੀ ਹਿਲਜੁਲ ਦੇ ਰੂਪ ਵਿੱਚ ਪੜ੍ਹਨਾ ਸਰੀਰ ਅਤੇ ਦਿਮਾਗ ਲਈ ਇੱਕ ਵੱਖਰਾ ਅਨੁਭਵ ਹੁੰਦਾ ਹੈ।

2016 ਵਿੱਚ ਪ੍ਰਕਾਸ਼ਿਤ 'ਦਿ ਈਵੋਲੂਸ਼ਨ ਆਫ਼ ਰੀਡਿੰਗ' ਸਿਰਲੇਖ ਵਾਲੇ ਆਪਣੇ ਖੋਜ ਪੱਤਰ ਵਿੱਚ ਏ. ਮੰਗਨ ਅਤੇ ਏ. ਵੈਨ ਡੇਰ ਵਾਈਲ ਲਿਖਦੇ ਹਨ ਕਿ ਪ੍ਰਿੰਟ ਕਿਤਾਬਾਂ ਅਤੇ ਕਾਗਜ਼ ਪੜ੍ਹਨ ਦੀ ਸਮੱਗਰੀ ਨੂੰ ਇੱਕ ਕਿਸਮ ਦਾ ਠੋਸ ਭੌਤਿਕ ਰੂਪ ਦਿੰਦੇ ਹਨ। ਈ-ਕਿਤਾਬਾਂ ਨੂੰ ਵੱਖੋ-ਵੱਖਰੇ ਢੰਗ ਨਾਲ ਛੂਹਿਆ ਜਾਂਦਾ ਹੈ ਅਤੇ ਉਹਨਾਂ ਨੂੰ ਫ਼ੜਨ ਅਤੇ ਉਹਨਾਂ ਦੇ ਪੰਨਿਆਂ ਨੂੰ ਮੋੜਨ ਦਾ ਅਨੁਭਵ ਵੱਖਰਾ ਹੁੰਦਾ ਹੈ। ਛੂਹਣ ਸਕਰੀਨ ਦਾ ਪ੍ਰਭਾਵ ਵੱਖਰਾ ਹੁੰਦਾ ਹੈ। ਪੇਪਰ ਦਾ ਪ੍ਰਭਾਵ ਅਤੇ ਮਨੋਵਿਗਿਆਨਕ ਖੋਜ ਦਾ ਕਹਿਣਾ ਹੈ ਕਿ ਕਿਸੇ ਵੀ ਚੀਜ਼ ਨੂੰ ਛੂਹਣ ਦਾ ਤਜਰਬਾ ਦਿਮਾਗ ਵਿੱਚ ਉਸ ਦੇ ਚਿੱਤਰ ਦੇ ਗਠਨ ਨੂੰ ਪ੍ਰਭਾਵਿਤ ਕਰਦਾ ਹੈ।



ਅਵਤਾਰ ਪੁਰਬ 'ਤੇ ਵਿਸ਼ੇਸ਼

# ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਿੱਖ ਧਰਮ ਤੇ ਪੰਜਾਬੀ ਭਾਸ਼ਾ ਨੂੰ ਦੇਣ



ਡਾ.ਚਰਨਜੀਤ ਸਿੰਘ ਗੁਮਟਾਲਾ
9417533060

ਸ੍ਰੀ ਗੁਰੂ ਅੰਗਦ ਦੇਵ ਜੀ ਨੇ 5 ਵੈਸਾਖ ਸੰਮਤ 1561 ਬਿਕਰਮੀ ਮੁਤਾਬਿਕ 31 ਮਾਰਚ ਸੰਨ 1504 ਈ. ਨੂੰ ਮੱਤੇ ਦੀ ਸਰਾਂ (ਪ੍ਰਚਲਤ ਨਾਂਅ ਨਾਗੇ ਦੀ ਸਰਾਂ) ਜ਼ਿਲ੍ਹਾ ਫਰੀਦਕੋਟ ਵਿਖੇ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਦਾ ਨਾਂਅ ਭਾਈ ਫੇਰੂ ਮੱਲ ਸੀ ਤੇ ਮਾਤਾ ਦਾ ਨਾਂ ਸਭਰਾਈ ਸੀ। ਇਨ੍ਹਾਂ ਦਾ ਮੁੱਢਲਾ ਨਾਂਅ ਭਾਈ ਲਹਿਣਾ ਸੀ। ਆਪ ਦਾ ਵਿਆਹ ਸੰਮਤ 1576 ਬਿਕਰਮੀ ਮੁਤਾਬਿਕ ਸੰਨ 1519 ਨੂੰ ਖਡੂਰ ਸਾਹਿਬ ਵਿੱਖੇ ਭਾਈ ਦੇਵੀ ਚੰਦ ਜੀ ਖੱਤਰੀ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਆਪ ਜੀ ਦੇ ਦੋ ਸੁਪੱਤਰ ਸ੍ਰੀ ਦਾਸੂ ਅਤੇ ਸ੍ਰੀ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਣੋਖੀ ਜੀ ਸਨ।

ਉਸ ਸਮੇਂ ਪੰਜਾਬ ਵਿੱਚ ਹਫ਼ੜਾ ਦਫੜੀ ਮੱਚੀ ਹੋਈ ਸੀ। ਜਦ ਮੱਤੇ ਦੀ ਸਰ੍ਹਾਂ ਮੁਗ਼ਲਾਂ ਅਤੇ ਬਲੋਚਾਂ ਨੇ ਉਜਾੜ ਦਿੱਤੀ, ਤਾਂ ਫੇਰੂ ਜੀ ਅਤੇ ਭਾਈ ਲਹਿਣਾ ਜੀ ਦੇ ਪਰਿਵਾਰ ਖਡੂਰ ਵਿੱਚ ਰਹਿਣ ਲਈ ਚਲੇ ਗਏ। ਗੋਇੰਦਵਾਲ ਅਜੇ ਵਸਿਆ ਨਹੀਂ ਸੀ। ਖਡੂਰ ਆਪ ਦੀ ਭੂਆ ਵਿਆਹੀ ਹੋਈ ਸੀ, ਉਸੇ ਦੀ ਰਾਹੀਂ ਆਪ ਦਾ ਰਿਸ਼ਤਾ ਖਡੂਰ ਹੋਇਆ। ਖਡੂਰ ਆ ਕੇ ਬਾਬਾ ਫੇਰੂ ਨੇ ਪ੍ਰਚੂਨ ਦੀ ਦੁਕਾਨ ਪਾ ਲਈ। ਆਪ ਦੀ ਉਸ ਸਮੇਂ ਉਮਰ ਵੀਹ ਸਾਲ ਦੀ ਸੀ।

ਬਾਬਾ ਫੇਰੂ ਜੀ ਵੈਸ਼ਨੋ ਦੇਵੀ ਦੇ ਭਗਤ ਸਨ ਤੇ ਹਰ ਸਾਲ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਪੈਦਲ ਜੰਮੂ ਕਟੜਾ ਜਾਂਦੇ ਸਨ। ਸੰਮਤ 1583 (1526 ਈ.) ਵਿੱਚ ਬਾਬਾ ਫੇਰੂ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਪਿੱਛੋਂ ਆਪ ਨੇ ਇਹ ਸੇਵਾ ਸੰਭਾਲ ਲਈ ।

ਖਡੂਰ ਵਿੱਚ ਇੱਕ ਸਿੱਖ ਭਾਈ ਜੋਧਾ ਰਹਿੰਦਾ ਸੀ। ਭਾਈ ਜੋਧਾ ਹਰ ਰੋਜ਼ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਉੱਠਦਾ ਸੀ ਅਤੇ ਜਪੁਜੀ ਤੇ ਆਸਾ ਕੀ ਵਾਰ ਦਾ ਪਾਠ ਕਰਦਾ ਸੀ। ਉਸ ਰਾਹੀਂ ਆਪ ਜੀ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਰਾਵੀ ਦੇ ਕੰਢੇ ਕਰਤਾਰਪੁਰ ਵਿੱਚ ਹੋਇਆ। ਭਾਈ ਲਹਿਣਾ ਨੇ ਬਹੁਤ ਮਨ ਲਾ ਕੇ 6-7 ਸਾਲ ਗੁਰੂ ਜੀ ਦੀ ਸੇਵਾ ਕੀਤੀ ਤੇ ਗੁਰੂ ਸਾਹਿਬ ਨੇ ਵੀ ਕਈ ਤਰ੍ਹਾਂ ਦੀਆਂ ਪਰਖਾਂ ਕੀਤੀਆਂ। ਅੰਤ ਵਿੱਚ ਗੁਰੂ ਨਾਨਕ ਦੇਵ ਨੇ ਅਸੂ ਵਦੀ 10(7 ਅਸੂ) ਸੰਮਤ 1596 ( 7 ਸਤੰਬਰ1539 ਈ.) ਨੂੰ ਜੋਤੀ ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ 2 ਅਸੂ ਸੰਮਤ 1596(ਅਸੂ ਵਦੀ5) ਮੁਤਾਬਿਕ 2 ਸਤੰਬਰ ਸੰਨ 1539 ਨੂੰ ਲਹਿਣੇ ਨੂੰ ਅੰਗਦ ਬਣਾ ਕੇ ਗੁਰਿਆਈ ਦੇ ਦਿੱਤੀ ਗਈ। ਸ੍ਰੀ ਚੰਦ ਤੇ ਲਖਮੀਦਾਸ ਦੀ ਨਰਾਜ਼ਗੀ ਕਾਰਨ ਸਿੱਖ ਸੰਗਤਾਂ ਵਿੱਚ ਫੁੱਟ ਦਾ ਬੀਜ ਨਾ ਬੀਜਿਆ ਜਾਵੇ, ਇਸ ਲਈ ਗੁਰੂ ਨਾਨਕ ਜੀ ਦੀ ਆਗਿਆ ਅਨੁਸਾਰ ਆਪ ਕਰਤਾਰਪੁਰ ਛੱਡ ਕੇ ਖਡੂਰ ਆ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੀ ਭਾਸ਼ਾ ਪੰਜਾਬੀ ਵਿੱਚ ਲਿਖਣ ਦੀ ਜੋ ਸ਼ੁਰੂਆਤ ਕੀਤੀ ਸੀ ਉਸ ਨੂੰ ਹੀ ਗੁਰੂ ਅੰਗਦ ਦੇਵ ਜੀ ਨੇ ਅੱਗੇ ਤੋਰਿਆ ਤੇ ਉਸ ਦੇ ਪ੍ਰਚਾਰ ਤੇ ਪਾਸਾਰ ਲਈ ਹਰ ਤਰ੍ਹਾਂ ਦੇ ਉਪਰਾਲੇ ਕੀਤੇ। ਗੋਕਲ ਚੰਦ ਨਾਰੰਗ ਅਨੁਸਾਰ ਉਸ ਸਮੇਂ ਬ੍ਰਾਹਮਣ ਦੇ ਮਹੱਤਵ ਦਾ ਇੱਕ ਵੱਡਾ ਆਧਾਰ ਉਸ ਦਾ ਸੰਸਕ੍ਰਿਤ ਦਾ ਗਿਆਨ ਸੀ ਜੋ ਕਿ ਧਰਮ ਦੀ ਭਾਸ਼ਾ ਸੀ। ਜਦੋਂ ਗੁਰਮੁੱਖੀ ਅੱਖਰਾਂ ਵਿੱਚ ਲਿਪੀ ਪੰਜਾਬੀ ਨੂੰ ਵੀ ਉਹੀ ਸੁਚਮਤਾ ਪ੍ਰਾਪਤ ਹੋ ਗਈ, ਤਾਂ ਬ੍ਰਾਹਮਣ ਦੀ ਪ੍ਰਤਿਸ਼ਠਾ ਨੂੰ ਧੱਕਾ ਲੱਗਣਾ ਜ਼ਰੂਰੀ ਸੀ। ਇਸ ਨਵੀਨ ਲਿਪੀ ਦੀ ਵਰਤੋਂ ਦਾ ਪ੍ਰਭਾਵ ਇਹ ਪਿਆ ਕਿ ਪੜ੍ਹੇ ਲਿਖੇ ਵਿਅਕਤੀਆਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ ਅਤੇ ਜਨਤਾ ਤੱਕ ਉਨ੍ਹਾਂ ਦੀ ਮਾਤਰੀ ਭਾਸ਼ਾ ਵਿੱਚ ਧਾਰਮਿਕ ਸਾਹਿਤ ਦੀ ਰਸਾਈ ਕਰਨ ਕਰਕੇ, ਗੁਰੂਆਂ ਦੇ ਸੁਧਾਰ-ਕਾਰਜ ਨੂੰ ਉਤਸ਼ਾਹ ਮਿਲਿਆ।

ਗੁਰੂ ਅੰਗਦ ਦੇਵ ਨੇ ਦੂਸਰਾ ਕਦਮ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਦੇ ਸੰਗ੍ਰਹਿ ਸੰਬੰਧੀ ਚੁੱਕਿਆ। ਬਾਲੇ ਨੇ, ਜੋ ਕਿ ਜੋਤੀ ਜੋਤ ਸਮਾ ਚੁੱਕੇ ਗੁਰੂ ਸਾਹਿਬ ਦਾ ਜੀਵਨ ਸੰਗੀ ਰਿਹਾ ਸੀ ਅਤੇ ਉਨ੍ਹਾਂ ਦੀਆਂ ਸਾਰੀਆਂ ਉਦਾਸੀਆਂ ਵਿੱਚ ਉਨ੍ਹਾਂ ਦੇ ਨਾਲ ਰਿਹਾ ਸੀ, ਆਪਣੀ ਯਾਦਾਸ਼ਤ ਦੁਆਰਾ ਸਭ ਕੁਝ ਬਿਆਨ ਕੀਤਾ ਜੋ ਉਸ ਨੇ ਗੁਰੂ ਨਾਨਕ ਦੇ ਬਾਲਪਨ ਤੋਂ ਲੈ ਕੇ ਮ੍ਰਿਤੂ ਤੱਕ ਵੇਖਿਆ ਸੀ ਜਾਂ ਸੁਣਿਆ ਸੀ ਅਤੇ ਗੁਰੂ ਅੰਗਦ ਦੇਵ ਜੀ ਨੇ ਇਸ ਨੂੰ ਲਿਪੀਬੱਧ ਕਰਨ ਦਾ ਨਿਸ਼ਚਾ ਧਾਰ ਲਿਆ। ਗੁਰੂ ਨਾਨਕ ਦੇਵ ਜੀ ਪਹਿਲੇ ਪੰਜਾਬੀ ਕਵੀ ਸਨ ਜਿਨ੍ਹਾਂ ਨੂੰ ਲੋਕ-ਪ੍ਰਿਯਤਾ ਅਤੇ ਪ੍ਰਸਿੱਧੀ ਪ੍ਰਾਪਤ ਹੋਈ ਅਤੇ ਗੁਰੂ ਅੰਗਦ ਦੇਵ ਜੀ ਦੁਆਰਾ ਸੰਪਾਦਿਤ ਉਨ੍ਹਾਂ ਦੀ ਸਾਖੀ ਪੰਜਾਬੀ ਭਾਸ਼ਾ ਦੀ ਸਭ ਤੋਂ ਪਹਿਲੀ ਗੱਦ-ਰਚਨਾ ਬਣੀ। ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਵਿੱਚ ਇਹ ਪੁਸਤਕ ਛੇਤੀ ਹੀ ਹਰਮਨ-ਪਿਆਰੀ ਹੋ ਗਈ ਅਤੇ ਕਿਉਂਕਿ ਇਸ ਪੁਸਤਕ ਵਿੱਚ ਗੁਰੂ ਸਾਹਿਬ ਦੀ ਸਿੱਖਿਆ ਅਤੇ ਜੀਵਨ ਦੋਵੇਂ ਹੀ ਦਰਜ ਸਨ, ਇਸ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਹੋਣ ਦਾ ਮਾਣ ਤੁਰੰਤ ਪ੍ਰਾਪਤ ਕਰ ਲਿਆ।

ਆਪ ਜੀ ਨੇ ਲੰਗਰ ਪ੍ਰਣਾਲੀ, ਜੋ ਗੁਰੂ ਨਾਨਕ ਜੀ ਨੇ ਸ਼ੁਰੂ ਕੀਤੀ ਸੀ, ਉਸ ਨੂੰ ਅੱਗੇ ਤੋਰਿਆ। ਸਿੱਖ ਹੁਣ ਪੁਰਾਤਨ ਹਿੰਦੂ ਸਮਾਜ ਤੋਂ ਹੌਲੀ-ਹੌਲੀ ਦੂਰ ਹੋਣ ਲੱਗੇ ਅਤੇ ਇੱਕ ਨਵੀਂ ਸ਼੍ਰੇਣੀ ਅਥਵਾ ਇੱਕ ਕਿਸਮ ਦੇ ਨਵੇਂ ਭਾਈਚਾਰੇ ਵਿੱਚ ਬੱਝਣ ਲੱਗੇ।

ਗੁਰੂ ਬਣਾਉਣ ਵੇਲੇ ਸਤਿਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਆਪਣੀ ਉਹ 'ਕਿਤਾਬ' ਵੀ ਦੇ ਦਿੱਤੀ, ਜਿਸ ਵਿੱਚ ਉਨ੍ਹਾਂ ਆਪਣੀ ਸਾਰੀ ਹੀ ਬਾਣੀ ਲਿਖ ਕੇ ਰੱਖੀ ਹੋਈ ਸੀ, ਅਤੇ ਬਾਬਾ ਫ਼ਰੀਦ, ਭਗਤ ਨਾਮਦੇਵ, ਕਬੀਰ, ਰਵਿਦਾਸ ਆਦਿਕ ਸਾਰੇ ਭਗਤਾਂ ਦੀ ਬਾਣੀ ਵੀ ਲਿਖੀ ਹੋਈ ਸੀ। ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਸਨ ਤਾਂ ਹਾਜੀਆਂ ਨੇ ਵੀ ਇਸੇ 'ਕਿਤਾਬ' ਬਾਰੇ ਆਖਿਆ ਸੀ ਕਿ ਇਸ ਨੂੰ ਖੋਲ੍ਹ ਕੇ ਸਾਨੂੰ ਆਪਣੀ ਰਾਇ ਦੱਸੋ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ। ਇਹ ਹੁਕਮ ਵੀ ਕੀਤਾ ਕਿ ਰਾਵੀ ਬਿਆਸ ਵਿਚਲੇ ਇਲਾਕੇ ਮਾਝੇ ਵਿੱਚ ਦੇ ਕਿਸਾਨ ਆਦਿਕ ਲੋਕਾਂ ਵਿੱਚ ਪ੍ਰਚਾਰ ਕਰੋ ਅਤੇ ਉਨ੍ਹਾਂ ਨੂੰ ਹੌਸਲਾ ਦਿਉ। ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤੋਂ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਖਡੂਰ ਵਿੱਚ ਆ ਬਣਾਇਆ।

ਗੋਇੰਦਵਾਲ ਵਾਲ਼ੀ ਜਗਾਹ ਪਹਿਲਾਂ ਇੱਕ ਥੇਹ ਸੀ ਤੇ ਇੱਕ ਮਰਵਾਹੇ ਖੱਤਰੀ ਗੋਂਦੇ ਦੇ ਵੱਡਿਆਂ ਦੀ ਮਾਲਕੀ। ਗੋਂਦਾ ਆਪਣੇ ਵੱਡਿਆਂ ਦਾ ਨਾਮ ਉਜਾਗਰ ਕਰਨ ਲਈ ਉੱਥੇ ਨਗਰ ਵਸਾਣਾ ਚਾਹੁੰਦਾ ਸੀ। ਗੋਂਦਾ ਇਸ ਬਾਰੇ ਗੁਰੂ ਅੰਗਦ ਦੇਵ ਜੀ ਪਾਸ ਆਇਆ। ਗੁਰੂ ਅੰਗਦ ਸਾਹਿਬ ਨੇ ਨਗਰ ਵਸਾਉਣ ਦੀ ਇਹ ਜ਼ਿੰਮੇਵਾਰੀ (ਗੁਰੂ) ਅਮਰਦਾਸ ਜੀ ਨੂੰ ਸੌਂਪੀ, ਅਤੇ ਹੁਕਮ ਦਿੱਤਾ ਕਿ ਨਗਰ ਬਣਾ ਕੇ ਬਾਸਰਕੇ ਤੋਂ ਆਪਣੇ ਨਿਕਟੀ ਸਾਕ-ਸੰਬੰਧੀਆਂ ਨੂੰ ਉੱਥੇ ਲਿਆ ਵਸਾਓ। ਇਹ ਜ਼ਿਕਰ ਸੰਨ 1546 (ਸੰਮਤ 1603) ਦਾ ਹੈ। ਨਗਰ ਦਾ ਨਾਮ ਗੋਇੰਦਵਾਲ ਰੱਖਿਆ ਗਿਆ। (ਗੁਰੂ) ਅਮਰਦਾਸ ਜੀ ਆਪਣੇ ਕਈ ਸਾਕ-ਸੰਬੰਧੀਆਂ ਨੂੰ ਗੋਇੰਦਵਾਲ ਲੈ ਆਏ।

ਜਿੱਥੋਂ ਤੀਕ ਗੁਰਮੁੱਖੀ ਲਿਪੀ ਦਾ ਸੰਬੰਧ ਹੈ ਇਸ ਨੂੰ ਅਜੋਕਾ ਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਦਿੱਤਾ ਸੀ। ਡਾ. ਜ.ਸ.ਜੋਸ਼ੀ ਅਨੁਸਾਰ ਗੁਰਮੁਖੀ ਦੇ ਅੱਖਰ ਵਰਤਮਾਨ ਦੇਵਨਾਗਰੀ ਨਾਲੋਂ ਵੀ ਪੁਰਾਣੇ ਹਨ। ਕੋਈ ਪੈਂਤੀ ਅੱਖਰਾਂ ਦੀ ਵਰਣਮਾਲਾ ਗੁਰੂ ਨਾਨਕ ਸਾਹਿਬ ਦੇ ਬਚਪਨ ਵੇਲੇ ਮੌਜੂਦ ਸੀ। ਇਹ ਵਰਣਮਾਲਾ ਪਾਂਧੇ ਤੋਂ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਅਤੇ ਇਸ ਨੂੰ ਮੁੱਖ ਰੱਖਕੇ 'ਪੱਟੀ' ਵਾਲੀ ਰਚਨਾ ਕੀਤੀ। ਇਹ ਵਰਣਮਾਲਾ ਪੰਜਾਬ ਵਿੱਚ ਸਿੱਖਿਆ ਪ੍ਰਣਾਲੀ ਦਾ ਮੁੱਢ ਸੀ। ਇਹੋ ਵਰਣਮਾਲਾ ਹੀ ਪਿੱਛੋਂ 'ਗੁਰਮੁਖੀ' ਅਖਵਾਉਣ ਵਾਲੀ ਹੋ ਸਕਦੀ ਹੈ, ਜੇ ਪੈੜੇ ਮੋਖੇ ਦੇ ਜਨਮਸਾਖੀ ਲਿਖਣ ਵਾਲੀ ਕਹਾਣੀ ਨੂੰ ਜਿਸ ਤਰ੍ਹਾਂ ਉਹ ਬਾਲੇ ਵਾਲੀ ਜਨਮ ਸਾਖੀ ਵਿੱਚ ਦਿੱਤੀ ਗਈ ਹੈ। ਸੱਚ ਮੰਨ ਲਈਏ ਤਾਂ ਪ੍ਰਤੱਖ ਹੈ ਕਿ ਪੈੜੇ ਮੋਖੇ ਨੂੰ ਗੁਰਮੁਖੀ ਲਿਖਣੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਿਲਣ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਆਉਂਦੀ ਸੀ, ਜਿਸ ਤੋਂ ਗੁਰੂ ਅੰਗਦ ਦੇਵ ਜੀ ਨੇ ਐਡਾ ਵੱਡਾ ਕੰਮ ਉਸ ਦੇ ਸਪੁਰਦ ਕੀਤਾ। ਡਾ. ਜੋਸ਼ੀ ਅੱਗੇ ਲਿਖਦੇ ਹਨ ਕਿ ਗੁਰਮੁਖੀ ਅੱਖਰਾਂ ਦੀ ਵਰਤਮਾਨ ਤਰਤੀਬ ਆਧੁਨਿਕ ਯੁਗ ਦੀਆਂ ਧੁਨੀ ਵਿਗਿਆਨ ਦੇ ਖੇਤਰ ਦੀਆਂ ਖੋਜਾਂ ਦੀ ਕਸਵਟੀ 'ਤੇ ਪੂਰੀ ਤਰ੍ਹਾਂ ਠੀਕ ਉਤਰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਸ ਤੋਂ ਵੱਧ ਮਹੱਤਵਪੂਰਨ ਯੋਗਦਾਨ ਗੁਰਮੁਖੀ ਲਿਪੀ ਨੂੰ ਗੁਰਬਾਣੀ ਅਤੇ ਬਾਕੀ ਗੁਰਮਤਿ ਸਾਹਿਤ ਨੂੰ ਲਿਖਤੀ ਰੂਪ ਦੇਣ ਲਈ ਢੁੱਕਵੀਂ ਮੰਨ ਕੇ ਮਾਧਿਅਮ ਵਜੋਂ ਅਪਨਾਉਣਾ ਹੈ। ਬੱਚਿਆਂ ਨੂੰ ਇਸਦੀ ਸਿੱਖਿਆ ਪ੍ਰਦਾਨ ਕਰਨ ਲਈ ਆਪ ਜੀ ਨੇ 'ਬਾਲ ਬੋਧ' ਦੀ ਰਚਨਾ ਕੀਤੀ। ਗੁਰਮੁਖੀ ਅੱਖਰਾਂ ਤੋਂ ਜਾਣੂੰ ਲਿਖਾਰੀਆਂ ਨੂੰ ਵਰਤਮਾਨ ਲਿਪੀ ਵਿੱਚ ਪੰਜਾਬੀ ਸਾਹਿਤ ਲਿਖਣ ਦੀ ਪ੍ਰੇਰਣਾ ਅਤੇ ਉਤਸ਼ਾਹ ਦਿੱਤਾ। ਸ਼ਾਇਦ ਇਸੇ ਕਰਕੇ ਗੁਰਮੁਖਾਂ ਨੇ ਆਪ ਜੀ ਨੂੰ ਗੁਰਮੁਖੀ ਲਿਪੀ ਦਾ ਨਿਰਮਾਤਾ ਮੰਨ ਲਿਆ।

ਆਪ ਨੇ ਕੇਵਲ ਸਲੋਕ ਹੀ ਲਿਖੇ ਜਿਨ੍ਹਾਂ ਦਾ ਗਿਣਤੀ 63 ਹੈ। ਗੁਰੂ ਗ੍ਰੰਥ ਦੀ ਬੀੜ ਤਿਆਰ ਕਰਨ ਸਮੇਂ ਇਨ੍ਹਾਂ ਸਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੀਆਂ ਲਿਖੀਆਂ ਵਾਰਾਂ ਦੀਆਂ ਕੁਝ ਪਉੜੀਆਂ ਦੇ ਨਾਲ ਦਰਜ ਕਰ ਦਿੱਤਾ। ਸਿਰੀਰਾਗ ਕੀ ਵਾਰ ਮਹਲਾ ਪਹਿਲਾ ਚੌਥਾ ਵਿੱਚ 2 ਸਲੋਕ, ਮਾਝ ਕੀ ਵਾਰ ਮਹਲਾ ਪਹਿਲਾ ਵਿੱਚ 12 ਸਲੋਕ, ਆਸਾ ਕੀ ਵਾਰ ਮਹਲਾ ਪਹਿਲਾ ਵਿੱਚ 15, ਸੋਰਿਠ ਕੀ ਵਾਰ ਮਹਲਾ ਚਾਰ ਵਿੱਚ 1, ਸੂਹੀ ਕੀ ਵਾਰ ਮਹਲਾ ਤਿੰਨ ਵਿੱਚ 11 ਸਲੋਕ, ਰਾਮਕਲੀ ਕੀ ਵਾਰ ਮਹਲਾ ਤੀਜਾ ਵਿੱਚ 7, ਮਾਰੂ ਕੀ ਵਾਰ ਮਹਲਾ ਤੀਜਾ ਵਿੱਚ 1 ਸਲੋਕ, ਸਾਰੰਗ ਕੀ ਵਾਰ ਮਹਲਾ ਮਹਲਾ ਚਾਰ ਵਿੱਚ 9 ਸਲੋਕ, ਮਲਾਰ ਕੀ ਵਾਰ ਮਹਲਾ ਪਹਿਲਾ ਵਿੱਚ 5 ਸਲੋਕ = 63 ਹਨ।

ਸ੍ਰੀ ਗੁਰੂ ਅੰਗਦ ਸਾਹਿਬ ਖਡੂਰ ਨਗਰ ਵਿੱਚ 3 ਵੈਸਾਖ ਸੰਮਤ 1609 (ਚੇਤਰ ਸੁਦੀ 4) ਨੂੰ ਜੋਤੀ ਜੋਤਿ ਸਮਾਏ। ਈਸਵੀ ਸੰਨ ਅਨੁਸਾਰ 29 ਮਾਰਚ ਸੰਨ 1552 ਦਿਨ ਮੰਗਲਵਾਰ ਸੀ। ਕੁਲ ਉਮਰ 48 ਸਾਲ ਦੀ ਸੀ।



## ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਬਾਬਾ ਬੁੱਲ੍ਹੇ ਸ਼ਾਹ

ਸੂਫੀ ਕਾਵਿ ਧਾਰਾ ਰੂਹਾਨੀਅਤ ਦੇ ਰੰਗ ਵਿੱਚ ਰੰਗੀ ਪ੍ਰੇਮ ਧਾਰਾ ਹੈ। ਜੋ ਲੋਕ ਧਾਰਨਾ 'ਤੇ ਚੱਲਦੇ ਆਮ ਵਿਚਾਰਾਂ ਨੂੰ ਸਰਲ ਬੋਲੀ ਵਿੱਚ ਪੇਸ਼ ਕਰਦੀ ਹੈ। ਇਸ਼ਕ ਹਕੀਕੀ ਨੂੰ ਇਸ਼ਕ ਮਿਜ਼ਾਜੀ ਦੀਆਂ ਮਿਸਾਲਾਂ ਦੇ ਕੇ ਗਾਇਆ ਗਿਆ ਹੈ। ਜਿਸ ਨਾਲ ਰੂਹਾਨੀਅਤ ਵਿੱਚ ਰੌਚਿਕਤਾ ਆਉਂਦੀ ਹੈ। ਸੂਫੀ ਪੰਜਾਬੀ ਕਵਿਤਾ ਰੋਜਮਰ੍ਹਾ ਦੇ ਪੇਂਡੂ ਜੀਵਨ ਦੇ ਚਿੰਨ੍ਹਾਂ ਪ੍ਰਤੀਕਾਂ ਨਾਲ ਸ਼ਿੰਗਾਰੀ ਗਈ ਹੈ। ਇਸਲਾਮੀ ਪ੍ਰੰਪਰਾ ਦੇ ਹਵਾਲੇ ਨਾਲ ਸੂਫ਼ੀ ਸਾਹਿਤ ਤੇ ਲੋਕ ਸਾਹਿਤ ਦਾ ਡੂੰਘਾ ਪ੍ਰਭਾਵ ਹੈ। ਇਸੇ ਸੰਦਰਭ ਵਿੱਚ ਬੁਲ੍ਹੇ ਸ਼ਾਹ ਪੰਜਾਬੀ ਦਾ ਮਹਾਨ ਸੂਫ਼ੀ ਕਵੀ ਹੈ। ਬੁੱਲ੍ਹੇ ਸ਼ਾਹ ਇੱਕ ਅਜਿਹਾ ਵਿਦਵਾਨ ਸੀ, ਜਿਸ ਨੂੰ ਪੰਜਾਬੀ ਸਾਹਿਤ ਨਾਲ ਅਰਬੀ ਫਾਰਸੀ ਭਾਸ਼ਾਵਾਂ ਦੇ ਰਹੱਸਵਾਦੀ ਸਾਹਿਤ ਦੀ ਵੀ ਡੂੰਘੀ ਜਾਣਕਾਰੀ ਸੀ। ਉਸ ਨੂੰ ਪੰਜਾਬੀ ਰਚਨਾ ਕਾਫੀਆਂ ਵਿੱਚ ਪ੍ਰਸਿੱਧੀ ਮਿਲੀ। ਉਸਦਾ ਇਹ ਕਲਾਮ ਕਵਾਲਾਂ ਵੱਲੋਂ ਗਾਇਆ ਜਾਂਦਾ ਹੈ। ਉਸ ਦੀ ਰਚਨਾ ਵਿੱਚ ਪੰਜਾਬੀਅਤ ਦਾ ਰੰਗ ਝਲਕਦਾ ਹੈ ਅਤੇ ਜਨਜੀਵਨ ਦੇ ਨੇੜੇ ਹੈ। ਉਸ ਦੀ ਰਚਨਾ ਵਿੱਚ ਰਹੱਸਵਾਦੀ ਵਿਚਾਰ ਪੇਸ਼ ਹੋਏ ਹਨ। ਹੋਰ ਵਿਸਥਾਰ ਵਿੱਚ ਉਸ ਦੀ ਰਚਨਾ ਵਿੱਚ ਬਿਰਹਾ ਦੀਆਂ ਭਾਵਨਾਵਾਂ ਹਨ। ਪੰਜਾਬੀ ਵਿੱਚ ਉਸਦੀ ਰਚਨਾ ਵਿੱਚ 156 ਕਾਫੀਆਂ, 49 ਦੋਹੜੇ, 40 ਗੰਢਾ, 3 ਸੀਹਰਫੀਆਂ , 1 ਅਠਵਾਰਾ ਅਤੇ ਬਾਰਾਂ ਮਾਹ ਹਨ। ਬੁੱਲ੍ਹੇ ਦਾ ਕਾਵਿ ਸੰਗੀਤਮਈ ਹੈ।

ਬੁੱਲ੍ਹੇ ਸ਼ਾਹ ਦਾ ਜਨਮ 1680 ਸ਼ਹਿਰ ਕਸੂਰ ਦੇ ਨੇੜੇ ਪਿੰਡ ਪਾਡੋਕੀ/ ਪਾਕਿਸਤਾਨ ਵਿੱਚ ਹੋਇਆ। ਪਿਤਾ ਪਿੰਡ ਦੀ ਮਸਜਿਦ ਵਿੱਚ ਨਮਾਜ਼ ਪੜ੍ਹਾਇਆ ਕਰਦੇ ਸਨ। ਉਹ ਪਿੰਡ ਦੇ ਬੱਚਿਆਂ ਨੂੰ ਅਰਬੀ, ਉਰਦੂ, ਫ਼ਾਰਸੀ ਵਿੱਚ ਸਿੱਖਿਆ ਦਿੰਦੇ ਸਨ। ਬੁੱਲ੍ਹੇ ਸ਼ਾਹ ਦੀ ਮੁੱਢਲੀ ਪੜ੍ਹਾਈ ਪਿਤਾ ਕੋਲੋਂ ਹੀ ਹੋਈ। ਉਚੇਰੀ ਵਿਦਿਆ ਲਈ ਕਸੂਰ ਸ਼ਹਿਰ ਜਾ ਕੇ ਹਜ਼ਰਤ ਗੁਲਾਮ ਮੁਰਤਜ਼ਾ ਦਾ ਸ਼ਗਿਰਦ ਬਣ ਗਿਆ, ਜੋ ਅਰਬੀ ਫ਼ਾਰਸੀ ਦਾ ਉਚ ਕੋਟਿ ਦਾ ਵਿਦਵਾਨ ਸੀ। ਬੁੱਲ੍ਹੇ ਨੇ ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਸ਼ਾਹ ਸ਼ਰਫ ਵਰਗੇ ਕਵੀਆਂ ਦੀ ਸਥਾਪਤ ਪੰਜਾਬੀ ਕਵਿਤਾ ਨੂੰ ਅਗਾਂਹ ਤੋਰਿਆ। ਜਿਸ ਵਿੱਚ ਜੀਵਨ ਖੋਜ਼ ਦੀ ਰਚਨਾ ਹੈ। ਜਿਵੇਂ ਸਿਰਜਣਹਾਰ ਕੌਣ ਹੈ ? ਸੱਚ ਕੀ ਹੈ ? ਜ਼ਿੰਦਗੀ ਦਾ ਕੀ ਅਰਥ ਹੈ ? ਪਰਮਾਤਮਾ ਕਿਵੇਂ ਪਾਇਆ ਜਾ ਸਕਦਾ ਹੈ ? ਮੈਂ ਕੌਣ ਹਾਂ ? ਅਜਿਹੇ ਖੋਜੀ ਸਵਾਲ ਹਨ। ਬੁੱਲ੍ਹਾ ਇੱਕਲਾ ਕਵੀ ਨਹੀਂ ਸੀ, ਸਗੋਂ ਬਹੁਤ ਫ਼ਕੀਰ ਸੀ। ਉਸ ਦੀ ਫ਼ਕੀਰੀ ਨੇ ਹੀ ਉਸ ਨੂੰ ਪ੍ਰਸਿੱਧ ਕੀਤਾ ਹੈ। ਫ਼ਕੀਰਾਂ ਦੀ ਸੰਗਤ ਤੇ ਦੇਸ਼ ਵਿੱਚ ਹੋ ਰਹੀ ਰਾਜਗਰਦੀ ਨੇ ਬੁੱਲ੍ਹੇ ਦੇ ਮਨ 'ਤੇ ਡੂੰਘਾ ਅਸਰ ਕੀਤਾ।

ਲਾਹੌਰ ਦੇ ਪੀਰ ਸ਼ਾਹ ਇਨਾਇਤ ਕਾਦਰੀ ਨੂੰ ਆਪਣਾ ਪੀਰ ਧਾਰਿਆ। ਰੂਹਾਨੀ ਸਿੱਖਿਆ ਹਾਸਿਲ ਕੀਤੀ।

ਮੇਰਾ ਮੁਰਸ਼ਦ ਸ਼ਾਹ ਇਨਾਇਤ, ਉਹ ਲੰਘਾਏ ਪਾਰ।

ਜਿਸ ਸਮੇਂ ਬੁੱਲ੍ਹਾ ਪੀਰ ਕੋਲ ਗਿਆ ਤਾਂ ਉਹ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਬੁੱਲ੍ਹੇ ਨੇ ਰੱਬ ਦੀ ਪ੍ਰਾਪਤੀ ਦਾ ਸਾਧਨ ਪੁਛਿਆ। ਪੀਰ ਨੇ ਸਹਿਜ ਸੁਭਾ ਆਖਿਆ

ਬੁੱਲ੍ਹਿਆ ਰੱਬ ਦਾ ਕੀ ਪਾਉਣਾ। ਐਧਰੋਂ ਪੁਟਣਾ ਇੱਧਰ ਲਾਉਣਾ। ਭਾਵ ਜਿਸ ਤਰ੍ਹਾਂ ਪਨੀਰੀ ਨੂੰ ਇੱਕ ਥਾਂ ਤੋਂ ਪੁਟ ਕੇ ਦੂਜੀ ਥਾਂ ਲਾਇਆ ਜਾਂਦਾ ਹੈ, ਇਸੇ ਤਰਾਂ ਮਾਇਆ ਵਿੱਚ ਖਚਤ ਮਾਨ ਨੂੰ ਇਸ ਪਾਸਿਓਂ ਹਟਾ ਕੇ ਹੀ ਰੱਬ ਵਾਲੇ ਪਾਸੇ ਲਾਇਆ ਜਾ ਸਕਦਾ ਹੈ। ਇਸ ਤੋਂ ਬਿਨਾਂ ਰੂਹਾਨੀ ਜੀਵਨ ਪ੍ਰਫੂਲਤ ਨਹੀਂ ਹੁੰਦਾ। ਬੁੱਲ੍ਹਾ ਆਪਣੇ ਮੁਰਸ਼ਦ ਦੇ ਉਪਦੇਸ਼ ਅਨੁਸਾਰ ਕਠਿਨ ਤਪ ਤੇ ਘਾਲਣਾ ਘਾਲਣ ਲੱਗਾ। ਸ਼ਰੀਅਤ ਤੇ ਤਰੀਕਤ ਦੀਆਂ ਸਾਰੀਆਂ ਤਰਕੀਬਾਂ ਕੀਤੀਆਂ

ਸ਼ਰੀਅਤ ਸਾਡੀ ਦਾਈ ਹੈ, ਤਰੀਕਤ ਸਾਡੀ ਮਾਈ ਹੈ, ਅੱਗੋਂ ਹੱਕ ਹਕੀਅਤ ਆਈ ਹੈ। ਮਾਰਫਤੋਂ ਕਿਛੁ ਪਾਇਆ ਹੈ।

ਬੁੱਲ੍ਹਾ ਉਦਾਰਤਾ ਨਾਲ ਰੱਬ ਦੇ ਇਸ਼ਕ ਵਿੱਚ ਅੱਗੇ ਮੰਜਲ ਵੱਲ ਵੱਧਦਾ ਹੈ। ਆਪਣੇ ਮੁਰਸ਼ਦ ਦੇ ਗੀਤ ਗਾਉਣ ਲੱਗਿਆ। ਮੁਰਸ਼ਦ ਲਈ ਪਿਆਰ ਬਿਹਬਲਤਾ ਨੇ ਹੀ ਉਸ ਨੂੰ ਕਵੀ ਬਣਾਇਆ।

ਮੈਂ ਜੁ ਤੈਨੂੰ ਆਖਿਆ, ਕੋਈ ਘੱਲ ਸੁਨੇਹੜਾ, ਚਸ਼ਮਾ ਸੇਜ ਵਿਛਾਨੀਆਂ , ਦਿਲ ਕੀਤਾ ਡੇਰਾ, ਮੈਂ ਉਡੀਕਾਂ ਕਰ ਰਹੀ ਕਦੀ ਆ ਕਰ ਫੇਰਾ, ਢੂੰਡ ਸ਼ਹਿਰ ਸਭ ਭਾਲਿਆ, ਘੱਲਾ ਕਾਸਦ ਕੇਹੜਾ, ਚੜ੍ਹੀ ਆਂ ਡੋਲੀ ਪ੍ਰੇਮ ਦੀ, ਦਿਲ ਧੜਕੇ ਮੇਰਾ, ਆ ਇਨਾਇਤ ਕਾਦਰੀ ਜੀ ਚਾਹੇ ਮੇਰਾ, ਮੈਂ ਉਡੀਕਾਂ ਕਰ ਰਹੀ, ਕਦੀ ਆ ਕਰ ਫੇਰਾ।

ਬੁੱਲ੍ਹਾ ਥਾਂ ਥਾਂ ਦੀਵਾਨਾ ਹੋ ਕੇ ਫਿਰਦਾ ਰਿਹਾ। ਬੁੱਲ੍ਹਾ ਮਸਤ ਕਲੰਦਰ ਹੋ ਕੇ ਥਾਂ ਥਾਂ ਨੱਚਦਾ ਫਿਰਦਾ ਸੀ। ਉਸ ਨੂੰ ਭਾਵੇਂ ਨੱਚਣਾਂ ਆਉਂਦਾ ਸੀ ਜਾਂ ਨਾ, ਪਰ ਤੀਬਰਤਾ ਬੜੇ ਜੋਰ ਦੀ ਸੀ। ਜੋ ਛਲਕ ਛਲਕ ਪੈਂਦੀ ਸੀ।

ਬਹੁੜੀ ਬਹੁੜੀ ਵੇ ਤਬੀਬਾ, ਮੈਂਡੀ ਜਿੰਦ ਗਈ ਆ
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।

ਫਕੀਰ ਅੰਦਰ ਪਿਆਰ ਦੀ ਚੰਗਿਆੜੀ ਪ੍ਰਚੰਡ ਹੋ ਜਾਂਦੀ ਹੈ। ਉਹ ਸ਼ਰੀਅਤ ਦੇ ਬੰਧਨ ਤੋਂ ਅੱਗੇ ਹੋ ਨਿਕਲਦਾ ਹੈ। ਇਸ਼ਕ ਦੀ ਬਹਾਰ ਵਿੱਚ ਪੁਰਾਣੇ ਪਤਝੜ ਦੇ ਪੱਤਿਆਂ ਦੀ ਖੜ ਖੜ ਦੀ ਆਵਾਜ਼ ਖਤਮ ਹੋ ਜਾਂਦੀ ਹੈ।

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ, ਮਸਜਿਦ ਕੋਲੋਂ ਜੀਉੜਾ ਡਰਿਆ।
ਡੇਰੇ ਜਾ ਠਾਕੁਰ ਦੇ ਵੜਿਆ, ਜਿੱਥੇ ਵੱਜਦਾ ਨਾਦ ਹਜਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ।

ਪਰ ਇਸ਼ਕ ਦੀ ਖੇਡ ਕੋਈ ਸੌਖੀ ਜਾਂ ਸੁਆਦਲਾ ਕੰਮ ਨਹੀਂ। ਕੁਸੰਭੜੇ ਦਾ ਚੁਗਣ ਹੈ। ਬੁੱਲ੍ਹੇ ਨੇ ਅਤਿ ਕਠਿਨਾਈ ਦਾ ਸਾਹਮਣਾ ਕੀਤਾ।

ਨੀ ਮੈਂ ਕੁਸੰਭੜਾ ਚੁਗ ਚੁਗ ਹਾਰੀ,
ਏਸ ਕੁਸੰਭੜੇ ਦੇ ਕੰਢੇ ਭਲੇਰੇ ਅੜ ਅੜ ਚੁਨਰੀ ਪਾੜੀ।
ਭੈਣਾਂ! ਮੈਂ ਕੱਤਦੀ ਕੱਤਦੀ ਹਟੀ,
ਪੜੀ ਪਛੀ ਪਛਵਾੜੇ ਰਹਿ ਗਈ,
ਹੱਥ ਵਿੱਚ ਰਹਿ ਗਈ ਜੱਟੀ,
ਮੈਂ ਇਆਣੀ ਨੇਹੁੰ ਕੀ ਜਾਣ,
ਇਹ ਕਿਉਂ ਕਰਦਾ ਲੋਕ ਧਿਙਾਨਾ,
ਕਿਆ ਗਲ ਮੇਵਾ ਹੈ ਹਿੰਦਵਾਣਾ, ਮਾਪਿਆਂ ਕੋਲੋਂ ਛੱਪ ਛੱਪ ਰੋਵਾਂ ਕਰ ਕਰ ਲੱਖ ਬਹਾਨੇ। ਇਸ਼ਕ ਅਸਾਂ ਨਾਲ ਕੇਦੀ ਕੀਤੀ ਲੋਕ ਮਰੇਂਦੇ ਤਾਹਨੇ। ਕੀ ਕਰਦਾ ਵੋ ਕੀ ਕਰਦਾ ਵੋ, ਪੁੱਛੋਂ ਤਾਂ ਦਿਲਬਰ ਕੀ ਕਰਦਾ ਵੋ
ਇੱਕਸੇ ਘਰ ਵਿੱਚ ਵਸਦਿਆਂ ਰਸਦਿਆਂ ਨਹੀਂ ਬਣਦਾ ਵਿੱਚ ਪੜਦਾ ਵੋ। ਵਾਹਦਤ ਦਾ ਦਰਿਆਉ ਸਤਾਣਾਂ, ਕੋਈ ਡੁੱਬਦਾ ਕੋਈ ਤਰਦਾ ਵੋ। ਬੁੱਲ੍ਹੇ ਸ਼ਾਹ ਨੂੰ ਆਣ ਮਿਲਾਵਹੁ , ਮਹਿਰਮ ਹੈ ਇਸ ਘਰ ਦਾ ਵੋ।

ਉਹ ਚਾਹੁੰਦਾ ਹੈ ਕਿ ਪ੍ਰਭੂ ਮਿਲਾਪ ਸਦਾ ਬਨਿਆ ਰਹੇ।

ਘੜਿਆਲੀ ਦੇਹੁ ਨਿਕਾਲ ਨੀ ਅੱਜ ਪੀਅ, ਘਰ ਆਇਆ ਲਾਲ। ਰੱਬ ਦੇ ਦੀਦਾਰ ਬਾਅਦ ਬੁੱਲ੍ਹਾ ਇਸ ਮਿਲਾਪ ਨੂੰ ਹੀਰ ਰਾਂਝੇ ਦੇ ਰੂਪਕ ਵਿੱਚ ਗਾਇਨ ਕਰਦਾ ਹੈ। ਨਵੇਂ ਪਿਆਰ ਦੇ ਰੰਗ ਨੇ ਅਨੋਖੀ ਨੁਹਾਰ ਬਣਾ ਦਿੱਤੀ ਹੈ।

ਰਾਝਾਂ ਜੋਗੀਅੜਾ ਬਣ ਆਯਾ ਨੀ, ਵਾਹ ਵਾਹ ਸਾਂਗੀ ਸਾਂਗ ਰਚਾਯਾ ਨੀ,
ਇਸ ਜੋਗੀ ਦੇ ਨੈਣ ਕਟੋਰੇ, ਬਾਜਾਂ ਵਾਂਗੂ ਲੈਂਦੇ ਡੋਰੇ,
ਮੁੱਖ ਵੇਖਿਆ ਜਾਵਨ ਦੁੱਖ ਝੋਰੇ, ਇਹਨਾਂ ਅੱਖੀਆਂ ਲਾਲ ਲਖਯਾ ਨੀ,
ਰਾਂਝਾ ਜੋੜੀਅੜਾ ਬਣ ਆਇਆ ਨੀ।
ਬੁੱਲ੍ਹੇ ਸ਼ਾਹ ਦੀ ਹੁਣ ਗਤਿ ਪਾਈ, ਪ੍ਰੀਤ ਪੁਰਾਣੀ ਸ਼ੋਰ ਮਚਾਈ
ਏਹ ਗਲਕੀਕਣ ਛਪੈ ਛਪਾਈ, ਲੈ ਤਖਤ ਹਜਾਰੇ ਨੂੰ ਧਾਇਆ ਨੀ
ਰਾਂਝਾ ਜੋਗੀਅੜ ਬਣ ਆਇਆ ਨੀਂ।

ਬੁੱਲ੍ਹਾ ਆਪਣੇ ਪਿਆਰੇ ਤੋਂ ਸਦਕੇ ਜਾਂਦਾ ਹੈ ਅਤੇ ਸਵਾਲ ਕਰਦਾ ਹੈ ਕਿ ਤੈਨੂੰ ਵੀਸਾਡੀ ਇੱਤਨੀ ਖਿੱਚ ਹੈ।

ਬੁੱਲ੍ਹਾ ਸ਼ਾਹ ਤੈਂ ਪਹਿ ਵਾਰੇ ਹਾਂ, ਮੁੱਖ ਦੇਖਣ ਦੇ ਵਣਜਾਰੇ ਹਾਂ
ਕਿਛੁ ਅਸੀਂ ਭਿ ਤੈਨੂੰ ਪਿਆਰੇ ਹਾਂ, ਕਿ ਮਹੀਏ ਘੋਲ ਘੁਮਾਈ

ਚਿਣਗ ਦੁੱਵਲੀ ਸੁਲਘਦੀ ਹੈ। ਅਖੀਰ ਇੱਕਮਿਕ ਹੋ ਨਿਬੜਦੀ ਹੈ, ਇਸ ਅਭੇਦਤਾ ਦਾ ਰੰਗ ਬੜਾ ਨਿਖਰਵਾਂ ਹੈ।

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ
ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।

ਬੁੱਲ੍ਹੇ ਅੰਦਰ ਰੱਬ ਦਾ ਅਜਿਹਾ ਨੂਰੀ ਚਾਨਣ ਆਗਿਆ,ਉਹ ਹਰ ਮਨੁੱਖ ਵਿੱਚ ਉਸਦੀ ਵਿਆਪਕਤਾ ਦੇਖਦਾ ਹੈ। ਮਜ਼ਬੀ ਬੰਧਨਾਂ ਵਿੱਚ ਫਾਥੀ ਅੰਧੀ ਦੁਨੀਆਂ ਵਾਲੀ ਤੁਅਸਬ ਦੀ ਐਨਕ ਉਸ ਉਤਾਰ ਦਿੱਤੀ।

ਕਿਤੇ ਰਾਮਦਾਸ ਕਿਤੇ ਫਤੇ ਮੁਹੰਮਦ ਇਹੋ ਕਦੀਮੀ ਸ਼ੋਰ
ਮੁਸਲਮਾਨ ਸਿਵੇ ਤੋਂ ਚਿੜਦੇ ਹਿੰਦੂ ਚਿੜਦੇ ਗੋਰ
ਚੁੱਕ ਗਏ ਸਭ ਝਗੜੇ ਨਿਕਲ ਗਿਆ ਕੋਈ ਹੋਰ
ਸਾਧੋ ! ਕਿਸ ਨੂੰ ਕੂਕ ਸੁਣਾਵਾਂ, ਮੇਰੀ ਬੁੱਕਲ ਦੇ ਵਿੱਚ ਚੋਰ

********

ਬੁੱਲ੍ਹਾ ਸ਼ਰਈ ਜਾਂ ਬਹੁਤ ਪੜ੍ਹਿਆ ਲਿਖਿਆ ਦੋਹਾਂ ਗੱਲਾਂ ਤੋਂ ਆਜ਼ਾਦ ਸੀ।

ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜਾਰੇ,
ਜਿਤ ਵਲ ਯਾਰ ਉਸੇ ਵਲ ਕਾਬਾ, ਵੇਖ ਕਿਤਾਬਾਂ ਚਾਰੇ,
ਭਠ ਨਿਮਾਜਾ ਤੇ ਚਿਕੜ ਰੋਜ਼ੇ ਕਲਮੇ ਤੇ ਫਿਰੀ ਸਿਆਹੀ ਬੁੱਲ੍ਹੇ ਸ਼ਾਹ ਸਹੁ ਅੰਦਰ ਪਾਇਆ, ਭੁੱਲੀ ਫਿਰੇ ਲੁਕਾਈ।

ਬੁੱਲ੍ਹਾ ਸ਼ਰਈ ਬੰਧਨਾਂ ਤੋਂ ਉਪਰ ਉਠ ਕੇ ਹਜਰਤ ਮੁਹੰਮਦ ਸਾਹਿਬ ਦੇ ਕਰੀਬੀ ਹੋ ਕੇ ਇੱਕ ਆਸ਼ਕ ਵਾਂਗ ਕਰੀਬ ਹੋ ਕੇ ਮਾਹੀ ਨੂੰ ਪੁਕਾਰਦਾ ਹੈ।

ਪਹਿਲੀ ਪਉੜੀ ਪ੍ਰੇਮ ਦੀ ਪੁਲਸਰਾਤੇ ਡੇਰਾ
ਹਾਜੀ ਮੱਕੇ ਹੱਜ ਕਰਨ, ਮੈਂ ਮੁੱਖ ਵੇਖਾ ਤੇਰਾ,
ਆ ਮੁਹੰਮਦ ਅਰਬੀਆ ਹੱਥ ਪਕੜੀ ਮੇਰਾ, ਮੈਂ ਉਡੀਕਾਂ ਕਰ ਰਹੀ, ਕਦੀ ਆ ਕਰ ਫੇਰਾ।

ਬੁੱਲ੍ਹੇ ਦੀ ਆਜ਼ਾਦ ਮਿਜਾਜ ਦੇਖ ਕੇ ਤੁਅਸਬੀ ਮੋਮਨ ਉਸ ਨੂੰ ਕਾਫਰ ਆਖਣ ਲੱਗੇ। ਬੁੱਲ੍ਹੇ ਨੇ ਕੋਈ ਗਿਲਾ ਨਾ ਕੀਤਾ ਤੇ ਕਿਹਾ

ਬੁੱਲ੍ਹਿਆ ਤੈਨੂੰ ਕਾਫਰ ਕਾਫਰ ਆਖਦੇ, ਤੂੰ ਆਹੋ ਆਹੋ ਆਖ।

ਬੁੱਲ੍ਹੇ ਨੇ ਸਾਹਿਤਕ ਖੋਜ ਦੇ ਨਾਲ ਨਾਲ ਕੁਰਾਨ ਦਾ ਵੀ ਅਧਿਐਨ ਕੀਤਾ ਸੀ। ਪਰ ਜੋ ਕੁਝ ਵੀ ਉਸ ਨੇ ਪਾਇਆ ਉਹ ਸੂਫੀ ਫਕੀਰਾਂ ਦੀ ਸੰਗਤ ਵਿਚੋਂ ਪਾਇਆ। ਉਸ ਨੇ ਆਪਣੇ ਨਿਰੋਲ ਅਨੁਭਵਾਂ ਨੂੰ ਪੰਜਾਬੀ ਰੰਗ ਵਿੱਚ ਗਾਇਆ। ਜਦੋਂ ਉਹ ਆਪਣੇ ਪਿਆਰੇ ਦੀ ਬਿਹਬਲ ਅਵਸਥਾ ਬਿਆਨਦਾ ਹੈ ਤਾਂ ਪੇਂਡੂ ਪੰਜਬ ਦਾ ਤ੍ਰਿਜਣ ਅੱਖਾਂ ਸਾਹਵੇਂ ਆ ਜਾਂਦਾ ਹੈ। ਚਰਖਾ ਉਸਦਾ ਆਪਣਾ ਦਿਲ ਹੈ। ਜੋ ਠੀਕ ਨਹੀਂ ਚੱਲ ਰਿਹਾ।

ਹਥੀਂ ਢਿਲਕ ਗਈ ਚਰਖੇ ਦੀ, ਮੈਥੋਂ ਕੱਤਿਆ ਮੂਲ ਨਾ ਜਾਵੇ,
ਤੱਕਲੇ ਨੂੰ ਵਲ ਪੈ ਪੈ ਜਾਂਦੇ, ਕੌਣ ਲੁਹਾਰ ਲਿਆਵੇ।
ਘੜੀ ਘੜੀ ਇਹ ਝੋਲੇ ਖਾਂਦਾ, ਛੱਲੀ ਇੱਕ ਨਾ ਲਾਹਵੇ
ਤ੍ਰਿਜਣ ਕੱਤਣ ਸੱਦਣ ਸਈਆਂ, ਬ੍ਰਿਹੋ ਢੋਲ ਵਜਾਵੇ
ਮਾਹੀ ਛਿੜ ਗਿਆ ਨਾਲ ਮੱਝੀ ਦੇ, ਕੱਤਣ ਕਿਸ ਨੂੰ ਭਾਂਵੇ।

*************

ਮਨੁੱਖ ਨੂੰ ਨੇਕੀ ਦਾ ਸੂਤ ਕੱਤਕੇ ਦਾਜ਼ ਤਿਆਰ ਕਰਨ ਦੀ ਨਸੀਅਤ ਦਿਤੀ ਹੈ।

ਕੁਝ ਕਤ ਕੁੜੇ ਨ ਵਤ ਕੁੜੇ। ਛਲੀ ਲਾਹ ਭਰੋਟੇ ਘੱਤ ਕੁੜੇ
ਜੇ ਪੂਣੀ ਪੂਣੀ ਕਰੇਂਗੀ ਤਾਂ ਨੰਗੀ ਮੂਲ ਨਾ ਵੱਤੇਂਗੀ
ਸੌ ਵਰਿਆਂ ਦਾ ਜੇ ਕਤੇਗੀ, ਤਾਂ ਕਾਗ ਮਾਰੀਗਾ ਝੱਟ ਕੁੜੇ
ਜੇ ਦਜ਼ ਵਿਹੂਣੀ ਜਾਵੇਗੀ, ਤਾਂ ਕਿਸੇ ਭਲੀ ਨਾ ਭਾਂਵੇਂ ਗੀ।
ਉਥੇ ਸ਼ਹੁ ਨੂੰ ਕਿਵੇਂ ਰਿਝਾਵੇਗੀ, ਕੁਝ ਲੈ ਫਕਰਾਂ ਦੀ ਮਤ ਕੁੜੇ।

**********

ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਆਨੰਦਪੁਰ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਬੁੱਲ੍ਹਾ 19 ਸਾਲ ਦਾ ਜਵਾਨ ਕਸੂਰ ਵਿੱਚ ਰਹਿੰਦਾ ਸੀ। ਉਸ ਨੇ ਸੂਹ ਸੀ ਕਿ ਕਿਵੇਂ ਮੁਗਲ ਬਾਦਸ਼ਾਹ ਸਿੱਖਾਂ ਤੇ ਜੁਲਮ ਕਰਦੇ ਰਹੇ ਤੇ ਕਿਸ ਤਰਾਂ ਸਿੰਘਾਂ ਨੇ ਅਡੋਲ ਰਹਿ ਕੇ ਸ਼ਹੀਦੀਆਂ ਪਾਈਆਂ। ਬੁੱਲ੍ਹੇ ਸ਼ਾਹ ਇੱਕ ਸੂਫੀ ਫਕੀਰ ਸੀ ਜੋ ਸ਼ਰਾ ਸ਼ਰੀਅਤ ਪਸੰਦ ਲੋਕਾਂ ਦੀਆਂ ਇਸਲਾਮ ਦੇ ਨਾਂਅ ਤੇ ਕੀਤੀਆਂ ਜਾਂਦੀਆਂ ਚਾਲਾਂ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ। ਸਿੰਘਾਂ ਦੀਆਂ ਕੁਰਬਾਨੀਆਂ ਅਤੇ ਦ੍ਰਿੜਤਾ ਨੂੰ ਵੇਖ ਕੇ ਉਸ ਕਿਹਾ ਕਿ ਜੇਕਰ ਗੁਰੂ ਜੀ ਇਸ ਸ਼ਕਤੀਸ਼ਾਲੀ ਲਹਿਰ ਨੂੰ ਜਨਮ ਨਾ ਦਿੰਦੇ ਤਾਂ ਭਾਰਤੀ ਸੰਸਕ੍ਰਿਤੀ ਦਾ ਨਾਮ ਨਿਸ਼ਾਨ ਨਾ ਰਹਿੰਦਾ ਤੇ ਤਅਸਬੀਆਂ ਦਾ ਝੰਡਾ ਝੂਲਣਾਂ ਸੀ। ਉਸ ਨੇ ਇਸ ਵਰਤਮਾਨ ਸੱਚਾਈ ਨੂੰ ਬਿਆਨ ਕੀਤਾ ਕਿ

ਨ ਕਹੂੰ ਜਬ ਕੀ, ਨਾ ਕਹੂੰ ਤਬ ਕੀ, ਬਾਤ ਕਹੂੰ ਮੈਂ ਅਬ ਕੀ
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁਨੰਤ ਹੋਤੀ ਸਭ ਕੀ।

**********

ਬੁੱਲ੍ਹਾ ਅਨੰਦਪੁਰ ਵਿੱਚ ਕੀਰਤਨ, ਲੰਗਰ ਤੇ ਫ਼ੌਜੀ ਸਰਗਰਮੀਆਂ ਦੇ ਦਿੰਨੇ ਰੰਗ ਵੇਖ ਕੇ ਕਹਿੰਦਾ ਹੈ

ਇੱਟ ਖੜਿਕਾ ਦੁਕੜ ਵਜੇ ਨਾਲੇ ਤਪੇ ਚੁੱਲਾ
ਏਨੀ ਗੱਲੀਂ ਰੱਬ ਵੀ ਰਾਜੀ, ਨਾਲੇ ਰਾਜੀ ਬੁੱਲ੍ਹਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਚਰਚਾ ਬੁੱਲ੍ਹੇ ਨੇ ਵੀ ਸੁਣੀ ਸੀ ਉਹ ਗੁਰੂ ਜੀ ਨੂੰ ਧਰਮ ਲਈ ਲੜ ਮਿੱਟਣ ਵਾਲਾ ਗਾਜੀ ਕਹਿ ਕੇ ਯਾਦ ਕਰਦਾ ਹੈ।

ਕਿਤੇ ਚੋਰ ਬਣੇ ਕਿਤੇ ਕਾਜੀ ਹੋ, ਕਿਤੇ ਮਿੰਬਰ ਬਹਿ ਵਾਅਜੀ ਹੋ
ਕਿਤੇ ਤੇਗ ਬਹਾਦਰ ਗਾਜੀ ਹੋ, ਆਪ ਆਪਣਾਂ ਕਟਕ ਚੜ੍ਹਾਈਦਾ।
ਕਹੁ ਕਿਸ ਥਂ ਆਪ ਛੁਪਾਈਦਾ।

ਤੁਸੀਂ ਸਭਨੀ ਭੇਖੀ ਥੀਂਦ ਹੋ , ਆਪ ਮਦ ਹੋ ਆਪੇ ਪੀਂਦੇ ਹੋ ਤੇ ਹਰ ਜਾਂ ਤੁਸੀਂ ਦਿਸੀਦੇ ਹੋ। ਆਪੇ ਆਪ ਨੂੰ ਆਪ ਲੁਕਾਈ ਦਾ। ਬੁੱਲ੍ਹੇ ਦੀ ਫਕੀਰੀ ਨੇ ਉਸ ਨੂੰ ਬੇਪ੍ਰਵਾਹ ਬਣਾਇਆ। ਉਹ ਰਾਜਸੀ ਗੱਲ ਵੀ ਨਿਧੜਕ ਹੋ ਕੇ ਕਹਿ ਦਿੰਦਾ ਹੈ। ਸੱਚਾਈ ਦੇ ਸਕੰਚ ਬਾਰੇ ਆਖਦਾ ਹੈ।

ਝੂਠ ਆਖਾਂ ਤਾਂ ਕੁਝ ਬਚਦਾ ਹੈ, ਸੱਚ ਆਖਿਆਂ ਭਾਂਬੜ ਮਚਦਾ ਹੈ।
ਦਿਲ ਦੋਹਾਂ ਗੱਲਾਂ ਤੋਂ ਜਚਦਾ ਹੈ ਜਚ ਜਚ ਕੇ ਜੀਭਾ ਕਹਿੰਦੀ ਹੈ।

ਪਰ ਸੱਚ ਸੌ ਸੰਕੋਚ ਕਰਦਿਆਂ ਵੀ ਪ੍ਰਗਟ ਹੋ ਜਾਂਦਾ ਹੈ। ਬੁੱਲ੍ਹਾ ਜਾਣਦਾ ਹੈ ਕਿ ਸਿੱਖ ਧਰਮੀ ਹਨ ਤੇ ਧਰਮ ਲਈ ਮਰ ਰਹੇ ਹਨ। ਸਮੇਂ ਦੀ ਸਰਕਾਰ ਉਹਨਾਂ ਨੂੰ ਜਿਉਣ ਨਹੀਂ ਦਿੰਦੀ। ਮਜਬੀ ਮੁਲਾਣੇ ਵੀ ਉਹਨਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਸਿੱਖ ਆਪਣੀ ਤਾਕਤ ਨਾਲ ਵੱਧ ਰਹੇ ਹਨ। ਉਹ ਮੁਗਲਾਂ ਦੇ ਇਸ ਆਚਰਣ ਨੂੰ ਨਿੰਦਦਾ ਆਖਦਾ ਹੈ।

ਮੁਗਲਾਂ ਜ਼ਹਿਰ ਪਿਆਲੇ ਪੀਤੇ, ਭੂਰਿਆ ਵਾਲੇ ਰਾਜੇ ਕੀਤੇ।
ਸਭ ਅਸ਼ਰਾਫ ਫਿਰਨ ਚੁੱਪ ਕੀਤੇ, ਭਲਾ ਉਹਨਾਂ ਨੂੰ ਝਾੜਿਆ ਈ।

ਬੁੱਲ੍ਹੇ ਸ਼ਾਹ ਦੇ ਭੂਰਿਆ ਵਾਲੇ ਪੰਜਾਬ ਦੀ ਉਸ ਮਿਹਨਤਕਸ ਤੇ ਕ੍ਰਿਤੀ ਜਮਾਤ ਦੇ ਸਿੰਘ ਯੋਧੇ ਸਨ, ਜੋ ਮੁਗਲ ਅਤੇ ਕਾਬਲ ਦੇ ਲੁਟੇਰਿਆਂ ਨਾਲ ਟੱਕਰ ਲੈਂਦੇ, ਨਵੇਂ ਇਨਕਲਾਬ ਦਾ ਝੰਡਾ ਬੁਲੰਦ ਕਰਨ ਵਾਲੇ ਸਿੰਘਾਂ ਦੀ ਚੜ੍ਹਦੀਕਲਾ ਪ੍ਰਤੱਖ ਵੇਖ ਰਿਹਾ ਸੀ। ਇਹ ਰੱਬੀ ਹੁਕਮ ਹੈ ਕਿ ਇਸ ਚੜ੍ਹਦੀਕਲਾ ਨੂੰ ਕੋਈ ਰੋਕ ਨਹੀਂ ਸਕਦਾ। ਬੁੱਲ੍ਹਾ ਫ਼ਕੀਰ ਕਮਜੋਰਾਂ ਵੱਲ ਇਸ਼ਾਰਾ ਕਰਦਾ ਹੈ।

ਉਲਟੇ ਹੋਰ ਜ਼ਮਾਨੇ ਆਏ,
ਅਸਾਂ ਹੁਣ ਭੇਦ ਸੱਜਣ ਦੇ ਪਾਏ,
ਆਪਣਿਆਂ ਵਿੱਚ ਉਲਫਤ ਨਾਹੀ, ਕਿਆ ਚਾਚੇ ਕਿਆ ਤਾਏ।
ਪਿਓ ਪੁੱਤਰਾਂ ਇਤਫਾਕ ਨਾ ਕਾਈ, ਧੀਆਂ ਨਾਲ ਨਾ ਮਾਏ।
ਸੱਚਿਆਂ ਨੂੰ ਹੁਣ ਮਿਲਦੇ ਧੱਕੇ, ਝੂਠੇ ਕੌਲ ਬਹਾਏ।
ਇਰਾਕੀਆਂ ਨੂੰ ਚਾਬਕ ਪੈਂਦੇ, ਗੋਦੀ ਖੂਦ ਖਵਾਏ
ਕਾਉਂ ਲਗਰਾਂ ਨੂੰ ਮਾਰਨ ਲੱਗੇ, ਚਿੜੀਆਂ ਜਰਹੇ ਖਾਏ।
ਅਗਲੇ ਜਾਂ ਬੰਗਾਲੇ ਬੈਠੇ, ਪਿਛਲਿਆਂ ਫਰਸ਼ ਵਿਛਾਏ।
ਬੁੱਲ੍ਹਾ ਹੁਕਮ ਹਜੂਰੋਂ ਆਂਦਾ, ਤਿੰਨਾਂ ਨੂੰ ਕੌਣ ਹਟਾਏ।

ਖੂਨੀ ਘਟਨਾਵਾਂ ਵਾਪਰ ਰਹੀਆਂ ਸਨ, ਅਤਿਆਚਾਰ ਨਾਲ ਪੰਜਾਬ ਵਿੱਚ ਕਿਆਮਤ ਛਾਈ ਹੋਈ ਸੀ। ਅਜਾਬਾਂ ਦੀ ਸੱਦੀ ਚਲ ਰਹੀ ਸੀ।

ਦਰ ਖੁੱਲ੍ਹਾ ਹਸ਼ਰ ਅਜਾਬ ਦਾ,
ਬੁਰਾ ਹਾਲ ਹੋਇਆ ਪੰਜਾਬ ਦਾ,
ਵਿੱਚ ਹਾਨਿਆਂ ਦੋਜਖਾਂ ਮਾਰਿਆ
ਸਾਨੂੰ ਆ ਮਿਲ ਯਾਰ ਪਿਆਰਿਆ।

ਬੁੱਲ੍ਹਾ ਰੱਬ ਦਾ ਫਕੀਰ ਬਣ ਕੇ ਸੱਚ ਦਾ ਸਾਥ ਦਿੰਦਾ ਹੈ। ਇਸਲਾਮੀ ਸ਼ਰ੍ਹਾ ਦੇ ਨਾਉਂ ਉਤੇ ਕੀਤੇ ਜਾ ਰਹੇ ਕੁਕਰਮਾਂ ਨੂੰ ਭੰਡਦਾ ਹੈ। ਇਹ ਸ਼ਰਾ ਅਤੇ ਹਾਕਮ ਨੀਤੀ ਦਾ ਵਿਰੋਧ ਸੀ। ਬੁੱਲ੍ਹਾ ਇਸ ਤਰਾਂ ਬਾਗੀ ਹੈ। ਉਸ ਨੇ ਆਪਣੇ ਆਪ ਨੂੰ ਆਜ਼ਾਦ ਐਲਾਨ ਕੀਤਾ।

ਮੈਂ ਬੇ ਕੈਦ ਮੈਂ ਬੇ ਕੈਦ, ਨ ਰੋਗੀ ਨਾ ਵੈਦ।
ਨ ਮੈਂ ਮੋਮਨ ਨ ਮੈਂ ਕਾਫਰ ਨਾ ਮੁੱਲਾ ਨਾ ਸੈਦ
ਚੋਂਦੀ ਤਬਕੀ ਸੈਰ ਅਸਾਡਾ ਕਿਤੇ ਨਾ ਹੋਣਾ ਕੈਦ।

ਬੁੱਲ੍ਹੇ ਦੀ ਰਚਨਾ ਸਮਾਜਿਕ ਅਤੇ ਰਾਜਨੀਤਿਕ ਅਵਸਥਾ ਤੋਂ ਲੋਕਾਂ ਵਿੱਚ ਜਾਗ੍ਰਿਤੀ ਭਰਦੀ ਹੈ। ਮਜਬੀ ਪਾਖੰਡਾਂ 'ਤੇ ਚੋਟ ਹੈ। ਮਨੁੱਖਤਾ ਨੂੰ ਏਕਤਾ ਦੇ ਪਿਆਰ ਵਿੱਚ ਪ੍ਰੋਂਦੀ ਹੈ।

ਬੁੱਲ੍ਹੇ ਸ਼ਾਹ ਦਾ ਦਿਹਾਂਤ 1757 ਵਿੱਚ 77 ਕੁ ਸਾਲ ਦੀ ਉਮਰ ਵਿੱਚ ਹੋਇਆ। ਉਸਦਾ ਮਜਾਰ ਕਸੂਰ ਰੇਲਵੇ ਸਟੇਸ਼ਨ ਦੇ ਨੇੜੇ ਹੈ। ਬੁੱਲ੍ਹਾ ਮਨੁੱਖੀ ਆਦਰਸ਼ਾਂ ਦਾ ਧਾਰਨੀ ਹੋਣ ਕਰਕੇ,ਬੁੱਲ੍ਹੇ ਸ਼ਾਹ ਅਤੇ ਉਸ ਦੇ ਕਲਾਮ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ । ਬੁੱਲ੍ਹੇ ਦੇ ਕਲਾਮ ਦਾ ਰੰਗ ਕਈ ਭਾਰਤੀ ਅਤੇ ਪਾਕਿਸਤਾਨੀ ਫ਼ਿਲਮਾਂ ਵਿੱਚ ਭਰਿਆ ਗਿਆ ਹੈ।




# ਲੋਕ ਸਭਾ ਚੋਣਾਂ 'ਚ ਮਹਿਲਾ ਵੋਟਰਾਂ ਦੀ ਅਹਿਮ ਭੂਮਿਕਾ



## ਕਿਸੇ ਵੀ ਉਮੀਦਵਾਰ ਤੇ ਪਾਰਟੀ ਦੀ ਜਿੱਤ ਹਾਰ ਦਾ ਫ਼ੈਸਲਾ ਕਰ ਦਿੰਦੀਆਂ ਨੇ ਮਹਿਲਾ ਵੋਟਰਾਂ ਦੀਆਂ ਵੋਟਾਂ

ਭਾਰਤ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਜਿਥੇ ਮਰਦ ਵੋਟਰ ਸਰਗਰਮ ਹਨ, ਉਥੇ ਹੀ ਮਹਿਲਾ ਵੋਟਰ ਵੀ ਅਹਿਮ ਭੂਮਿਕਾ ਨਿਭਾਅ ਰਹੇ ਹਨ। ਜਿਸ ਤੋਂ ਪਤਾ ਚੱਲਦਾ ਹੈ ਕਿ ਮਹਿਲਾ ਵੋਟਰ ਹੁਣ ਘਰ ਦੀ ਚਾਰ-ਦਿਵਾਰੀ ਜਾਂ ਰਸੋਈ ਘਰ ਤੱਕ ਹੀ ਸੀਮਿਤ ਨਹੀਂ ਸਗੋਂ ਉਹ ਦੇਸ਼ ਦੀ ਨਵੀਂ ਸਰਕਾਰ ਚੁਣਨ ਵਿੱਚ ਵੀ ਆਪਣਾ ਯੋਗਦਾਨ ਪਾ ਰਹੀਆਂ ਹਨ। ਇਸ ਵਾਰ ਹੋ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਭਾਰਤ ਵਿੱਚ 96.88 ਕਰੋੜ ਵੋਟਰ ਹਨ, ਜਿਨ੍ਹਾਂ ਵਿੱਚ 47 ਕਰੋੜ ਤੋਂ ਵੱਧ ਔਰਤਾਂ ਹਨ।2.63 ਕਰੋੜ ਨਵੇਂ ਵੋਟਰਾਂ ਵਿੱਚੋਂ 1.41 ਕਰੋੜ ਔਰਤਾਂ ਹਨ। ਚੋਣਾਂ ਦਾ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੇਰਲ, ਤੇਲੰਗਾਨਾ, ਤਾਮਿਲਨਾਡੂ, ਪੁਡੂਚੇਰੀ, ਗੋਆ, ਆਂਧਰਾ ਪ੍ਰਦੇਸ਼, ਮਨੀਪੁਰ, ਮੇਘਾਲਿਆ, ਮਿਜ਼ੋਰਮ ਅਤੇ ਨਾਗਾਲੈਂਡ ਵਿੱਚ ਵਧੇਰੇ ਔਰਤਾਂ ਨੇ ਵੋਟ ਪਾਉਣ ਲਈ ਰਜਿਸਟ੍ਰੇਸ਼ਨ ਕੀਤਾ ਸੀ, ਜਿਸ ਤੋਂ ਪਤਾ ਚਲਦਾ ਹੈ ਕਿ ਭਾਰਤ ਦੀਆਂ ਮਹਿਲਾ ਵੋਟਰ ਵੀ ਲੋਕ ਸਭਾ ਚੋਣਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਹਨ। ਭਾਰਤ ਵਿੱਚ ਹਰ ਵਾਰ ਦੀਆਂ ਚੋਣਾਂ ਦੌਰਾਨ ਅਕਸਰ ਇਹ ਵੀ ਹੁੰਦਾ ਆਇਆ ਹੈ ਕਿ



ਮਹਿਲਾ ਵੋਟਰ ਉਸ ਉਮੀਦਵਾਰ ਜਾਂ ਪਾਰਟੀ ਨੂੰ ਵੋਟਾਂ ਪਾ ਦਿੰਦੀਆਂ ਹਨ, ਜਿਸ ਉਮੀਦਵਾਰ ਨੂੰ ਵੋਟਾਂ ਪਾਉਣ ਲਈ ਉਹਨਾਂ ਦੇ ਪਿਤਾ, ਪਤੀ ਜਾਂ ਭਰਾ ਵੱਲੋਂ ਕਿਹਾ ਜਾਂਦਾ ਹੈ। ਇਸ ਤਰਾਂ ਔਰਤਾਂ ਦੀ ਆਪਣੀ ਸਿਆਸੀ ਸੋਚ ਉਭਰ ਕੇ ਘੱਟ ਹੀ ਸਾਹਮਣੇ ਆਉਂਦੀ ਹੈ। ਭਾਵੇਂ ਹੁਣ ਮਹਿਲਾਵਾਂ ਵਿੱਚ ਸਿੱਖਿਆ ਦਾ ਪ੍ਰਭਾਵ ਹੋਣ ਕਾਰਨ ਵੱਡੀ ਗਿਣਤੀ ਮਹਿਲਾਵਾਂ ਆਪਣੀ ਪਸੰਦ ਦੇ ਉਮੀਦਵਾਰ ਨੂੰ ਵੀ ਵੋਟਾਂ ਪਾ ਦਿੰਦੀਆਂ ਹਨ। ਰਿਪੋਰਟ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ 2047 ਤੱਕ ਔਰਤਾਂ ਦੀ ਵੋਟ ਪ੍ਰਤੀਸ਼ਤਤਾ 55 ਪ੍ਰਤੀਸ਼ਤ ਤੱਕ ਪਹੁੰਚ ਸਕਦੀ ਹੈ, ਜਦੋਂ ਕਿ ਮਰਦਾਂ ਦੀ ਵੋਟ ਪ੍ਰਤੀਸ਼ਤਤਾ ਘਟ ਕੇ 45 ਪ੍ਰਤੀਸ਼ਤ ਹੋ ਸਕਦੀ ਹੈ।ਇਸ ਤੋਂ ਇਲਾਵਾ ਅਨੇਕਾਂ ਮਹਿਲਾਵਾਂ ਰਾਜਨੀਤੀ ਵਿੱਚ ਵੀ ਸਰਗਰਮ ਭੂਮਿਕਾ ਨਿਭਾ ਰਹੀਆਂ ਹਨ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਦੀ ਟਿਕਟ 'ਤੇ ਲੋਕ ਸਭਾ ਚੋਣਾਂ ਲੜ ਰਹੀਆਂ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕਈ ਸਿਆਸੀ ਪਾਰਟੀਆਂ ਮਹਿਲਾ ਵੋਟਰਾਂ ਨੂੰ ਉਤਸ਼ਾਹਿਤ ਕਰਦੀਆਂ ਹਨ ਪਰ ਆਪਣੀਆਂ ਉਮੀਦਵਾਰ ਸੂਚੀਆਂ ਵਿੱਚ ਔਰਤਾਂ ਨੂੰ ਬਰਾਬਰ ਦੀ ਨੁਮਾਇੰਦਗੀ ਨਹੀਂ ਦਿੰਦੀਆਂ। ਪਿਛਲੇ ਸਾਲ ਸਤੰਬਰ ਵਿੱਚ ਸੰਸਦ ਨੇ ਔਰਤਾਂ ਦੇ ਸਸ਼ਕਤੀਕਰਨ ਲਈ ਮਹਿਲਾ ਰਾਖਵਾਂਕਰਨ ਬਿੱਲ ਪਾਸ ਕੀਤਾ ਸੀ। ਇਹ ਬਿੱਲ ਉਨ੍ਹਾਂ ਲਈ ਸੰਸਦ ਅਤੇ ਵਿਧਾਨ ਸਭਾਵਾਂ ਵਿੱਚ 33% ਰਾਖਵਾਂਕਰਨ ਯਕੀਨੀ ਬਣਾਉਂਦਾ ਹੈ। ਮਹਿਲਾ ਰਿਜ਼ਰਵੇਸ਼ਨ ਐਕਟ ਦੇ ਅਨੁਸਾਰ, ਪਾਰਟੀਆਂ ਨੂੰ ਆਪਣੀਆਂ ਟਿਕਟਾਂ ਦਾ ਘੱਟੋ-ਘੱਟ ਇੱਕ ਤਿਹਾਈ ਹਿੱਸਾ ਔਰਤਾਂ ਲਈ ਰਾਖਵਾਂ ਕਰਨਾ ਚਾਹੀਦਾ ਹੈ। ਆਜ਼ਾਦੀ ਤੋਂ ਬਾਅਦ ਹੁਣ ਤੱਕ ਭਾਰਤ ਵਿੱਚ ਸਿਰਫ਼ ਇੱਕ ਮਹਿਲਾ ਪ੍ਰਧਾਨ ਮੰਤਰੀ ਬਣੀ ਹੈ ਅਤੇ ਵੱਖ ਵੱਖ ਸੂਬਿਆਂ ਵਿੱਚ ਸਮੇਂ ਸਮੇਂ 15 ਮਹਿਲਾਵਾਂ ਮੁੱਖ ਮੰਤਰੀ ਬਣੀਆਂ ਹਨ। ਹਾਲਾਂ ਕਿ, 1950 ਦੇ ਦਹਾਕੇ ਤੋਂ ਚੋਣਾਂ ਲੜਨ ਵਾਲੀਆਂ ਔਰਤਾਂ ਦੀ ਗਿਣਤੀ ਸੱਤ ਗੁਣਾ ਵਧ ਗਈ ਹੈ ਅਤੇ ਲੋਕ ਸਭਾ ਵਿੱਚ ਔਰਤਾਂ ਦੀ ਪ੍ਰਤੀਨਿਧਤਾ 5% ਤੋਂ ਵਧ ਕੇ 15% ਹੋ ਗਈ ਹੈ। ਭਾਰਤ ਵਿੱਚ ਮਹਿਲਾਵਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਮਰਦਾਂ ਵਾਂਗ ਹੀ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ, ਪਰ ਵੇਖਣ ਵਿੱਚ ਆਇਆ ਹੈ ਕਿ ਅਨੇਕਾਂ ਮਹਿਲਾਵਾਂ ਘਰ ਦੇ ਕੰਮਾਂ ਵਿੱਚ ਉਲਝੀਆਂ ਵੋਟਾਂ ਪਾਉਣ ਤੋਂ ਘੇਸਲ ਵੱਟ ਲੈਂਦੀਆਂ ਹਨ, ਜਿਸ ਕਾਰਨ ਉਹਨਾਂ ਦੀ ਸਿਆਸੀ ਸੋਚ ਉਭਰ ਕੇ ਸਾਹਮਣੇ ਨਹੀਂ ਆਉਂਦੀ। ਅੱਜ ਦੇ ਸਮੇਂ ਵਿੱਚ ਵੱਡੀ ਗਿਣਤੀ ਮਹਿਲਾਵਾਂ ਚੋਣਾਂ ਸਬੰਧੀ ਜਾਗਰੂਕ ਹੋ ਗਈਆਂ ਹਨ ਅਤੇ ਇਹ ਮਹਿਲਾ ਵੋਟਰ ਭਾਰਤ ਦੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਚੱਲ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਮਹਿਲਾ ਵੋਟਰਾਂ ਦੀ ਭੂਮਿਕਾ ਕਾਫ਼ੀ ਮਹੱਤਵਪੂਰਨ ਹੈ ਅਤੇ ਮਹਿਲਾ ਵੋਟਰਾਂ ਨੂੰ ਆਪਣੀ ਵੋਟ ਦੀ ਵਰਤੋ ਸੋਚ ਸਮਝ ਕੇ , ਪੂਰੀ ਤਰ੍ਹਾਂ ਜਾਗਰੂਕ ਹੋ ਕੇ ਕਰਨੀ ਚਾਹੀਦੀ ਹੈ।



# ਔਰਤਾਂ ਖ਼ਿਲਾਫ਼ ਜੁਰਮ ਰੋਕਣ ਲਈ ਲੋਕ ਸੰਘਰਸ਼ਾਂ ਨਾਲ ਸਰਕਾਰ 'ਤੇ ਦਬਾਅ ਬਣਾਉਣ ਦੀ ਲੋੜ

ਡਾ. ਅਰਵਿੰਦਰ ਕੌਰ ਕਾਕੜਾ

ਸਾਡਾ ਸਮਾਜ ਜਮਾਤੀ ਹੈ ਜਿਸ ਵਿੱਚ ਅਮੀਰੀ ਗ਼ਰੀਬੀ ਤੇ ਜਾਤ ਪਾਤ ਦਾ ਕੋਹੜ ਤਾਂ ਹੈ, ਨਾਲ ਹੀ ਪਿਤਰਕੀ ਸੋਚ ਵੀ ਗਹਿਰੇ ਰੂਪ ਵਿੱਚ ਸਮਾਜਿਕ ਜੜ੍ਹਾਂ ਜਮਾਈ ਬੈਠੀ ਹੈ। ਇਸੇ ਕਾਰਨ ਔਰਤ ਨੂੰ ਮਰਦ ਦੇ ਮੁਕਾਬਲੇ ਦੂਜਾ ਦਰਜਾ ਦਿੱਤਾ ਗਿਆ ਹੈ। ਔਰਤਾਂ ਦੇ ਦਮਨ ਅਤੇ ਵਿਤਕਰੇ ਨੂੰ ਰੋਜ਼ਮੱਰਾ ਜ਼ਿੰਦਗੀ ਵਿਚੋਂ ਪਛਾਣਿਆ ਜਾ ਸਕਦਾ ਹੈ ਜਿਸ ਦੇ ਅਨੇਕ ਪੱਖ ਇਸ ਪਿਤਰਕੀ ਸੱਤਾ ਦੀ ਪੈਦਾਵਾਰ ਹਨ। ਔਰਤ ਨੂੰ ਬੌਧਿਕ ਤੌਰ 'ਤੇ ਮਰਦ ਬਰਾਬਰ ਨਹੀਂ ਸਮਝਿਆ ਜਾਂਦਾ। ਔਰਤ ਮਰਦ ਇੱਕ ਦੂਜੇ ਦੇ ਪੂਰਕ ਹੁੰਦੇ ਹੋਏ ਸਮਾਜ ਦੇ ਵਿਕਾਸ ਵਿੱਚ ਬਰਾਬਰ ਦਾ ਯੋਗਦਾਨ ਪਾ ਰਹੇ ਹਨ। ਸੰਵਿਧਾਨਕ ਤੌਰ 'ਤੇ ਤਾਂ ਭਾਵੇਂ ਔਰਤ ਨੂੰ ਕਈ ਹੱਕ ਪ੍ਰਾਪਤ ਹਨ ਪਰ ਅਸਲ ਵਿੱਚ ਸਥਿਤੀ ਕੁਝ ਹੋਰ ਹੈ। ਘਰ ਤੋਂ ਸ਼ੁਰੂ ਹੋ ਕੇ ਪੜ੍ਹਾਈ, ਨੌਕਰੀ ਅਤੇ ਸਮਾਜ ਵਿੱਚ ਉਸ ਨੂੰ ਆਰਥਿਕ, ਸਰੀਰਕ ਅਤੇ ਮਾਨਸਿਕ ਤੇ ਲਿੰਗਕ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅੱਜ ਸਥਿਤੀ ਇਹ ਹੈ ਕਿ ਔਰਤਾਂ/ਕੁੜੀਆਂ ਨਾਲ ਹੋ ਰਹੀਆਂ ਜਬਰ ਜਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ।

ਵਲਟੋਹਾ ਕਸਬੇ ਵਿੱਚ ਔਰਤ ਨੂੰ ਨਿਰਵਸਤਰ ਕਰ ਕੇ ਘੁਮਾਉਣ ਦੀ ਵੀਡਿਓ ਨੇ ਇੱਕ ਵਾਰ ਫਿਰ ਔਰਤ ਦੀ ਸੁਰੱਖਿਆ 'ਤੇ ਸਵਾਲੀਆ ਚਿੰਨ੍ਹ ਲਗਾਇਆ ਹੈ। ਕਿਤੇ ਔਰਤ ਨੂੰ ਨੀਵਾਂ ਦਿਖਾਉਂਦਿਆਂ ਗੀਤ ਵਿੱਚ ਭੇਡ ਕਿਹਾ ਗਿਆ ਤੇ ਕਿਤੇ ਡਾਂਸਰ ਕੁੜੀ ਦੀ ਅਸਹਿਮਤੀ 'ਤੇ ਮਰਦਾਵੀਂ ਹੈਂਕੜ ਸ਼ਰਾਬ ਦਾ ਗਲਾਸ ਉਸ ਵੱਲ ਵਗ੍ਹਾ ਮਾਰਦੀ ਹੈ। ਵਧ ਰਹੇ ਬਲਾਤਕਾਰ, ਕਿਤੇ ਅਣਖ ਦੇ ਨਾਂ 'ਤੇ ਕਤਲ ਸਮਾਜ ਦੇ ਮੂੰਹ 'ਤੇ ਦਾਗ਼ ਹਨ। ਅਜਿਹੀਆਂ ਘਟਨਾਵਾਂ ਲਈ ਜਿੱਥੇ ਜਗੀਰੂ ਮਾਨਸਿਕਤਾ ਤੇ ਮਰਦਾਵੀਂ ਸੱਤਾ ਜ਼ਿੰਮੇਵਾਰ ਹੈ, ਉਥੇ ਦੇਸ਼ ਦੇ ਹਾਕਮ ਵੀ ਔਰਤਾਂ ਖ਼ਿਲਾਫ਼ ਹੋ ਰਹੇ ਅਪਰਾਧਾਂ ਨੂੰ ਰੋਕਣ ਵਿੱਚ ਅਸਫਲ ਰਹੇ ਹਨ। ਇਹ ਪ੍ਰਬੰਧ ਔਰਤਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿੱਚ ਨਾਕਾਮ ਰਿਹਾ ਹੈ ਜਿਸ ਕਾਰਨ ਔਰਤਾਂ ਖ਼ਿਲਾਫ਼ ਜ਼ੁਲਮ ਵਧ ਰਿਹਾ ਹੈ।

ਅਸਲ ਵਿੱਚ ਔਰਤ ਨੂੰ ਮਹਿਜ਼ ਭੋਗ ਦੀ ਵਸਤੂ ਸਮਝਿਆ ਜਾ ਰਿਹਾ ਹੈ। ਮੰਡੀ ਸੱਭਿਆਚਾਰ ਨੇ ਤਾਂ ਕੁੜੀ ਨੂੰ ਨੁਮਾਇਸ਼ ਦੀ ਵਸਤ ਬਣਾ ਕੇ ਉਸ ਦਾ ਬਿੰਬ ਹੋਰ ਵਿਗਾੜ ਦਿੱਤਾ ਹੈ। ਜਦੋਂ ਵੀ ਕੋਈ ਲੜਾਈ, ਦੰਗਾ ਹੋਵੇ ਜਾਂ ਬਦਲਾ ਲੈਣਾ ਹੋਵੇ ਤਾਂ ਔਰਤ ਨਾਲ ਜ਼ਿਆਦਤੀ ਕੀਤੀ ਜਾਂਦੀ ਹੈ। ਉਂਝ ਵੀ ਸਮਾਜ ਦਾ ਨਜ਼ਰੀਆ ਇਹ ਬਣਿਆ ਹੋਇਆ ਹੈ ਕਿ ਔਰਤ ਤੇ ਮਰਦ ਦੋਹਾਂ ਦੇ ਕਸੂਰਵਾਰ ਹੋਣ 'ਤੇ ਦੋਸ਼ ਔਰਤ ਸਿਰ ਮੜ੍ਹਿਆ ਜਾਂਦਾ ਹੈ। ਅਣਖ ਦੇ ਨਾਂ 'ਤੇ ਹੋ ਰਹੇ ਕਤਲ ਵੀ ਜ਼ਿਆਦਾਤਰ ਔਰਤ ਕੇਂਦਰਿਤ ਹਨ।



ਇਸ ਸਮਾਜ ਨੇ ਅਣਖ ਦਾ ਸਵਾਲ ਵੀ ਔਰਤ ਨਾਲ ਜੋੜ ਦਿੱਤਾ ਹੈ।

ਅਣਖ ਦੇ ਵੀ ਦੋ ਵੱਖੋ-ਵੱਖਰੇ ਅਰਥ ਹਨ। ਉਦੋਂ ਅਣਖ ਗੌਰਵ ਦਾ ਪ੍ਰਤੀਕ ਬਣਦੀ ਹੈ ਜਦੋਂ ਬੰਦਾ ਸਮੂਹਿਕ ਹਿੱਤਾਂ ਲਈ ਕਾਰਵਾਈ ਕਰਦਾ ਹੋਇਆ ਮਨੁੱਖੀ ਲੁੱਟ ਦੇ ਖ਼ਿਲਾਫ਼ ਖੜ੍ਹਦਾ ਹੈ। ਅਜਿਹੇ ਅਣਖੀ ਮਨੁੱਖ ਦੀ ਸਮਾਜ ਵਿੱਚ ਇੱਜ਼ਤ ਵਧਦੀ ਹੈ। ਜਦ ਅਣਖ ਤੇ ਇੱਜ਼ਤ ਦਾ ਸੰਕਲਪ ਘਰ, ਪਰਿਵਾਰ, ਘਰਾਣੇ, ਜਾਤ, ਧਰਮ ਤੋਂ ਪੈਦਾ ਹੰਕਾਰ ਨਾਲ ਜੁੜਦਾ ਹੈ ਤਾਂ ਮਨੁੱਖ ਅੰਦਰਲੀ ਦੁਬਿਧਾ ਬਾਹਰੀ ਰੂਪ ਵਿੱਚ ਘਾਤਕ ਬਣਦੀ ਹੈ ਜੋ ਹੈਵਾਨੀਅਤ ਵਿੱਚ ਢਲਦੀ ਗ਼ਲਤ ਠੀਕ ਦੀ ਪਛਾਣ ਭੁੱਲ ਜਾਂਦੀ ਹੈ।

ਅਸਲ ਵਿੱਚ ਅਜੋਕੇ ਮਨੁੱਖ ਦੀਆਂ ਪਦਾਰਥਕ ਰੁਚੀਆਂ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਮਨੁੱਖੀ ਰਿਸ਼ਤਿਆਂ ਦੇ ਨਿਘਾਰ ਦਾ ਕਾਰਨ ਮਨੁੱਖ ਅੰਦਰੋਂ ਨੈਤਿਕ, ਸਦਾਚਾਰਕ ਕਦਰਾਂ ਕੀਮਤਾਂ ਦਾ ਖ਼ਾਤਮਾ ਹੈ। ਇੱਕ ਪਾਸੇ ਉਪਰੋਂ ਪੈ ਰਿਹਾ ਆਧੁਨਿਕਤਾ ਦਾ ਪ੍ਰਭਾਵ, ਦੂਜੇ ਪਾਸੇ ਮੱਧਯੁਗ ਦੀ ਚੱਕੀ ਵਿੱਚ ਪਿਸ ਰਹੀ ਲੁਕਾਈ ਨੇ ਗੈਰ-ਜ਼ਿੰਮੇਵਾਰਾਨਾ ਸਥਿਤੀ ਨੂੰ ਜਨਮ ਦਿੱਤਾ ਹੈ। ਅਜਿਹੇ ਹਾਲਾਤ ਵਿੱਚ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਸੋਚਣ ਵਿਚਰਨ ਦਾ ਫਾਸਲਾ ਕਈ ਘਟਨਾਵਾਂ ਨੂੰ ਜਨਮ ਦੇ ਰਿਹਾ ਹੈ। ਮਾਪੇ ਜਦੋਂ ਪਿਛਾਂਹਖਿੱਚੂ ਸੋਚ ਦੇ ਧਾਰਨੀ ਬਣਦੇ ਤੇ ਬੱਚੇ ਆਜ਼ਾਦੀ ਦੇ ਭਰਮ ਨੂੰ ਅੰਤਿਮ ਸੱਚ ਮੰਨ ਲੈਂਦੇ ਤਾਂ ਇਹ ਟਕਰਾਵੀ ਸਥਿਤੀ ਕਿਸੇ ਨਾ ਕਿਸੇ ਪਾਸੇ ਮੋੜ ਲੈਂਦੀ ਹੈ। ਜੇ ਪਿਆਰ ਵਿਆਹ ਵਿੱਚ ਦੋਹਾਂ ਧਿਰਾਂ ਦੀ ਸਹਿਮਤੀ ਬਣਦੀ ਹੈ ਤਾਂ ਅਣਸੁਖਾਵੀਂ ਘਟਨਾ ਦਾ ਡਰ ਨਹੀਂ ਰਹਿੰਦਾ। ਮਾਪਿਆਂ ਦੀ ਸਹਿਮਤੀ ਤੋਂ ਬਿਨਾਂ ਕਰਵਾਏ ਵਿਆਹ ਬਾਰੇ ਪੰਜਾਬੀ/ਭਾਰਤੀ ਸਮਾਜ ਦੁਬਿਧਾ ਵਿੱਚ ਹੈ। ਇਹ ਪਿਛਾਖੜੀ ਸੋਚ ਕਿਸੇ ਨਾਲ ਅਸਹਿਮਤੀ, ਬਦਲਾ ਲੈਣਾ, ਨੀਚਾ ਦਿਖਾਉਣ, ਬਰਬਾਦ ਕਰਨ ਆਦਿ ਕਈ ਰੂਪਾਂ ਵਿੱਚ ਪ੍ਰਗਟਦੀ ਹਿੰਸਕ ਘਟਨਾ ਤੱਕ ਪਹੁੰਚ ਜਾਂਦੀ ਹੈ। ਔਰਤ ਨੂੰ ਨਿੱਜੀ ਜਾਇਦਾਦ ਸਮਝਣ ਵਾਲਾ ਇਹ ਸਮਾਜ ਰਿਸ਼ਤੇ, ਵਿਆਹ, ਇੱਜ਼ਤ ਤੇ ਰੁਤਬੇ 'ਤੇ ਟਿਕਿਆ ਹੈ। ਪਿਆਰ ਵਿਆਹ ਪ੍ਰਤੀ ਇਸ ਸਮਾਜ ਵਿੱਚ ਅਣਖ ਦਾ ਮਸਲਾ ਬਹੁਤ ਟੇਢਾ ਹੈ।

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਕਹਾਣੀ

ਸੁਖਵੰਤ ਕੌਰ ਮਾਨ

# ਖ਼ੁਸ਼ੀ



ਭਰ ਗਰਮੀਆਂ ਦੀਆਂ ਦੁਪਹਿਰਾਂ ਹੁੰਦੀਆਂ। ਘਰ ਦੇ ਸਾਰੇ ਜੀਅ ਅੰਦਰ ਵੜ ਕੇ ਸੁੱਤੇ ਪਏ ਹੁੰਦੇ। ਕਾਮੇ ਪਿੰਡ ਰੋਟੀ ਖਾਣ ਲਈ ਚਲੇ ਜਾਂਦੇ। ਪਿਤਾ ਜੀ ਅਡੋਲ ਆਪਣੀ ਕੋਠੜੀ ਵਿਚੋਂ ਨਿਕਲ ਆਲੇ-ਦੁਆਲੇ ਵਿੰਹਦੇ। ਬੱਝੀਆਂ ਹੋਈਆਂ ਮੱਝਾਂ ਦੀਆਂ ਖੁਰਲੀਆਂ ਕੋਲ ਜਾ ਖਲੋਂਦੇ। ਮੱਝਾਂ ਖੋਲ੍ਹ ਕੇ ਉਹਨਾਂ ਨੂੰ ਹਿੱਕਦੇ ਹੋਏ ਖਾਲੀ ਪੈਲੀਆਂ ਵਿੱਚ ਲੈ ਜਾਂਦੇ। ਮੱਝਾਂ ਖੁੱਲ੍ਹ ਕੇ ਭੂਤਰ ਜਾਂਦੀਆਂ। ਅਲੂਈਆਂ ਮੱਕੀਆਂ ਨੂੰ ਮਿਧਾੜਦੀਆਂ, ਸਬਜ਼ੀਆਂ ਦੀਆਂ ਵੱਲਾਂ ਨੂੰ ਲਿਤਾੜਦੀਆਂ, ਬੁਥੇ ਚੁੱਕੀ ਸਿੱਧੀਆਂ ਦੌੜ ਪੈਂਦੀਆਂ। ਪਿਤਾ ਜੀ ਗਾਲ੍ਹਾਂ ਕੱਢਦੇ ਹੋਏ ਉਹਨਾਂ ਦੇ ਮਗਰ ਦੌੜ ਪੈਂਦੇ। ਦੌੜਦੀਆਂ ਹੋਈਆਂ ਮੱਝਾਂ ਨੂੰ ਉਹ ਅੱਗੋਂ-ਵਾਂਢੀ ਹੋ ਵਲ ਲੈਂਦੇ। ਖ਼ਾਲੀ ਖੇਤਾਂ ਵੱਲ ਹੱਕ ਲੈਂਦੇ। ਪਜਾਮਾ ਲਾਹ ਮੋਢੇ ਉਤੇ ਟੰਗ ਲੈਂਦੇ। ਲੰਮੀਆਂ-ਲੰਮੀਆਂ ਲਾਲ ਜੀਭਾਂ ਕੱਢ ਹਰੇ-ਕਚੂਰ ਘਾਹ ਨੂੰ ਲਪਰ-ਲਪਰ ਕਰ ਕੇ ਚਰਦੀਆਂ ਮੱਝਾਂ ਵਲ ਵੇਖੀ ਜਾਣਾ ਉਹਨਾਂ ਨੂੰ ਅਸੀਮ ਖ਼ੁਸ਼ੀ ਦਿੰਦਾ। ਜਿਉਂ-ਜਿਉਂ ਮੱਝਾਂ ਰੱਜਦੀਆਂ ਜਾਂਦੀਆਂ, ਪਿਤਾ ਜੀ ਦਾ ਚਿਹਰਾ ਖਿੜਦਾ ਜਾਂਦਾ।

ਮੱਝਾਂ ਰੱਜ ਕੇ ਫੂੰ-ਫੂੰ ਕਰਨ ਲੱਗਦੀਆਂ। ਇੱਕ ਦੂਜੀ ਨੂੰ ਟੱਕਰਾਂ ਮਾਰਦੀਆਂ, ਪੂਛਲਾਂ ਚੁੱਕੀ ਅੱਗੇ ਨੂੰ ਭੱਜ ਪੈਂਦੀਆਂ। ਤਿੰਨੋ ਕਾਮੇ, ਚੌਥਾ ਵਾਗੀ ਮੁੰਡਾ, ਦੋਵੇਂ ਪੋਤਰੇ ਮੱਝਾਂ ਮਗਰ ਭੱਜ-ਭੱਜ ਹਫ਼ ਜਾਂਦੇ। ਬੜੀ ਮੁਸ਼ਕਲ ਨਾਲ ਵਿਹੜ ਕੇ ਉਹਨਾਂ ਨੂੰ ਵਾੜੇ ਵਿੱਚ ਵਾੜਿਆ ਜਾਂਦਾ। ਪਿਤਾ ਜੀ ਦੀ ਹਾਲਤ ਵੇਖਣ ਵਾਲੀ ਹੁੰਦੀ। ਦਾੜ੍ਹੀ ਖਿਲਰੀ ਪਈ ਹੁੰਦੀ, ਧਾਰੀਂ ਮੁੜ੍ਹਕਾ ਵਹਿ ਰਿਹਾ ਹੁੰਦਾ।

ਪੱਠੇ ਵੱਢ-ਵੱਢ, ਕੁਤਰ-ਕੁਤਰ ਕਾਮੇ ਮੱਝਾਂ ਅੱਗੇ ਸੁੱਟੀ ਜਾਂਦੇ। ਪਿਤਾ ਜੀ ਉਹਨਾਂ ਨੂੰ ਹੋਰ-ਹੋਰ ਵੱਢਣ ਲਈ ਆਖਦੇ ਰਹਿੰਦੇ। ਕਾਮਿਆਂ ਨਾਲ ਝਗੜਦੇ ਰਹਿੰਦੇ, ਲੜਦੇ ਰਹਿੰਦੇ। ਜਿੰਨਾ ਚਿਰ ਮੱਝਾਂ ਦੀਆਂ ਕੁੱਖਾਂ ਨਾ ਭਰ ਜਾਂਦੀਆਂ, ਪਿਤਾ ਜੀ ਦਾ ਸ਼ੁਹ ਨਾ ਭਰਦਾ। ਇੱਕ ਕਾਮਾ ਅਤੇ ਮਾਂ ਮੱਝਾਂ ਨੂੰ ਚੋਈ ਜਾਂਦੇ, ਦੁੱਧ ਲਿਆ-ਲਿਆ ਕਾੜ੍ਹਨੀਆਂ ਵਿੱਚ ਉਲੱਦੀ ਜਾਂਦੇ।

ਸੋਤੇ ਪਏ ਮੋਟਾ-ਮੋਟਾ ਮੱਛਰ ਮੱਝਾਂ ਨੂੰ ਲੜਦਾ। ਮੱਝਾਂ ਤੜਫ਼ਦੀਆਂ। ਪਿਤਾ ਜੀ ਉੱਠ ਕੇ ਉਹਨਾਂ ਮਗਰ ਧੂਣੀਆਂ ਲਾਂਦੇ ਫਿਰਦੇ। ਮੂੰਹ-ਹਨੇਰੇ ਉੱਠ ਮਾਂ ਦੁੱਧ ਰਿੜਕਣ ਲੱਗ ਜਾਂਦੀ। ਰਿੜਕ-ਰਿੜਕ ਹਾਰ ਜਾਂਦੀ, ਦੁੱਧ ਨਾ ਮੁੱਕਦਾ। ਦਿਨ ਚੜ੍ਹਦਿਆਂ ਹੀ ਲੱਸੀ ਲੈਣ ਵਾਲੀਆਂ ਤੀਵੀਆਂ ਦਾ ਤਾਂਤਾ ਬੱਝ ਜਾਂਦਾ। ਮਾਂ ਲੁੱਦ-ਲੁੱਦ ਥੱਕ ਜਾਂਦੀ, ਪਰ ਲੱਸੀ ਨਾ ਮੁੱਕਦੀ। ਮਾਂ ਘਿਉ ਤਾਅ-ਤਾਅ ਚਾਟੀਆਂ-ਬਲ੍ਹਣੇ ਭਰੀ ਜਾਂਦੀ। ਪੈਲੀਆਂ ਵਿੱਚ ਜਿੰਨੇ ਛੋਲੇ ਹੁੰਦੇ, ਸਭ ਮੱਝਾਂ ਦੇ ਢਿੱਡ ਵਿੱਚ ਪੈ ਜਾਂਦੇ। ਗੱਡਾ ਭਰ ਛੋਲਿਆਂ ਦਾ ਖਰਾਸ ਉੱਤੇ ਦਲਣ ਲਈ ਭੇਜ ਦਿੱਤਾ ਜਾਂਦਾ। ਛੋਲੇ ਮੁੱਕਣ 'ਤੇ ਖਲ਼ ਦੀਆਂ ਬੋਰੀਆਂ ਦੀਆਂ ਬੋਰੀਆਂ ਖੁੱਲ੍ਹਦੀਆਂ ਜਾਂਦੀਆਂ।

ਕੋਈ ਪਰਾਹੁਣਾ ਆਉਂਦਾ ਤਾਂ ਜੀਆਂ ਦੀ ਸੁੱਖ-ਸਾਂਦ ਪੁੱਛਣ ਪਿੱਛੋਂ ਲਵੇਰੇ ਦਾ ਹਾਲਚਾਲ ਪੁੱਛਿਆ ਜਾਂਦਾ।

ਪਿਤਾ ਜੀ ਉਹਨਾਂ ਨੂੰ ਨਾਲ ਲੈ ਮੱਝਾਂ ਵਾਲੇ ਵਾੜੇ ਵਿੱਚ ਚਲੇ ਜਾਂਦੇ। ਕੱਲੀ-ਕੱਲੀ ਮੱਝ ਦੇ ਪਿੰਡੇ ਉੱਤੇ ਹੱਥ ਫੇਰਦੇ ਹੋਏ ਉਹ ਉਹਨਾਂ ਦੀਆਂ ਸਿਫ਼ਤਾਂ ਆਰੰਭ ਦਿੰਦੇ। ਉਹਨਾਂ ਦੇ ਥਣਾਂ ਤੋਂ ਲੈ ਕੇ ਉਹਨਾਂ ਦੇ ਸਿੰਗਾਂ ਤੱਕ ਇੱਕ-ਇੱਕ ਅੰਗ ਦੀ ਉਹ ਸਿਫ਼ਤ ਕਰੀ ਜਾਂਦੇ। ਉਸ ਵੇਲੇ ਉਹਨਾਂ ਦੀਆਂ ਅੱਖਾਂ ਵਿਚਲੀ ਚਮਕ ਵੇਖਣ ਵਾਲੀ ਹੁੰਦੀ। ਮੱਝਾਂ ਦੇ ਪਿੰਡਿਆਂ ਨੂੰ ਪਲੋਸ ਰਿਹਾ ਉਹਨਾਂ ਦਾ ਹੱਥ ਅਜੀਬ ਜਿਹੀ ਥਿਰਕਣ ਮਹਿਸੂਸ ਕਰ ਰਿਹਾ ਹੁੰਦਾ। ਉਹਨਾਂ ਦੇ ਚਿਹਰੇ ਉੱਤੇ ਇੱਕ ਅਜੀਬ ਤਰ੍ਹਾਂ ਦਾ ਗਰਵ ਹੁੰਦਾ। ਫਿਰ ਪਾਕਿਸਤਾਨ ਵਿੱਚ ਰਹਿ ਗਈਆਂ ਮੱਝਾਂ ਦੀਆਂ ਕਹਾਣੀਆਂ ਛੋਹ ਬਹਿੰਦੇ। ਸ਼ਾਹਕਾਲੀਆਂ ਮੁਰਾ ਨਸਲ ਦੀਆਂ ਮੱਝਾਂ, ਪੰਜਕਲਿਆਣੀਆਂ ਝੋਟੀਆਂ। ਫਿਰ ਵੱਡੀ ਮੱਝ ਦੀ ਗੱਲ ਕਰਦਿਆਂ ਤਾਂ ਉਹਨਾਂ ਦਾ ਜਿਵੇਂ ਗੱਚ ਭਰ ਆਉਂਦਾ, ਮੱਝ ਜੋ ਪੰਜੀ ਸੇਰ ਪੱਕੇ ਦੁੱਧ ਦਿੰਦੀ ਸੀ, ਜਿਹਦੀ ਪੂਛਲ ਭੋਏਂ ਨੂੰ ਛੂਹਦੀ ਸੀ ਤੇ ਸਿੰਗ ਕੁੰਢੇ-ਚੂਰ ਸਨ।

ਮਾਂ ਦੱਸਦੀ, ਉਹ ਕਦੀ ਵੀ ਕੋਈ ਮੱਝ ਨਹੀਂ ਸਨ ਵੇਚਦੇ। ਕਿਧਰੋਂ ਵੀ ਕਿਸੇ ਚੰਗੀ ਝੋਟੀ ਦੀ ਦੱਸ ਪੈਂਦੀ ਤਾਂ ਘੋੜੀ ਉੱਤੇ ਚੜ੍ਹ ਉਸੇ ਪਿੰਡ ਪਹੁੰਚ ਜਾਂਦੇ। ਅੱਪੜ ਕੇ ਉਹ ਘਰ ਲੱਭ ਲੈਂਦੇ। ਮੱਝ ਨੂੰ ਅੱਗੋਂ-ਪਿੱਛੋਂ ਵੇਖਦੇ, ਉਹਦੀ ਪੂਛਲ, ਸਿੰਙ ਤੇ ਹਵਾਨਾ ਵੇਖਦੇ, ਅੱਖਾਂ ਹੀ ਅੱਖਾਂ ਵਿੱਚ ਉਹਦੇ ਥਣਾਂ ਦੀ ਲੰਮਾਈ ਤੇ ਹਵਾਨੇ ਦਾ ਹੁਜਮ ਲਖ ਲੈਂਦੇ। ਗੋਡਿਆਂ ਵਿੱਚ ਦੋਹਨਾ ਦੱਬੀ ਉਹ ਉਹਨੂੰ ਚੋਣ ਬੈਠ ਜਾਂਦੇ। ਪਸੰਦ ਆ ਜਾਂਦੀ ਤਾਂ ਭਾਵੇਂ ਕਿੰਨਾ ਵੀ ਮੁੱਲ ਅਗਲੇ ਦੱਸਦੇ, ਪਿਤਾ ਜੀ ਉਹਨੂੰ ਖ਼ਰੀਦ ਕੇ ਛੱਡਦੇ।

ਪਾਕਿਸਤਾਨੋਂ ਆਉਂਦਿਆਂ ਉਹ ਮੱਝਾਂ ਦੇ ਵਾੜੇ ਵਿੱਚ ਵੜੇ ਸਨ। ਉਹਨਾਂ ਦੇ ਪਿੰਡਿਆਂ ਉੱਤੇ ਥਾਪੀਆਂ ਦਿੰਦੇ ਹੋਏ ਉਹ ਇੱਕ-ਇੱਕ ਦਾ ਰੱਸਾ ਵੱਢਦੇ ਗਏ ਸਨ। ਤੇ ਸਭ ਤੋਂ ਵੱਡਾ ਦੁੱਖ ਉਹਨਾਂ ਨੂੰ ਇਹੋ ਸੀ ਕਿ ਉਹ ਆਉਂਦੀ ਵੇਰ ਆਪਣੇ ਨਾਲ ਇੱਕ ਵੀ ਮੱਝ ਨਹੀਂ ਸਨ ਲਿਆ ਸਕੇ।

ਏਧਰ ਆ ਕੇ ਵੀ ਉਹਨਾਂ ਦੀ ਸਭ ਤੋਂ ਵੱਡੀ ਤਮੰਨਾ ਸੀ, ਚੰਗੀ ਤੋਂ ਚੰਗੀ ਨਸਲ ਦੀਆਂ ਮੱਝਾਂ ਇਕੱਠੀਆਂ ਕਰ ਲਈਆਂ ਜਾਣ। ਜਿਥੋਂ ਵੀ ਦੱਸ ਪੈਂਦੀ, ਉਹ ਰਾਣੀ ਦੀ ਮੂਰਤ ਵਾਲੇ ਚਾਂਦੀ ਦੇ ਰੁਪਏ ਵੇਚ ਮੱਝ ਖ਼ਰੀਦ ਲਿਆਉਂਦੇ। ਪਰ ਹੁਣ ਹਾਲਾਤ ਬਦਲ ਗਏ ਸਨ। ਜ਼ਮੀਨਾਂ 'ਤੇ ਕੱਟ ਲੱਗ ਗਈ ਸੀ। ਚਰਾਂਦਾਂ ਲਈ ਖੁੱਲ੍ਹੇ ਖੇਤ ਨਹੀਂ ਸਨ ਰਹੇ। ਆਪਣੀਆਂ ਪੈਲ਼ੀਆਂ ਦੇ ਛੋਲੇ ਛੇਤੀ ਹੀ ਖ਼ਤਮ ਹੋ ਜਾਂਦੇ। ਛੋਲਿਆਂ ਅਤੇ ਖਲ਼ ਦੇ ਭਾਅ ਚੜ੍ਹ ਗਏ ਸਨ।

ਜਮਾਂਦਾਰਨੀ ਗੋਹਾ ਸੁੱਟਣੋਂ ਇਨਕਾਰੀ ਹੋ ਜਾਂਦੀ। ਮੱਝਾਂ ਹੇਠੋਂ ਚੰਗੀ ਸਫ਼ਾਈ ਨਾ ਕਰਨ ਕਰ ਕੇ ਪਿਤਾ ਜੀ ਉਹਦੇ ਗਲ ਪੈ ਜਾਂਦੇ। ਉਹ ਘਰ ਬੈਠ ਜਾਂਦੀ। ਕੁੜ੍ਹਾਂ ਵਿੱਚ ਗੋਹੇ ਦੇ ਢੇਰ ਲੱਗ ਜਾਂਦੇ। ਪਿਤਾ ਜੀ ਤੇੜੋਂ ਪਜਾਮਾ ਲਾਹ ਫਹੁੜਾ ਚੁੱਕ ਮੱਝਾਂ ਹੇਠੋਂ ਗੋਹਾ ਪਿਛਾਂਹ ਨੂੰ ਖਿੱਚ ਰਹੇ ਹੁੰਦੇ। ਉਹਨਾਂ ਦੇ ਪੈਰ ਲਿੱਬੜ ਜਾਂਦੇ, ਲੱਤਾਂ ਲਿੱਬੜ ਜਾਂਦੀਆਂ। ਕਾਮਿਆਂ ਨੂੰ ਆਖਦੇ ਤਾਂ ਉਹ ਵਿਗੜ ਬਹਿੰਦੇ।

ਰੋਟੀ-ਟੁੱਕਰ ਤੋਂ ਵਿਹਲੀ ਹੋ ਮਾਂ ਘੁੰਗਣੀਆਂ ਵਾਲੀ ਕਾੜ੍ਹਨੀ ਚੁੱਲ੍ਹੇ ਉੱਤੇ ਰੱਖ ਦਿੰਦੀ। ਘੁੰਗਣੀਆਂ ਲਾਹੁੰਦੀ ਤਾਂ ਕਿਸੇ ਬਿਮਾਰ ਮੱਝ ਜਾਂ ਜਾਅ ਲਈ ਕਾਹੜਾ ਧਰ ਦਿੰਦੀ। ਕਾਹੜਾ ਲਾਹੁੰਦੀ ਤਾਂ ਵੜੇਵੇਂ ਉਬਲਣੇ ਰੱਖ ਦਿੰਦੀ। ਵਧਦੀ ਉਮਰ ਕਰ ਕੇ ਮਾਂ ਹੁਣ ਥੱਕ ਜਾਂਦੀ। ਬਿਮਾਰ ਹੋ ਜਾਂਦੀ ਤਾਂ ਦੁੱਧ ਪਿਤਾ ਜੀ ਨੂੰ ਰਿੜਕਣਾ ਪੈਂਦਾ।

ਸ਼ਹਿਰੋਂ ਆਏ ਦੋਧੀ ਪਿਤਾ ਜੀ ਨੂੰ ਰਾਹਵਾਟੇ ਮਿਲ ਪੈਂਦੇ। ਦੁੱਧ ਵੇਚਣ ਲਈ ਆਖਦੇ ਰਹਿੰਦੇ। ਮਾਂ ਤੇ ਭਰਾ ਸਮਝਾ-ਸਮਝਾ ਥੱਕ ਜਾਂਦੇ, ਪਰ ਪਿਤਾ ਜੀ ਦੁੱਧ ਵੇਚਣੋਂ ਸਾਫ਼ ਇਨਕਾਰ ਕਰ ਦਿੰਦੇ। ਪਰ ਇਕ ਦਿਨ ਜਦੋਂ ਇਕ ਦੋਧੀ ਨੇ ਦੋ ਸੌ ਰੁਪਏ ਪਿਤਾ ਜੀ ਦੀ ਝੋਲੀ ਲਿਆ ਪਾਏ ਤਾਂ ਦਾਣੇ ਦੇ ਖਲ਼ ਹੱਥੋਂ ਥੁੜੇ ਬੈਠੇ ਪਿਤਾ ਜੀ ਨੇ ਆਖ਼ਰ ਮਨਜ਼ੂਰ ਕਰ ਹੀ ਲਏ।

ਵੀਹ-ਪੰਝੀ ਕਿੱਲੋ ਦੁੱਧ ਰੋਜ਼ ਜਾਂਦਾ। ਨਗਦ ਪੈਸੇ ਮਿਲ ਜਾਂਦੇ। ਹੁਣ ਪਿਤਾ ਜੀ ਨੂੰ ਦੁੱਧ ਵੇਚਣਾ ਕੁਝ-ਕੁਝ ਚੰਗਾ ਲੱਗਣ ਲੱਗਿਆ। ਖਲੋਤੇ ਕੰਮ ਚੱਲਣ ਲੱਗੇ। ਇੰਜਣ ਲਈ ਜਦੋਂ ਪਹਿਲਾਂ ਅੱਸੀਆਂ ਰੁਪਿਆਂ ਦਾ ਡੀਜ਼ਲ ਦਾ ਡਰੰਮ ਲਿਆਉਣਾ ਔਖਾ ਸੀ, ਹੁਣ ਝੱਟ ਆ ਜਾਂਦਾ। ਮੱਝਾਂ ਲਈ ਦਾਣਾ ਵੜੇਵਿਆਂ ਵੀ ਪਿਤਾ ਜੀ ਵਾਧੂ ਲੈ ਆਉਂਦੇ। ਬਾਹਰ ਫ਼ਾਰਮ ਉੱਤੇ ਮਕਾਨ ਬਨਾਉਣ ਲਈ ਸਲਾਹ ਬਣੀ ਤਾਂ ਸਭ ਤੋਂ ਪਹਿਲਾਂ ਮੱਝਾਂ ਲਈ ਪੱਕੇ ਕੋਠੇ ਪਾਏ ਗਏ। ਲੰਮੀਆਂ ਲੰਮੀਆਂ ਸੀਮਿੰਟੀ ਖੁਰਲੀਆਂ ਬਣਾਈਆਂ ਗਈਆਂ। ਢਾਲਵੇਂ ਫ਼ਰਸ਼ ਬਣਾਏ ਗਏ। ਪਾਣੀ ਪੀਣ ਲਈ ਪੱਕੀ ਹੌਦੀ ਬਣਾਈ ਗਈ। ਪੈਸੇ ਮੁੱਕ ਗਏ ਤਾਂ ਆਪਣੇ ਵਸੇਬੇ ਲਈ ਡੰਗਟਪਾਊ ਜਿਹੇ ਕੋਠੇ ਪਾ ਕੇ ਆਉਣਾ ਪਿਆ।

ਏਨੇ ਡੰਗਰ ਵੇਖ ਕਾਮੇ ਵੀ ਆਪਣੀਆਂ ਮੱਝਾਂ ਲਿਆ ਉਥੇ ਹੀ ਬੰਨ੍ਹ ਦਿੰਦੇ। ਭਰਾ ਤੇ ਮਾਂ ਖਿਝਦੇ, ਪਰ ਕਾਮੇ ਇੱਕ ਦਿਨ ਵੀ ਘਰ ਬੈਠ ਜਾਂਦੇ ਤਾਂ ਮੱਝਾਂ ਭੁੱਖੀਆਂ ਅੜਾਂਅ-ਅੜਾਂਅ ਕਰਨ ਲੱਗਦੀਆਂ।

ਕਿਸੇ ਮੱਝ ਦਾ ਜਾਅ ਮਰ ਜਾਂਦਾ। ਮੱਝ ਭੱਜ ਜਾਂਦੀ। ਸੂਆ ਖ਼ਤਮ ਹੋ ਜਾਂਦਾ। ਦੁੱਧ ਘਟ ਜਾਂਦਾ। ਆਮਦਨ ਘਟ ਜਾਂਦੀ। ਸਾਲਾਂ-ਬੱਧੀ ਕੱਟਿਆਂ-ਕੱਟੀਆਂ ਨੂੰ ਅਤੇ ਫੰਡਰ ਮੱਝਾਂ ਨੂੰ ਖੁਰਲੀਆਂ ਉੱਤੇ ਬੰਨ੍ਹ ਕੇ ਪੱਠੇ ਪਾਈ ਜਾਣੇ ਹੁਣ ਫ਼ਜ਼ੂਲ ਜਾਪਦੇ। ਭਾਵੇਂ ਹੋਰ ਲੋੜਾਂ ਨੂੰ ਪਿੱਛੇ ਪਾ ਕੇ ਪਿਤਾ ਜੀ ਨੇ ਬਿਜਲੀ ਨਾਲ ਚੱਲਣ ਵਾਲਾ ਟੋਕਾ ਲੁਆ ਲਿਆ, ਫਿਰ ਵੀ ਕਾਮੇ ਸਾਰਾ ਸਾਰਾ ਦਿਨ ਬਰਸੀਮ ਵੱਢਦੇ ਰਹਿੰਦੇ। ਪੱਠੇ ਫਿਰ ਵੀ ਘਟ ਜਾਂਦੇ। ਪਿਤਾ ਜੀ ਨੌਕਰਾਂ ਉੱਤੇ ਚੜ੍ਹਾਈ ਕਰ ਦਿੰਦੇ। ਉਹ ਪਰਨਾ ਮੋਢਿਆਂ ਉੱਤੇ ਸੁੱਟਦੇ ਅਤੇ ਪਿੰਡ ਨੂੰ ਹੋ ਲੈਂਦੇ।

ਚਾਚਿਆਂ ਤੋਂ ਸਸਤੇ ਠੇਕੇ ਉੱਤੇ ਲਈ ਭੋਏਂ ਵੀ ਹੁਣ ਹੱਥੋਂ ਨਿਕਲ ਗਈ ਸੀ। ਉਹਨਾਂ ਨੇ ਆਪ ਖੇਤੀ ਸ਼ੁਰੂ ਕਰ ਲਈ ਸੀ। ਪੱਠਿਆਂ ਲਈ ਜ਼ਮੀਨ ਘੱਟ ਰਹਿ ਗਈ ਸੀ। ਚੱਪਾ-ਚੱਪਾ ਭੋਏਂ ਹੁਣ ਬੀਜੀ ਜਾਣ ਲੱਗ ਪਈ ਸੀ। ਆਦਤ ਤੋਂ ਮਜਬੂਰ ਪਿਤਾ ਜੀ ਹੁਣ ਵੀ ਮੱਝਾਂ ਛੱਡ ਲੈਂਦੇ। ਛਿੱਲੀਆਂ ਹੋਈਆਂ ਮੱਝਾਂ ਚਾਚਿਆਂ ਦੀਆਂ ਪੈਲੀਆਂ ਵਿੱਚ ਜਾ ਵੜਦੀਆਂ। ਲੜਾਈ ਵਧ ਜਾਂਦੀ। ਚਾਚੇ ਅਤੇ ਉਹਨਾਂ ਦੇ ਮੁੰਡੇ ਡਾਂਗਾਂ ਕੱਢ ਲਿਆਉਂਦੇ। ਵੱਡਾ ਭਰਾ ਪੜ੍ਹ-ਲਿਖ ਕੇ ਨੌਕਰੀ ਲੱਗ ਗਿਆ ਸੀ। ਜਦੋਂ ਆਉਂਦਾ, ਬੈਠ ਕੇ ਸਾਰਾ ਹਿਸਾਬ ਲਾਉਂਦਾ। ਪੱਠਿਆਂ ਦੀ ਬਿਜਾਈ ਦਾ ਖ਼ਰਚ, ਕਾਮਿਆਂ ਦਾ ਖ਼ਰਚ, ਦਾਣਾ, ਪੱਠਾ, ਖਲ਼-ਵੜੇਵੇਂ-ਹਰ ਚੀਜ ਦਾ ਹਿਸਾਬ ਕੀਤਾ ਜਾਂਦਾ। ਪੱਠਿਆਂ ਹੇਠਲੀ ਜ਼ਮੀਨ ਵਿੱਚ ਜੇ ਫ਼ਸਲ ਬੀਜੀ ਜਾਵੇ ਤਾਂ ਕਿੰਨੀ ਆਮਦਨ ਹੋ ਸਕਦੀ ਏ। ਚੌਹਾਂ ਕਾਮਿਆਂ ਵਿਚੋਂ ਜੇ ਦੋ ਹਟਾ ਦਿੱਤੇ ਜਾਣ ਤਾਂ ਖ਼ਰਚੇ ਵਿੱਚ ਕਿੰਨੀ ਕਮੀ ਆ ਸਕਦੀ ਏ। ਉਹ ਪਿਤਾ ਜੀ ਨੂੰ ਬਿਠਾ ਕੇ ਸਮਝਾਉਂਦਾ ਕਿ ਉਹ ਪੱਲਿਉਂ ਪਾ ਰਹੇ ਸਨ। ਪਰ ਪਿਤਾ ਜੀ ਉਲਟਾ ਉਹਦੇ ਕੋਲੋਂ ਕੁਝ ਮੰਗਣ ਲੱਗ ਜਾਂਦੇ। ਉਹਨੂੰ ਉਲ੍ਹਾਮੇ ਦੇਣ ਲੱਗ ਜਾਂਦੇ। ਅਖ਼ੀਰ ਦੋਵੇਂ ਪਿਉ-ਪੁੱਤਰ ਲੜ ਕੇ ਉੱਠ ਖਲੋਂਦੇ।

ਕੱਲਿਆਂ ਤੋਂ ਕੰਮ ਨਾ ਸੰਭਲਦਾ ਹੋਣ ਕਰ ਕੇ ਛੋਟੇ ਨੂੰ ਪਿਤਾ ਜੀ ਹਰ ਦੂਜੇ ਦਿਨ ਘਰ ਰਹਿਣ ਲਈ ਆਖ ਦਿੰਦੇ। ਕਦੀ ਕਾਮਾ ਭੱਜ ਜਾਣ ਕਰ ਕੇ ਪੱਠੇ ਵੱਢਣੇ ਹੁੰਦੇ, ਕਦੀ ਕਿਸੇ ਜਾਅ ਲਈ ਸ਼ਹਿਰੋਂ ਦੁਆਈ ਲਿਆਉਣੀ ਹੁੰਦੀ। ਦੂਜੇ ਦਿਨ ਸਕੂਲ ਜਾਂਦਾ ਤਾਂ ਮਾਸਟਰ ਝਿੜਕਦਾ। ਅਖ਼ੀਰ ਪਿਤਾ ਜੀ ਨੇ ਉਹਨੂੰ ਵੀ ਆਪਣੇ ਨਾਲ ਵਾਹੀ ਵਿੱਚ ਜੋਅ ਲਿਆ ਸੀ। ਟਰੈਕਟਰ ਆਉਣ 'ਤੇ ਦੋ ਜੋਗਾਂ ਵੇਚ ਦਿੱਤੀਆਂ ਗਈਆਂ ਸਨ। ਭਰਾ ਤਾਂ ਦੂਜੀਆਂ ਵੀ ਦੋਵੇਂ ਜੋਗਾਂ ਵੇਚ ਦੇਣਾ ਚਾਹੁੰਦਾ ਸੀ, ਪਰ ਪਿਤਾ ਜੀ ਦਾ ਕਹਿਣਾ ਸੀ ਕਿ ਮਸ਼ੀਨਰੀ ਤਾਂ ਕਿਸੇ ਵੇਲੇ ਵੀ ਖਲੋ ਸਕਦੀ ਏ। ਪਰ ਵਿਹਲੇ ਢੱਗਿਆਂ ਨੂੰ ਪੱਠੇ ਪਾਉਣੇ ਭਰਾ ਨੂੰ ਹੁਣ ਡਾਢੇ ਚੁਭਦੇ। ਭਰਾ ਆਖਦਾ, ਕੱਟੀਆਂ ਸਾਰੀਆਂ ਮਗਰੋਂ ਲਾਹ ਦਿੱਤੀਆਂ ਜਾਣ। ਪਿਤਾ ਜੀ ਆਖਦੇ, ਹੁਣ ਇਹਨਾਂ ਦਾ ਵੱਟਿਆ ਕੁਝ ਨਹੀਂ ਜਾਣਾ। ਭਰਾ ਆਖਦਾ, ਜਦੋਂ ਤਕ ਇਹਨਾਂ ਸੂਣਾ ਏਂ, ਆਪਣੀ ਕੀਮਤ ਤੋਂ ਵੀ ਵੱਧ ਖਾ ਜਾਣਾ ਏਂ। ਘਰ ਵਿੱਚ ਪ੍ਰਤੱਖ ਹੁਣ ਦੋ ਗਰੁੱਪ ਬਣ ਗਏ ਸਨ। ਕਲ੍ਹਾ ਰਹਿਣ ਲੱਗ ਗਈ ਸੀ।

ਪਿਤਾ ਜੀ ਕਿਸੇ ਵਿਆਹ ਗਏ ਹੋਏ ਸਨ। ਪਿੱਛੋਂ ਮੰਡੀ ਲੱਗੀ ਤਾਂ ਦੋ ਲਿਆਰੀਆਂ ਰੱਖ ਭਰਾ ਨੇ ਸਾਰਾ ਮਾਲ ਮੰਡੀ ਭੇਜ ਦਿੱਤਾ ਸੀ। ਪਿਤਾ ਜੀ ਦੇ ਆਉਂਦਿਆਂ ਨੂੰ ਸਭ ਖੁਰਲੀਆਂ ਖ਼ਾਲੀ ਹੋਈਆਂ ਪਈਆਂ ਸਨ। ਇੱਕ ਵਾਰ ਤਾਂ ਉਹਨਾਂ ਦਾ ਮੂੰਹ ਅੱਡੇ ਦਾ ਅੱਡਿਆ ਰਹਿ ਗਿਆ ਸੀ। ਕੁਝ ਦੇਰ ਤਾਂ ਉਹ ਬੋਲ ਹੀ ਨਹੀਂ ਸਨ ਸਕੇ। ਹਉਕਾ ਜਿਹਾ ਭਰਦੇ ਸਿਰ ਸੁੱਟੀ ਮੰਜੀ ਉੱਤੇ ਢਹਿ ਜਿਹੇ ਪਏ ਸਨ।

ਤੂੰ ਮੇਰੇ ਨਾਲ ਸਲਾਹ ਤਾਂ ਕਰ ਲੈਂਦੋਂ। ਰਾਤੀਂ ਪੁੱਤਰ ਨੂੰ ਕੋਲ ਸੱਦਦਿਆਂ ਉਹਨਾਂ ਹੌਲੀ ਜਿਹੇ ਕਿਹਾ। ਭਰਾ ਨੇ ਚੁੱਪ ਰਹਿਣਾ ਚੰਗਾ ਸਮਝਿਆ। ਕਈ ਦਿਨ ਉਹ ਸੁੰਨਮੁੰਨ ਰਹੇ। ਉਹ ਖ਼ਾਲੀ ਖੁਰਲੀਆਂ ਕੋਲ ਜਾ ਕੇ ਖਲੋ ਜਾਂਦੇ। ਕਿੰਨੀ-ਕਿੰਨੀ ਦੇਰ ਕੁਝ ਸੋਚਦੇ ਹੋਏ ਖਲੋਤੇ ਰਹਿੰਦੇ। ਉਹਨਾਂ ਨੂੰ ਜਾਪਦਾ ਜਿਵੇਂ ਉਹਨਾਂ ਦੇ ਜੀਵਨ ਦਾ ਮਕਸਦ ਖ਼ਤਮ ਹੋ ਗਿਆ ਹੋਵੇ। .....ਖੁਰਲੀਆਂ ਖ਼ਾਲੀ....ਮੱਤ ਮਾਰੀ ਗਈ ਏਸ ਮੁੰਡੇ ਦੀ...., ਮੰਜੀ ਉੱਤੇ ਪਏ ਉਹ ਆਪਣੇ ਆਪ ਨਾਲ ਬੜਬੜਾਈ ਜਾਂਦੇ।

(ਬਾਕੀ ਸਫ਼ਾ 31 'ਤੇ)

ਮਿੰਨੀ ਕਹਾਣੀ

ਬਹਾਦਰ ਸਿੰਘ ਗੋਸਲ

# ਬੱਚੇ ਦੀ ਸਿਆਣਪ

ਇੱਕ ਵਾਰ ਇਕ ਦੇਸ਼ ਦੇ ਰਾਜੇ ਦੇ ਘਰ ਕੋਈ ਔਲਾਦ ਨਹੀਂ ਸੀ। ਹਰ ਤਰ੍ਹਾਂ ਦਾ ਉਪਾਅ ਕਰਨ ਨਾਲ ਵੀ ਉਨ੍ਹਾਂ ਦੇ ਘਰ ਬੱਚਾ ਪੈਦਾ ਨਾ ਹੋਇਆ। ਇੱਕ ਦਿਨ ਰਾਜੇ ਨੇ ਜੋਤਸ਼ੀ ਨੂੰ ਕਿਹਾ ਕਿ ਉਹ ਉਸਨੂੰ ਕੋਈ ਉਪਾਅ ਦੱਸੇ ਤਾਂ ਕਿ ਰਾਜ ਨੂੰ ਸਾਂਭਣ ਵਾਲਾ ਕੋਈ ਬੱਚਾ ਉਨ੍ਹਾਂ ਦੇ ਘਰ ਆ ਜਾਵੇ। ਜੋਤਸ਼ੀ ਨੇ ਦੱਸਿਆ, ਤੁਹਾਡੇ ਘਰ ਬੱਚਾ ਪੈਦਾ ਹੋ ਸਕਦਾ ਹੈ, ਜੇਕਰ ਤੁਸੀਂ ਕਿਸੇ ਗ਼ਰੀਬ ਬੱਚੇ ਦੀ ਬਲੀ ਦੇ ਦੇਵੋ। ਪਰ ਇਹ ਬਲੀ ਬੱਚਾ ਆਪਣੀ ਖ਼ੁਸ਼ੀ ਨਾਲ ਦੇਵੇ।' ਰਾਜੇ ਨੂੰ ਅਜਿਹਾ ਬੱਚਾ ਲੱਭਣਾ ਬੜਾ ਮੁਸ਼ਕਿਲ ਲੱਗਦਾ ਸੀ, ਪਰ ਉਸ ਨੇ ਆਪਣੇ ਰਾਜ ਵਿੱਚ ਢੰਡੋਰਾ ਪਿਟਵਾ ਦਿੱਤਾ ਕਿ ਅਜਿਹਾ ਬੱਚਾ ਜੋ ਆਪਣੇ ਆਪ ਖ਼ੁਸ਼ੀ ਨਾਲ ਬਲੀ ਦੇਣ ਲਈ ਤਿਆਰ ਹੋਵੇਗਾ ਤਾਂ ਰਾਜਾ ਉਸਦੇ ਮਾਪਿਆਂ ਨੂੰ ਮੂੰਹ ਮੰਗਿਆ ਇਨਾਮ ਦੇਵੇਗਾ।

ਉਸਦੇ ਰਾਜ ਵਿੱਚ ਹੀ ਇੱਕ ਪਿੰਡ ਵਿੱਚ ਗ਼ਰੀਬ ਬ੍ਰਾਹਮਣ ਰਹਿੰਦਾ ਸੀ ਜਿਸਦੇ ਤਿੰਨ ਪੁੱਤਰ ਸਨ, ਪਰ ਸਭ ਤੋਂ ਛੋਟਾ ਗਿਆਰਾਂ ਸਾਲਾਂ ਦਾ ਪੁੱਤਰ ਬਹੁਤ ਸਾਧਾਰਨ ਅਤੇ ਪ੍ਰਭੂ ਬੰਦਗੀ ਵਿੱਚ ਮਗਨ ਰਹਿੰਦਾ ਸੀ। ਘਰ ਦਾ ਕੋਈ ਕੰਮ-ਕਾਜ ਵੀ ਨਹੀਂ ਕਰਦਾ ਸੀ। ਘਰ ਵਿੱਚ ਅੰਤਾਂ ਦੀ ਗ਼ਰੀਬੀ ਸੀ ਤਾਂ ਉਸਦੇ ਮਾਤਾ-ਪਿਤਾ ਨੇ ਮੂੰਹ ਮੰਗੀ ਮਾਇਆ ਬਦਲੇ ਬੱਚੇ ਨੂੰ ਰਾਜੇ ਨੂੰ ਵੇਚਣ ਦਾ ਮਨ ਬਣਾ ਲਿਆ। ਉਨ੍ਹਾਂ ਨੇ ਬੱਚੇ ਨੂੰ ਕਿਹਾ, ਪੁੱਤਰ, ਜੇ ਤੂੰ ਖ਼ੁਸ਼ੀ-ਖ਼ੁਸ਼ੀ ਬਲੀ ਲਈ ਮੰਨ ਜਾਵੇ ਤਾਂ ਘਰ ਵਿੱਚ ਗ਼ਰੀਬੀ ਖ਼ਤਮ ਹੋ ਜਾਵੇਗੀ। ਮਾਂ-ਪਿਉ ਦੀ ਅਜਿਹੀ ਇੱਛਾ ਜਾਣ ਕੇ ਉਹ ਖ਼ੁਸ਼ੀ-ਖ਼ੁਸ਼ੀ ਮੰਨ ਗਿਆ। ਗ਼ਰੀਬ ਬ੍ਰਾਹਮਣ ਨੇ ਬਹੁਤ ਸਾਰੀ ਦੌਲਤ ਬਦਲੇ ਆਪਣੇ ਬੱਚੇ ਨੂੰ ਬਲੀ ਲਈ ਰਾਜੇ ਕੋਲ ਭੇਜ ਦਿੱਤਾ।

ਜਦੋਂ ਬੱਚਾ ਰਾਜੇ ਕੋਲ ਗਿਆ ਤਾਂ ਰਾਜੇ ਨੇ ਪੁੱਛਿਆ, ਬੇਟਾ! ਤੈਨੂੰ ਪਤਾ ਹੈ ਕਿ ਤੇਰੀ ਬਲੀ ਦਿੱਤੀ ਜਾਣੀ ਹੈ, ਕੀ ਤੂੰ ਇਸ ਲਈ ਤਿਆਰ ਹੈ?' ਬੱਚੇ ਨੇ ਕਿਹਾ, ਹਾਂ ਰਾਜਨ! ਜੇ ਮੇਰੀ ਬਲੀ ਨਾਲ ਤੁਹਾਡੇ ਘਰ ਔਲਾਦ ਹੋ ਸਕਦੀ ਹੈ ਤਾਂ ਮੈਂ ਖ਼ੁਸ਼ੀ-ਖ਼ੁਸ਼ੀ ਬਲੀ ਦੇਣ ਨੂੰ ਤਿਆਰ ਹਾਂ। ਤੁਸੀਂ ਜਲਦੀ ਮੇਰੀ ਬਲੀ ਲੈ ਸਕਦੇ ਹੋ। ਰਾਜਾ ਬੜਾ ਖ਼ੁਸ਼ ਹੋਇਆ ਅਤੇ ਤੁਰੰਤ ਉਸਨੇ ਬੱਚੇ ਦੀ ਬਲੀ ਦਾ ਪ੍ਰਬੰਧ ਕਰਨ ਦਾ ਹੁਕਮ ਦਿੱਤਾ। ਬੱਚੇ ਨੂੰ ਬਲੀ ਵਾਲੀ ਥਾਂ 'ਤੇ ਲਿਜਾਇਆ ਗਿਆ ਅਤੇ ਸਿਰ ਕਲਮ ਕਰਨ ਤੋਂ ਪਹਿਲਾਂ ਰਾਜੇ ਨੇ ਪੁੱਛਿਆ, 'ਬੱਚਾ, ਤੇਰੀ ਕੋਈ ਆਖਰੀ ਇੱਛਾ ਹੈ ਤਾਂ ਸੱਚ-ਸੱਚ ਦੱਸ।' ਬੱਚੇ ਨੇ ਆਪਣੀ ਬੁੱਧੀ ਤੋਂ ਕੰਮ ਲਿਆ ਅਤੇ ਕਿਹਾ, ਹਾਂ ਜੀ, ਮੇਰੀ ਇੱਕ ਆਖ਼ਰੀ ਇੱਛਾ ਹੈ, ਮੈਂ ਮਰਨ ਤੋਂ ਪਹਿਲਾਂ ਨਦੀ 'ਤੇ ਇਸ਼ਨਾਨ ਕਰਨਾ ਚਾਹੁੰਦਾ ਹਾਂ, ਮੈਨੂੰ ਇਸ਼ਨਾਨ ਕਰਾਇਆ ਜਾਵੇ।'

ਬਲੀ ਦੇਣ ਦਾ ਕੰਮ ਰੋਕ ਕੇ ਬੱਚੇ ਨੂੰ ਨਦੀ 'ਤੇ ਲਿਜਾਇਆ ਗਿਆ ਜਿੱਥੇ ਬੱਚੇ ਨੇ ਪਹਿਲਾਂ ਇਸ਼ਨਾਨ ਕੀਤਾ, ਕੱਪੜੇ ਪਾਏ ਅਤੇ ਫਿਰ ਨਦੀ ਕਿਨਾਰੇ ਰੇਤੇ ਨਾਲ ਖੇਡਣ ਲੱਗਿਆ। ਹੁਣ ਉਸਨੇ ਰੇਤ ਦੀਆਂ ਚਾਰ ਢੇਰੀਆਂ ਬਣਾਈਆਂ ਅਤੇ ਫਿਰ ਉਨ੍ਹਾਂ ਵਿਚੋਂ ਤਿੰਨ ਢਾਹ ਦਿੱਤੀਆਂ। ਰਾਜਾ ਕੋਲ ਖੜ੍ਹਾ ਸਭ ਕੁਝ ਦੇਖ ਰਿਹਾ ਸੀ ਤਾਂ ਉਸਨੇ ਬੱਚੇ ਨੂੰ ਪੁੱਛਿਆ, ਬੇਟਾ! ਇਹ ਦੱਸ ਤੂੰ ਪਹਿਲਾਂ ਚਾਰ ਢੇਰੀਆਂ ਬਣਾਈਆਂ ਤੇ ਫਿਰ ਤਿੰਨ ਢਾਹ ਵੀ ਦਿੱਤੀਆਂ। ਇਹ ਚੌਥੀ ਕਿਉਂ ਨਹੀਂ ਢਾਹੀ?' ਬੱਚੇ ਨੇ ਇਸ ਗੱਲ ਦਾ ਉੱਤਰ ਬਹੁਤ ਹੀ ਸਿਆਣਪ ਨਾਲ ਦਿੱਤਾ ਅਤੇ ਦੱਸਿਆ, ਮੈਂ ਪਹਿਲੀ ਢੇਰੀ ਆਪਣੇ ਮਾਂ-ਪਿਓ ਦੇ ਨਾਂ 'ਤੇ ਬਣਾਈ, ਪਰ ਮੇਰੇ ਬਚਾਅ ਲਈ ਉਨ੍ਹਾਂ ਤੋਂ ਕੋਈ ਆਸ ਨਹੀਂ ਸੀ, ਉਨ੍ਹਾਂ ਨੇ ਤਾਂ ਖ਼ੁਦ ਹੀ ਮੈਨੂੰ ਵੇਚਿਆ ਹੈ, ਇਸ ਲਈ ਮੈਂ ਢੇਰੀ ਢਾਹ ਦਿੱਤੀ। ਦੂਜੀ ਢੇਰੀ ਮੈਂ ਦੇਵੀ ਦੇਵਤਿਆਂ ਦੇ ਨਾਂ 'ਤੇ ਬਣਾਈ ਅਤੇ ਆਪਣੀ ਜਾਨ ਬਚਾਉਣ ਲਈ ਉਨ੍ਹਾਂ ਨੂੰ ਯਾਦ ਕੀਤਾ, ਪਰ ਮੇਰੀ ਮਦਦ ਲਈ ਕੋਈ ਨਹੀਂ ਬਹੁੜਿਆ ਤਾਂ ਮੈਂ ਦੂਜੀ ਰੇਤ ਦੀ ਢੇਰੀ ਵੀ ਢਾਹ ਦਿੱਤੀ। ਤੀਜੀ ਢੇਰੀ ਮੈਂ ਦੇਸ਼ ਦੇ ਰਾਜੇ ਦੇ ਨਾਂ ਦੀ ਬਣਾਈ ਜੋ ਪਰਜਾ ਦੀ ਰਖਵਾਲੀ ਕਰਦਾ ਏ, ਪਰ ਉਹ ਤਾਂ ਮੇਰੀ ਜਾਨ ਲੈਣ ਲਈ ਕਾਹਲਾ ਹੈ, ਇਸ ਲਈ ਮੈਂ ਤੀਜੀ ਢੇਰੀ ਵੀ ਢਾਹ ਦਿੱਤੀ। ਚੌਥੀ ਢੇਰੀ ਮੈਂ ਆਪਣੇ ਪ੍ਰਭੂ ਪਰਮਾਤਮਾ ਦੇ ਨਾਂ ਬਣਾਈ ਹੈ ਅਤੇ ਉਸ ਨੂੰ ਅਰਦਾਸ ਕੀਤੀ ਹੈ ਕਿ ਹੁਣ ਤੱਕਿਆ ਸਹਾਰਾ ਤੇਰੇ ਨਾਮ ਦਾ ਹੋਰ ਸਭੇ ਢਾਹੀਆਂ ਢੇਰੀਆਂ।' ਹੁਣ ਇਕੋ ਇੱਕ ਆਸਰਾ ਉਸ ਪਰਮਾਤਮਾ ਦਾ ਹੈ ਜੇ ਉਹ ਵੀ ਮੈਨੂੰ ਨਹੀਂ ਬਚਾ ਸਕਦਾ ਤਾਂ ਤੁਸੀਂ ਜੋ ਮਰਜ਼ੀ ਕਰਨਾ।' ਇੰਨਾ ਕਹਿ ਬੱਚਾ ਚੁੱਪ ਕਰ ਗਿਆ। ਇਹ ਸੁਣ ਰਾਜੇ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ ਅਤੇ ਉਸਨੇ ਬੱਚੇ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ ਅਤੇ ਕਿਹਾ, ਪੁੱਤਰ! ਤੂੰ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ, ਹੁਣ ਮੈਨੂੰ ਔਲਾਦ ਦੀ ਲੋੜ ਨਹੀਂ, ਤੂੰ ਹੀ ਮੇਰਾ ਪਿਆਰਾ ਪੁੱਤਰ ਏ, ਅੱਜ ਤੋਂ ਤੂੰ ਰਾਜ ਕੁਮਾਰ ਏ, ਇਹ ਸਭ ਰਾਜ ਭਾਗ ਤੇਰਾ ਏ, ਮੇਰੀ ਮੌਤ ਤੋਂ ਬਾਅਦ ਤੂੰ ਰਾਜਾ ਹੋਵੇਗਾ।'

ਇਸ ਤਰ੍ਹਾਂ ਹੀ ਹੋਇਆ ਕਿ ਰਾਜੇ ਦੀ ਮੌਤ ਤੋਂ ਬਾਅਦ ਉਹ ਬੱਚਾ ਉਸ ਦੇਸ਼ ਦਾ ਰਾਜਾ ਬਣ ਗਿਆ। ਉਸਨੇ ਸੱਚ ਅਤੇ ਇਨਸਾਫ ਦਾ ਰਾਜ ਦਿੱਤਾ ਅਤੇ ਸਭ ਲੋਕ ਉਸਦੀ ਸਿਆਣਪ ਦੇ ਕਾਇਲ ਸਨ। ਉਹ ਉਸਦੇ ਹਰ ਹੁਕਮ 'ਤੇ ਫੁੱਲ ਚੜ੍ਹਾਉਂਦੇ ਸਨ।

# ਮੇਰੀ ਕਲਮ

## ਨਸ਼ੇ ਦਾ ਜਵਾਬ
ਗੌਰਵ ਧੀਮਾਨ



ਇੱਕ ਵਾਰ ਨਸ਼ੇ ਨੇ ਕਿਹਾ,
ਤੂੰ ਕਮਲਿਆ ਸੁਧਰਦਾ ਕਿਉਂ ਨਹੀਂ।
ਜਿੰਦਗੀ ਖਰਾਬ ਪੀ ਡਿੱਗ ਪੈਂਦਾ,
ਘਰ ਕਦੇ ਵੀ ਤੂੰ ਮੁੜਦਾ ਕਿਉਂ ਨਹੀਂ।

ਤੂੰ ਕਿੱਥੋਂ ਸਮਝੇਗਾ ਮਹਾਰਾਜ,
ਦੁੱਖ ਸਾਰਾ ਮੇਰਾ ਤੂੰ ਦੂਰ ਰਿਹਾ ਕਰਦਾ।
ਭਾਵੇਂ ਤੂੰ ਮੰਦਾ ਆਖ ਬੁਲਾ ਮੈਨੂੰ,
ਇਹ ਬੰਦਾ ਅੱਜ ਕਿਸੇ ਤੋਂ ਨਹੀਂ ਡਰਦਾ।

ਮੈ ਮੰਨਦਾ ਮੈ ਬਹੁਤ ਬੁਰਾ ਸਾਥੀ,
ਮੇਰਾ ਨਹੀਂ ਕਸੂਰ ਐ ਦੁਨੀਆ ਚਲਾਕੀ।
ਤੂੰ ਨਸ਼ੇ ਦੇ ਲੜ੍ਹ ਲੱਗ ਰਿਹਾ ਰੁੱਲਦਾ,
ਇੱਕ ਵਾਰ ਫਿਰ ਸੋਚਲੈ ਨਾ ਮਿਲੁ ਆਜ਼ਾਦੀ।

ਨਾ ਸਮਝਾ ਯਾਰ ਦਿਲ ਦੁੱਖ ਬੜੇ ਨੇ,
ਦਿਲ ਨੇ ਹੀ ਧੱਕੇ ਖਾਦੇ ਅੱਜ ਰਹਿ ਖੜ੍ਹੇ ਨੇ।
ਨਸ਼ੇ ਨੂੰ ਤਾਂ ਮੈ ਆਪਣਾ ਯਾਰ ਮੰਨਦਾ,
ਜਿੱਥੇ ਆਪਣੇ ਛੱਡ ਜਾਣ ਉੱਥੇ ਸੁੱਖ ਮਰੇ ਨੇ।

ਤੇਰੀ ਤਕਲੀਫ਼ ਵੀ ਮੈ ਸਮਝ ਸਕਦਾ,
ਨਾ ਯਾਰ ਇਨ੍ਹਾਂ ਨਸ਼ਾ ਨਾ ਕਰ ਮਰ ਜਾਏਂਗਾ।
ਘਰ ਪਰਿਵਾਰ ਨੂੰ ਦੇ ਸਮਾਂ ਦੁੱਖ ਵੀ ਦੂਰ,
ਗੌਰਵ ਦੇ ਰੰਗ ਨੂੰ ਨਸ਼ਾ ਵਿਰੋਧ ਮੁਕਤ ਪਾਵੇਂਗਾ।

## ਦਰਦ ਸੁਣਾਵਣ ਅੱਖੀਆਂ
ਡਾ: ਸਤਿੰਦਰਜੀਤ ਕੌਰ

ਮਾਏ ਨੀ
ਮਾਏ ਨੀ! ਦਰਦ ਸੁਣਾਵਣ ਅੱਖੀਆਂ।
ਮਾਏ ਨੀ! ਵਰ੍ਹਦਾ ਸਾਵਣ ਅੱਖੀਆਂ।
ਉਹਦੇ ਪਿਆਰ ਨੂੰ ਯਾਦ ਕਰਦਿਆਂ,
ਛਮ ਛਮ ਨੀਰ ਵਹਾਵਣ ਅੱਖੀਆਂ
ਮਾਏ ਨੀ! ਨੀਂਦ ਚੁਰਾਵਣ ਅੱਖੀਆਂ।
ਜਿਸ ਪਲ ਉਹ ਨਜ਼ਰੀਂ ਨਾ ਆਵੇ,
ਹੰਝੂਆਂ ਵਿੱਚ ਢਲ ਜਾਵਣ ਅੱਖੀਆਂ
ਮਾਏ ਨੀ! ਪੀੜ ਸੁਣਾਵਣ ਅੱਖੀਆਂ।
ਰੁੱਸ ਕੇ ਉਹ ਤਾਂ ਦੂਰ ਤੁਰ ਗਿਆ ,
ਰਾਤਾਂ ਕਿੰਝ ਲੰਘਾਵਣ ਅੱਖੀਆਂ।
ਮਾਏ ਨੀ! ਦਰਦ ਸੁਣਾਵਣ ਅੱਖੀਆਂ।
ਬਿਨ ਬੋਲੇ ਹੀ ਸਭ ਕੁਝ ਆਖਣ,
ਬਿਨ ਸ਼ਬਦਾਂ ਤੋਂ ਗਾਵਣ ਅੱਖੀਆਂ
ਮਾਏ! ਨਾ ਦਰਦ ਭੁਲਾਵਣ ਅੱਖੀਆਂ।
ਨਿੱਕੀ ਉਮਰੇ ਦਰਦ ਪਰਾਗਾ
ਬੁੱਟਰ ਝੋਲੀ ਪਾਵਣ ਅੱਖੀਆਂ
ਮਾਏ! ਸੁਣੀਂ! ਸੁਣਾਵਣ ਅੱਖੀਆਂ।



## ਸਮੁੰਦਰਾ ਪਿਆਰਿਆ
ਸਰਬਜੀਤ ਕੌਰ ਪੀ ਸੀ

ਤੈਨੂੰ ਤੱਕ ਮੈਨੂੰ ਇੰਝ ਲੱਗਦਾ ।
ਜਿੱਦਾਂ ਤੈਨੂੰ ਧਰਤੀ 'ਤੇ, ਔਰਤ ਨੇ ਜਣਿਆ ।
ਗੁੱਸਾ ਨਾ ਕਰੀਂ ਤੂੰ, ਸਮੁੰਦਰਾ ਪਿਆਰਿਆ ।
ਮੈਨੂੰ ਲੱਗਦਾ ਤੂੰ, ਉਹਦੇ ਅੱਥਰੂਆਂ ਤੋਂ ਬਣਿਆ ।

ਜਦੋਂ ਔਰਤ ਦੇ ਜਾਏ, ਕੁੱਖ ਵਿੱਚ ਧੀ ਨੂੰ ਵੱਢਦੇ ਹੋਣੇ ।
ਕੂਲ਼ੇ ਅੰਗ, ਚਤੁਰਾਈ ਸਮਝ ਕੁਤਰ, ਮਾਂ ਢਿੱਡੋਂ ਕੱਢਦੇ ਹੋਣੇ ।
ਜਦੋਂ ਦੁੱਖਾਂ ਨਾਲ ਭਰਿਆ, ਗ਼ੁਬਾਰ ਵਗਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।

ਜਦੋਂ ਪੜ੍ਹਨ ਜਾਂਦੀ ਧੀ ਨੂੰ , ਦਰਿੰਦਿਆਂ ਨੇ ਖੋਹਿਆ ਹੋਣਾ ।
ਜਿਸ ਮੋਈ ਵੇਖ, ਮਾਂ ਪਿਉ ਤੇ ਭਰਾ ਰੋਇਆ ਹੋਣਾ ।
ਤੇਰਾ ਸੀਨਾ ਦੁਸ਼ਮਨ ਦਾ ਪਾਣੀ ਨਸ਼ਟ ਕਰਨ ਲਈ,
ਜਦੋਂ ਉਹਨਾਂ ਲੂਣੇ ਅੱਥਰੂਆਂ ਨਾਲ ਮਿਲਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।

ਜਦੋਂ ਕਿੱਕਰਾਂ, ਟਾਹਲੀਆਂ ਵੱਢ, ਸੇਜਾਂ ਬਣੀਆਂ ਹੋਣੀਆਂ ।
ਜਦੋਂ ਆਰੀਆਂ ਚੱਲਣ ਵੇਲੇ, ਪੱਤਿਆਂ 'ਤੇ ਟਾਹਣਿਆਂ 'ਤੇ,
ਮੁਸੀਬਤਾਂ ਬਣੀਆਂ ਹੋਣੀਆਂ ।
ਜਦੋਂ ਰੁੱਖਾਂ ਦੇ ਪੱਤਿਆਂ 'ਚੋਂ, ਦੁੱਧ ਬਣ ਨੀਰ ਰੁੜ੍ਹਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ ।

ਜਦੋਂ ਕਾਰਖਾਨਿਆਂ, ਭੱਠਿਆਂ ਨੇ ਧੂੰਆਂ ਕੱਢਿਆ ਹੋਣਾ ।
ਜਦੋਂ ਫੈਕਟਰੀਆਂ ਨੇ ਗੰਦਾ ਮੰਦਾ ਪਾਣੀ,
ਨਦੀਆਂ ਤੇ ਨਹਿਰਾਂ ਵੱਲ ਛੱਡਿਆ ਹੋਣਾ ।
ਧਰਤੀ ਦੇ ਪਿਆਰ ਵਿੱਚ, ਜਦੋਂ ਤੂੰ ਅੱਗੇ,
ਆਪਣਾ ਸੀਨਾ ਕਰਿਆ ਹੋਣਾ ।
ਮੈਨੂੰ ਲੱਗਦਾ ਸਮੁੰਦਰਾ, ਜਾਂ ਤੂੰ ਉਦੋਂ ਬਣਿਆ ਹੋਣਾ।

## ਚੁੱਪ ਦਾ ਵਪਾਰ
ਗੁਰਪ੍ਰੀਤ ਕੌਰ

ਐ ਵਕਤ
ਸੁਣ
ਨਜ਼ਰ ਮਿਲਾ
ਅੱਖ ਫੇਰ ਕੇ ਨਾ ਜਾ

ਰੁੱਕ
ਤੱਕ
ਮੇਰੀ ਨਜ਼ਰ ਬੇਪਰਵਾਹ

ਸੋਚ
ਵਿਚਾਰ
ਨਕਸ਼ ਸਵਾਰ
ਕੁੱਝ ਤੇ ਬੋਲ
ਬੰਦ ਕਰ
ਚੁੱਪ ਦਾ ਵਪਾਰ!



## ਅੱਜ ਵੀ ਇੱਕ ਇੱਕ ਛੱਲ ਝਨਾਂ ਦੀ
ਇਰਸ਼ਾਦ ਸੰਧੂ

ਅੱਜ ਵੀ ਇੱਕ ਇੱਕ ਛੱਲ ਝਨਾਂ ਦੀ
ਦਸਦੀ ਪਈ ਏ ਗੱਲ ਝਨਾਂ ਦੀ
ਮੇਰਾ ਨਾਂ ਮਹੀਂਵਾਲ ਜੇ ਹੋਂਦਾ
ਲਾਹ ਦੇਂਦਾ ਮੈਂ ਖੱਲ ਝਨਾਂ ਦੀ
ਲੇਖਾ ਤੇਰੇ ਨਾਲ ਪਈ ਮਿਲਦੀ
ਪਿੱਛੋਂ ਕਿਧਰੇ ਅੱਲ ਝਨਾਂ ਦੀ
ਮੈਂ ਕੱਢਣੀ ਏ ਵਿੱਚੋਂ ਸੋਹਣੀ
ਮੈਨੂੰ ਮਿੱਟੀ ਘੱਲ ਝਨਾਂ ਦੀ
ਅੱਜ ਵੇਖੀ ਏ ਘੱਟੇ ਰੁਲਦੀ
ਆਕੜ ਸੀ ਜੋ ਕੱਲ੍ਹ ਝਨਾਂ ਦੀ



## ਹਵਾ ਕੀ ਕਰ ਲਊਗੀ ਚਿਹਰਿਆਂ 'ਤੇ ਧੂੜ ਪਾ ਕੇ
ਸੁਖਵਿੰਦਰ ਅੰਮ੍ਰਿਤ

ਹਵਾ ਕੀ ਕਰ ਲਊਗੀ ਚਿਹਰਿਆਂ 'ਤੇ ਧੂੜ ਪਾ ਕੇ
ਤੂੰ ਅਪਣੀ ਆਤਮਾ ਦਾ ਹੁਸਨ ਬਸ ਰੱਖੀਂ ਬਚਾ ਕੇ
ਮੇਰਾ ਮੱਥਾ ਉਸੇ ਦੀਵਾਰ ਵਿੱਚ ਫਿਰ ਜਾ ਕੇ ਵੱਜਿਆ
ਮੈਂ ਜਿਸ ਤੋਂ ਬਚਣ ਲਈ ਕੋਹਾਂ ਦਾ ਲੰਘੀ ਗੇੜ ਪਾ ਕੇ
ਬਖੇੜਾ ਪਾਣੀਆਂ ਦੀ ਵੰਡ ਦਾ ਮੁੱਕਿਆ ਨਹੀਂ ਸੀ
ਤੇ ਹੁਣ ਉਹ ਬਹਿ ਗਏ ਅਪਣੇ ਲਹੂ ਵਿੱਚ ਲੀਕ ਪਾ ਕੇ
ਮੈਂ ਫਿਰ ਤਰਤੀਬ ਵਿੱਚ ਰੱਖੇ ਨੇ ਟੁਕੜੇ ਜ਼ਿੰਦਗੀ ਦੇ
ਹਵਾ ਨੇ ਫੇਰ ਮੈਨੂੰ ਦੇਖਿਆ ਹੈ ਮੁਸਕਰਾ ਕੇ
ਤੁਸੀਂ ਵੀ ਉਸ ਦੀਆਂ ਗੱਲਾਂ 'ਚ ਆ ਗਏ ਹੱਦ ਹੋ ਗਈ
ਉਹ ਜੰਗਲ ਫੂਕ ਦਿੰਦਾ ਹੈ ਅਗਰਬੱਤੀ ਜਲਾ ਕੇ
ਤੇਰੀ ਜਾਦੂਗਰੀ ਦਾ ਸ਼ਹਿਰ ਵਿੱਚ ਚਰਚਾ ਬੜਾ ਹੈ
ਤੂੰ ਰੱਖ ਦਿੰਦਾ ਹੈਂ ਹਰ ਇਕ ਲਹਿਰ ਨੂੰ ਰੇਤਾ ਬਣਾ ਕੇ
ਤੂੰ ਆਪਣੀ ਪਿਆਸ ਦੇ ਟੁਕੜੇ ਹੀ ਕਿਉਂ ਨੀਂ ਜੋੜ ਲੈਂਦਾ
ਕੀ ਮੁੜ ਮੁੜ ਦੇਖਦਾ ਹੈਂ ਪਾਣੀਆਂ ਵਿੱਚ ਲੀਕ ਪਾ ਕੇ
ਮੇਰੇ ਮਨ ਦੀ ਜਵਾਲਾ ਨੇ ਉਦੋਂ ਹੀ ਸ਼ਾਂਤ ਹੋਣਾ
ਜਦੋਂ ਲੈ ਜਾਣਗੇ ਪਾਣੀ ਮੇਰੀ ਮਿੱਟੀ ਵਹਾ ਕੇ
ਉਹਦੇ ਬੋਲਾਂ ਦੀਆਂ ਜ਼ੰਜੀਰੀਆਂ ਜੇ ਤੋੜ ਦੇਵਾਂ
ਉਹ ਮੈਨੂੰ ਪਕੜ ਲੈਂਦਾ ਹੈ ਨਜ਼ਰ ਦਾ ਜਾਲ ਪਾ ਕੇ

## ਚੰਬੇ ਦਾ ਫੁੱਲ
ਸ਼ਿਵ ਕੁਮਾਰ ਬਟਾਲਵੀ



ਅੱਜ ਇੱਕ ਚੰਬੇ ਦਾ ਫੁੱਲ ਮੋਇਆ
ਗਲ ਪੌਣਾਂ ਦੇ ਪਾ ਕੇ ਬਾਹੀਂ
ਗੋਰਾ ਚੇਤਰ ਛਮ ਛਮ ਰੋਇਆ
ਅੱਜ ਇੱਕ ਚੰਬੇ ਦਾ ਫੁੱਲ ਮੋਇਆ

ਚੇਤਰ ਦੇ ਬੁੱਲ੍ਹ ਨੀਲੇ ਨੀਲੇ
ਮੁੱਖੜਾ ਵਾਂਗ ਵਸਾਰਾਂ ਹੋਇਆ
ਨੈਣੀਂ ਲੱਖ ਮਾਤਮੀ ਛੱਲੇ
ਗਲ੍ਹ ਵਿੱਚ ਪੈ ਪੈ ਜਾਵੇ ਟੋਇਆ
ਅੱਜ ਇੱਕ ਚੰਬੇ ਦਾ ਫੁੱਲ ਮੋਇਆ

ਅੱਧੀ ਰਾਤੀਂ ਰੋਵੇ ਚੇਤਰ
ਪੌਣਾਂ ਦਾ ਦਿਲ ਜ਼ਖ਼ਮੀ ਹੋਇਆ
ਡੂੰਘੇ ਵੈਣ ਬੜੇ ਦਰਦੀਲੇ
ਸੁਣ ਕੇ ਸਾਰਾ ਆਲਮ ਰੋਇਆ
ਅੱਜ ਇੱਕ ਚੰਬੇ ਦਾ ਫੁੱਲ ਮੋਇਆ

ਲੱਖ ਚੇਤਰ ਨੂੰ ਦੇਵਾਂ ਮੱਤੀਂ
ਰਾਮ ਵੀ ਮੋਇਆ ਰਾਵਣ ਮੋਇਆ
ਤਾਂ ਕੀ ਹੋਇਆ ਜੇ ਇੱਕ ਤੇਰਾ
ਸਮਿਆਂ ਟਾਹਣਾਂ ਤੋਂ ਫੁੱਲ ਖੋਹਿਆ
ਅੱਜ ਇੱਕ ਚੰਬੇ ਦਾ ਫੁੱਲ ਮੋਇਆ

ਪਰ ਚੇਤਰ ਤਾਂ ਡਾਢਾ ਭਰਮੀ
ਉਸ ਪੁਰ ਰੱਤੀ ਅਸਰ ਨਾ ਹੋਇਆ
ਪੈ ਪੈ ਜਾਣ ਨੀ ਦੰਦਲਾਂ ਉਹਨੂੰ
ਅੰਬਰ ਮੂੰਹ ਵਿੱਚ ਚਾਨਣ ਚੋਇਆ
ਅੱਜ ਇੱਕ ਚੰਬੇ ਦਾ ਫੁੱਲ ਮੋਇਆ
ਗਲ ਪੌਣਾਂ ਦੇ ਪਾ ਕੇ ਬਾਹੀਂ
ਗੋਰਾ ਚੇਤਰ ਛਮ ਛਮ ਰੋਇਆ
ਅੱਜ ਇੱਕ ਚੰਬੇ ਦਾ ਫੁੱਲ ਮੋਇਆ



## ਮੈ ਝੱਲੀ ਦੀਆਂ ਛੱਡ ਦੇ ਫ਼ਿਕਰਾਂ
ਸਰਬਜੀਤ ਕੌਰ ਹਾਜੀਪੁਰ



ਮੈ ਝੱਲੀ ਦੀਆਂ ਛੱਡ ਦੇ ਫ਼ਿਕਰਾਂ
ਕੀ ਦੇਣਾ ਅੱਕ ਦੀ ਰਾਖੀ ਨੇ
ਕਿਉਂ ਹਵਾ ਨੂੰ ਪੁੱਛ ਰਿਹਾ ਏ
ਕਿੰਨੇ ਸਾਹ ਅਜੇ ਬਾਕੀ ਨੇ?
ਸਾਡੇ ਲੇਖਾਂ ਲਈ ਤਾਂ ਅੱਜਕਲ੍ਹ
ਬੀਆਬਾਨ ਬਹਾਰਾਂ ਨੇ
ਹਵਾ ਹਨੇਰੀ ਪਤਝੜ ਰੁੱਤਾਂ
ਮੈ ਤੱਤੜੀ ਦੇ ਸਾਥੀ ਨੇ
ਚਾਨਣ ਮੇਰਾ ਮੁਢੋਂ ਵੈਰੀ
ਰੋਸ਼ਨੀਆਂ ਤੋਂ ਨਫ਼ਰਤ ਏ
ਚੰਨ ਤਾਰੇ ਤੇ ਕਾਲੀਆਂ ਰਾਤਾਂ
ਕਰਦੇ ਮੇਰੀ ਰਾਖੀ ਨੇ
ਤੇਰੇ ਕੀ ਦੱਸ ਪੱਲੇ ਪਾਉਣਾ
ਇਹ ਤਾਂ ਮੇਰੀਆਂ ਸੂਹਾਂ ਲੈਣ ਲਈ
ਜੋ ਚੌਂਕੀ ਭਰਦੇ ਗੈਰਾਂ ਦੀ
ਕਮਲਾ ਕਰ ਕੇ ਰੱਖ ਦੇਣਾ ਹੈ
ਮੇਰੀ ਇਕੋ ਝਾਤੀ ਨੇ
ਆਓ ਸਖੀਓ.. ਮਲੋ ਨੀ ਵਟਣਾ
ਚਮਕਾ ਮੈ ਵੀ ਚੰਨ ਵਾਂਗੂ
ਮੈ ਲਾੜੀ ਨੇ ਮੌਤ ਵਿਆਹੁਣੀ
ਸਭ ਹਾਜੀਪੁਰੀਏ ਬਰਾਤੀ ਨੇ!!

## ਮੈਂ ਲਿਖੀ ਕਵਿਤਾ
ਸਿਮਬਰਨ ਕੌਰ ਸਾਬਰੀ

ਮੈਂ ਲਿਖੀ ਕਵਿਤਾ
ਮੈਂ ਪੜ੍ਹੀ ਕਵਿਤਾ
ਤੇਰੇ ਸਾਹਮਣੇ ਹਾਂ
ਮੈਂ ਖੜੀ ਕਵਿਤਾ

ਮੇਰੀ ਜ਼ਿੰਦਗੀ ਦੇ ਪੰਨੇ
ਪਲਟਨੇ ਜਦੋਂ
ਬਾਂਹ ਘੁੱਟ ਕੇ ਮੇਰੀ
ਫੜੀਂ ਕਵਿਤਾ

ਮਕਸੂਦ ਮੇਰਾ
ਤੈਨੂੰ ਸੀਨੇ ਲਾ ਰੱਖਣਾ
ਮੈਨੂੰ ਆਪਣੇ ਤੋਂ
ਜੁਦਾ ਨਾ ਕਰੀਂ ਕਵਿਤਾ

ਮੇਰੇ ਅੰਦਰ ਕਵਿਤਾ
ਮੇਰੇ ਬਾਹਰ ਕਵਿਤਾ

ਮੇਰੇ ਹਰਫ਼ਾਂ ਨਾ ਕਰ
ਪਿਆਰ ਕਵਿਤਾ

ਮੇਰੀ ਮੁਹੱਬਤ
ਮੇਰਾ ਪਿਆਰ ਕਵਿਤਾ
ਮੇਰੀ ਰੂਹ ਤੋਂ ਹੁੰਦੀ ਹੈ
ਤਿਆਰ ਕਵਿਤਾ

ਤੇਰੇ ਬਾਝੋਂ ਹੋਇਆ
ਮੈਂ ਬੇਹਾਲ ਕਵਿਤਾ
ਮੇਰਾ ਇਸ਼ਕ ਏ ਤੇਰੇ
ਨਾਲ ਕਵਿਤਾ

ਕਰਾਂ ਮੈਂ ਇਹਨਾਂ ਅੱਖਰਾਂ ਦੀ
ਸੈਰ ਕਵਿਤਾ
ਮੇਰੇ ਖਿਆਲਾਂ ਵਿੱਚ ਆਵੀਂ
ਫੇਰ ਕਵਿਤਾ

# ਕੀ ਡੋਪਿੰਗ ਦੀ ਮਾਰ ਤੋਂ ਬਚੇਗੀ ਪੈਰਿਸ ਉਲੰਪਿਕ?






ਆਪਣੇ ਖੇਡ ਪ੍ਰਦਰਸ਼ਨ ਨੂੰ ਵਧਾਉਣ ਲਈ ਖਿਡਾਰੀਆਂ ਵੱਲੋਂ ਕਿਸੇ ਖੇਡ ਮੁਕਾਬਲੇ ਦੌਰਾਨ ਕੀਤੀ ਜਾਂਦੀ ਡੋਪਿੰਗ ਬਾਰੇ ਓਮਨੀ ਨਾਮ ਦੇ ਇੱਕ ਕੌਮਾਂਤਰੀ ਰਸਾਲੇ ਨੇ ਕਈ ਸਾਲ ਪਹਿਲਾਂ ਫ਼ਿਕਰ ਕਰਨ ਵਾਲੀ ਭਵਿੱਖਬਾਣੀ ਕੀਤੀ ਸੀ ਕਿ 2088 ’ਚ ਹੋਣ ਵਾਲੀਆਂ ਉਲੰਪਿਕ ਖੇਡਾਂ ਵਿਚ ਸ਼ੌਕੀਆ ਖਿਡਾਰੀਆਂ ਦੇ ਨਾਲ ਨਾਲ ਪੇਸ਼ੇਵਰ ਖਿਡਾਰੀ ਵੀ ਉਲੰਪਿਕ ਖੇਡਾਂ ਵਿਚ ਭਾਗ ਲੈ ਸਕਣਗੇ ਅਤੇ ਇਨ੍ਹਾਂ ਉਲੰਪਿਕ ਖੇਡਾਂ ’ਚ ਡੋਪਿੰਗ ਦਾ ਸੇਵਨ ਕਰਕੇ ਖੇਡਣ ਵਾਲੇ ਅਤੇ ਜੇਤੂ ਹੋਣ ਵਾਲੇ ਸਾਰੇ ਖਿਡਾਰੀ ਯੋਗ ਉਲੰਪੀਅਨ ਮੰਨੇ ਜਾਣਗੇ। ਖਿਡਾਰੀ ਦੇ ਸਰੀਰ ’ਤੇ ਮਾਰੂ ਅਸਰ ਕਰਨ ਵਾਲੀ ਸਟੈਨੋਜ਼ੋਲ ਸਟੀਰੋਇਡ ਦੀ ਜਗਾ ਕੋਈ ਸੁਪਰ ਜੂਸ ਨਾਮ ਦਾ ਰਸਾਇਣਿਕ ਘੋਲ ਕੰਮ ਕਰੇਗਾ। ਜਿਹਦੇ ਨਾਲ ਖਿਡਾਰੀ ਦੀ ਤਾਕਤ ਵਧੇਗੀ। ਹੈਮੋਕਾਰਟ ਨਾਮ ਦਾ ਕੈਪਸੂਲ ਲੈਣ ਨਾਲ ਖਿਡਾਰੀ ਦੇ ਖ਼ੂਨ ਅੰਦਰ ਲਾਲ ਰਕਤਾਣੂਆਂ ਭਰਮਾਰਤਾ ਹੋ ਜਾਵੇਗੀ।

ਇਹ ਕੈਪਸੂਲ ਖਿਡਾਰੀ ਦੇ ਸਰੀਰ ਵਿੱਚ ਐਨਾ ਖ਼ੂਨ ਪੈਦਾ ਕਰ ਦੇਵੇਗਾ ਕਿ ਖਿਡਾਰੀਆਂ ਵੱਲੋਂ ਕੀਤੀ ਜਾਂਦੀ ‘ਬਲੱਡ ਡੋਪਿੰਗ’ ਵੇਲਾ ਵਿਹਾ ਚੁੱਕੀ ਵਿਧੀ ਲੱਗੇਗੀ। ਰਸਾਇਣੀ-ਮਾਹਿਰ ਵਿਗਿਆਨੀ ਇਹੋ ਜਿਹੇ ਐਥਲੀਟ ਬਣਾ ਦੇਣਗੇ ਕਿ ਜਿਨ੍ਹਾਂ ਦੀ ਕਾਰਗੁਜ਼ਾਰੀ ਕਲਪਨਾ ਤੋਂ ਪਰੇ ਹੋਵੇਗੀ। ਡੋਪਿੰਗ ਨਾਲ ਸਬੰਧਿਤ ਇਹੋ ਜਿਹੀਆਂ ਭਵਿੱਖਬਾਣੀਆਂ ਬਾਰੇ ਪੜ੍ਹ ਕੇ ਖੇਡ ਮਾਹਿਰ, ਖੇਡ ਲੇਖਕ ਤੇ ਖੇਡ ਪਾਠਕ ਫ਼ਿਕਰਮੰਦ ਨੇ ਕਿ ਇਸ ਸਾਲ 25 ਜੁਲਾਈ ਤੋਂ 11 ਅਗਸਤ 2024 ਤੱਕ ਫ਼ਰਾਂਸ ਦੀ ਰਾਜਧਾਨੀ ਪੈਰਿਸ ਵਿਖੇ ਹੋਣ ਜਾ ਰਹੀਆਂ ਤੇਤੀਵੀਆਂ ਉਲੰਪਿਕ ਖੇਡਾਂ ਕੀ ਡੋਪਿੰਗ ਦੀ ਮਾਰ ਤੋਂ ਬਚ ਸਕਣਗੀਆਂ ? ਜਿਉਂ-ਜਿਉਂ ਪੈਰਿਸ ਉਲੰਪਿਕ ਖੇਡਾਂ ਦੇ ਦਿਨ ਨੇੜੇ ਆ ਰਹੇ ਨੇ ਤਿਉਂ-ਤਿਉਂ ਹੀ ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਵਾਲੇ ਉਹ ਖਿਡਾਰੀ ਫ਼ਿਕਰਮੰਦ ਨੇ ਜਿਹੜੇ ਬਿਨਾ ਕਿਸੇ ਡੋਪਿੰਗ ਦੇ ਸਹਾਰੇ ਤੋਂ ਸਿਰਫ਼ ਆਪਣੀ ਮਿਹਨਤ ਨਾਲ ਦਿਖਾਏ ਜਾਣ ਵਾਲੇ ਖੇਡ ਪ੍ਰਦਰਸ਼ਨ ਨਾਲ ਜੇਤੂ ਹੋਣ ਬਾਰੇ ਸੋਚ ਰਹੇ ਨੇ।



ਖੇਡਾਂ ਦੀ ਦੁਨੀਆਂ ਵਿੱਚ ਡੋਪਿੰਗ ਦਾ ਪਹਿਲਾ ਮਾਮਲਾ 1960 ਦੀਆਂ ਰੋਮ ਉਲੰਪਿਕ ਖੇਡਾਂ ਦੌਰਾਨ ਡੈਨਮਾਰਕ ਦੇ ਸਾਈਕਲਿਸ ਕੁਰਤ ਜੈਕਸ਼ਨ ਦਾ ਆਇਆ। ਜਿਸ ਨੇ ਇਨ੍ਹਾਂ ਖੇਡਾਂ ਵਿੱਚ ਨਸ਼ੀਲੇ ਪਦਾਰਥ ਦਾ ਸੇਵਨ ਕਰਕੇ ਸਾਈਕਲਿੰਗ ਕੀਤੀ ਤੇ ਉਹ ਸਾਈਕਲ ਟਰੈਕ ਵਿੱਚ ਹੀ ਦਮ ਤੋੜ ਗਿਆ। ਡੋਪਿੰਗ ਦਾ ਸਭ ਤੋਂ ਵੱਧ ਮਸ਼ਹੂਰ ਮਾਮਲਾ 1988 ਦੀਆਂ ਸਿਓਲ ਉਲੰਪਿਕ ਖੇਡਾਂ ਦੌਰਾਨ ਕੈਨੇਡਾ ਦੇ ਫਰਾਟਾ ਦੌੜਾਕ ਬੈਨ ਜੌਹਨਸਨ ਦਾ ਹੋਇਆ ਜਿਸ ਨੇ ਮਾਸ ਪੱਠਿਆਂ ਦੀ ਤਾਕਤ ਵਧਾਉਣ ਲਈ ਐਨਾਬੋਲਿਕ ਸਟੀਰਾਈਡ ਦਾ ਇਸਤੇਮਾਲ ਕਰਕੇ 100 ਮੀਟਰ ਫਰਾਟਾ ਦੌੜ ਵਿੱਚ 9:79 ਸੈਕੰਡ ਦਾ ਸਮਾਂ ਕੱਢ ਨਵਾਂ ਰਿਕਾਰਡ ਬਣਾ ਦਿੱਤਾ ਸੀ ਪਰ ਡੋਪ ਟੈਸਟ ਵਿੱਚ ਫੇਲ੍ਹ ਹੋਣ ਕਾਰਨ ਉਸ ਨੂੰ ਦਿੱਤਾ ਗੋਲਡ ਮੈਡਲ ਵਾਪਸ ਲੈ ਲਿਆ ਤੇ ਉਮਰ ਭਰ ਖੇਡਣ ਦੀ ਪਾਬੰਦੀ ਲਾ ਦਿੱਤੀ। ਇਸ ਮੁਕਾਬਲੇ ਦਾ ਜੇਤੂ ਬਣਿਆ ਅਮਰੀਕੀ ਦੌੜਾਕ ਕਾਰਲ ਲੁਈਸ, ਜੋ ਪਹਿਲਾਂ ਇਸ ਰੇਸ ਵਿੱਚ ਦੋਇਮ ਸਥਾਨ ’ਤੇ ਰਿਹਾ ਸੀ।

ਸਾਲ 2024 ਦੀਆਂ ਪੈਰਿਸ ਓਲੰਪਿਕ ਖੇਡਾਂ ਵਿੱਚ ਡੋਪਿੰਗ ਨੂੰ ਰੋਕਣ ਲਈ ਕੌਮਾਂਤਰੀ ਓਲੰਪਿਕ ਕਮੇਟੀ ਨੇ ਵਿਸ਼ਵ ਐਂਟੀ ਡੋਪਿੰਗ ਏਜੈਂਸੀ (ਵਾਡਾ) ਤੇ ਫ਼੍ਰੇਂਚ ਐਂਟੀ ਡੋਪਿੰਗ ਏਜੈਂਸੀ (ਏਐਫਐਲਡੀ) ਦੀ ਮਦਦ ਨਾਲ 1160 ਮਾਹਿਰ ਬੰਦਿਆਂ ਦੀ ਬ੍ਰਿਗੇਡ ਬਣਾਈ ਹੈ। ਜਿਨ੍ਹਾਂ ’ਚੋਂ 800 ਮਾਹਿਰ ਬੰਦੇ ਐਥਲੀਟਾਂ ਨੂੰ ਮੁਕਾਬਲੇ ਤੋਂ ਤੁਰੰਤ ਬਾਅਦ ਡੋਪ ਟੈਸਟ ਦੇਣ ਲਈ ਸੂਚਿਤ ਕਰਨਗੇ।

ਪੈਰਿਸ ਉਲੰਪਿਕ ਖੇਡਾਂ ’ਚ ਹਰ ਖੇਡ ਮੈਦਾਨ ਲਈ ਡੋਪਿੰਗ ਕੰਟਰੋਲ ਲੈਬੋਰਟਰੀ ਦਾ ਪ੍ਰਬੰਧ ਕੀਤਾ ਹੈ ਜਿਨ੍ਹਾਂ ਲਈ 360 ਮਾਹਿਰ ਲੈਬ ਟੈਕਨੀਸ਼ੀਅਨ ਖਿਡਾਰੀਆਂ ਦੇ ਡੋਪ ਟੈਸਟ ਲਈ ਉਨ੍ਹਾਂ ਦੇ ਖ਼ੂਨ ਤੇ ਪੇਸ਼ਾਬ ਦੇ ਨਮੂਨੇ ਲੈਣਗੇ। ਫ਼ਰਾਂਸ ਨੇ ਇਸ ਕੰਮ ਲਈ ‘ਲੈਬੋਰਟਰੀਜ਼ ਐਂਟੀਡੋਪੇਜ਼ ਫਰਾਂਸੇਜ਼ ਨੂੰ ਕਰੋੜਾਂ ਡਾਲਰ ਦੀ ਫੰਡਿੰਗ ਕੀਤੀ ਹੈ। ਕੌਮਾਂਤਰੀ ਉਲੰਪਿਕ ਕਮੇਟੀ ਅਨੁਸਾਰ ਡੋਪਿੰਗ ਨੂੰ ਰੋਕਣ ਲਈ ਵਰਲਡ ਐਂਟੀ ਡੋਪਿੰਗ ਏਜੰਸੀ (ਵਾਡਾ) ਨੇ ਅਜਿਹੀਆਂ 200 ਤੋਂ ਵੱਧ ਮੈਡੀਕੇਟਿਡ ਦਵਾਈਆਂ ਦੀ ਸੂਚੀ ਬਣਾਈ ਹੋਈ ਹੈ ਜਿਨ੍ਹਾਂ ਦਾ ਸੇਵਨ ਕਰਕੇ ਖਿਡਾਰੀ ਕਿਸੇ ਵੀ ਕੌਮਾਂਤਰੀ ਖੇਡ ਮੁਕਾਬਲੇ ਵਿੱਚ ਹਿੱਸਾ ਨਹੀਂ ਲੈ ਸਕਦਾ ਮੁਕਾਬਲੇ ਤੋਂ ਤੁਰੰਤ ਬਾਅਦ ਖਿਡਾਰੀ ਨੂੰ ਗ੍ਰਾਉਂਡ ਵਿਚੋਂ ਹੀ ਡੋਪ ਟੈਸਟ ਲਈ ਲੈਬ ’ਚ ਲਿਜਾਇਆ ਜਾਂਦੈ ਜਿਥੇ ਖ਼ੂਨ ਤੇ ਪਿਸ਼ਾਬ ਦੇ ਨਮੂਨਿਆਂ ਨੂੰ ਲੈ ਕੇ ਟੈਸਟ ਕਰ ਕੇ ਖਿਡਾਰੀ ਦੀ ਉਤੇਜਨਾ ਵਧਾਉਣ ਵਾਲੇ ਪਦਾਰਥ ਐਮਫ਼ੀਟਾਮਾਈਨਸ, ਕੈਫ਼ੀਨ, ਐਫਡਰਾਈਨ ਤੇ ਮੈਸੋਕਾਰਬ ਹਨ ਜੋ ਕੇਂਦਰੀ ਨਾੜੀ ਪ੍ਰਣਾਲੀ ਨੂੰ ਤੇਜ਼ ਕਰਦੇ ਦਿਮਾਗ ਤੇ ਸਰੀਰ ਦੀ ਗਤੀ ਵਧਾਉਂਦੇ ਨੇ। ਡੋਪਿੰਗ ਦੇ ਮਾਰੂ ਪ੍ਰਭਾਵਾਂ ਦੇ ਮੱਦੇਨਜ਼ਰ ਖਿਡਾਰੀਆਂ ਨੂੰ ਆਤਮ ਚਿੰਤਨ ਕਰਨ ਬੇਹੱਦ ਲੋੜ ਹੈ।

# ਸਾਲ 1900 ਦੀਆਂ ਉਲੰਪਿਕ ਖੇਡਾਂ ਨੂੰ ਯਾਦ ਕਰਦਿਆਂ ...



ਸਾਲ 1900 ਦੀਆਂ ਦੂਜੀਆਂ ਉਲੰਪਿਕ ਖੇਡਾਂ, ਖੇਡਾਂ ਦੇ ਜਨਕ ਕੁਬਰਟਿਨ ਦੇ ਆਪਣੇ ਸ਼ਹਿਰ ਪੈਰਿਸ ਵਿਖੇ ਹੋਈਆਂ ਸਨ, 14 ਮਈ ਤੋਂ 28 ਅਕਤੂਬਰ ਤੱਕ ਚੱਲੀਆਂ ਇਹ ਖੇਡਾਂ 1900 ਦੇ ਵਿਸ਼ਵ ਮੇਲੇ ਵਜੋਂ ਆਯੋਜਿਤ ਕੀਤੀਆਂ ਗਈਆਂ ਸਨ। ਜਿੰਨ੍ਹਾਂ 26 ਦੇਸ਼ਾਂ ਦੇ 1226 ਖਿਡਾਰੀਆਂ ਨੇ ਭਾਗ ਲਿਆ ਸੀ ਤੇ ਬਹੁਤੇ ਅਥਲੀਟਾਂ ਨੂੰ ਇਸ ਬਾਰੇ ਜਾਗਰੂਕਤਾ ਹੀ ਨਹੀ ਸੀ ਕਿ ਉਹ ਉਲੰਪਿਕ ਖੇਡਾਂ ਵਿੱਚ ਭਾਗ ਲੈ ਰਹੇ ਹਨ। ਬਿਨਾਂ ਉਦਘਾਟਨੀ ਸਮਾਰੋਹ ਤੋਂ ਸ਼ੁਰੂ ਹੋਈਆਂ ਇਨ੍ਹਾਂ ਖੇਡਾਂ ਅੰਦਰ ਮੇਜ਼ਬਾਨ ਰਾਸ਼ਟਰ ਫ਼ਰਾਂਸ ਨੇ ਹੀ ਸਭ ਤੋਂ ਵੱਧ 72 ਪ੍ਰਤੀਸ਼ਤ ਐਥਲੀਟ ਖੇਡਾਂ ਅੰਦਰ ਉਤਾਰੇ ਤੇ ਸਭ ਤੋਂ ਵੱਧ ਤਗ਼ਮੇ ਵੀ ਜਿੱਤੇ ਸਨ ਜਦੋਂ ਕਿ ਸੰਯੁਕਤ ਰਾਜ ਅਮਰੀਕਾ ਦੂਜੇ ਸਥਾਨ ’ਤੇ ਰਿਹਾ ਸੀ। ਉਸ ਸਮੇਂ ਉਲੰਪਿਕ ਖੇਡਾਂ ਅੰਦਰ ਭਾਗ ਲੈਣ ਲਈ ਨਾ ਤਾਂ ਰਾਸ਼ਟਰੀ ਉਲੰਪਿਕ ਕਮੇਟੀਆਂ ਵੱਲੋਂ ਭੇਜੀਆਂ ਟੀਮਾਂ ਦੀ ਧਾਰਨਾ ਪ੍ਰਚੱਲਿਤ ਸੀ ਤੇ ਨਾ ਹੀ ਨਿਯਮਾਂਵਲੀ ।

ਸਮਾਂ ਸਾਰਣੀ ਵਿਵਾਦਪੂਰਨ ਰਹੀ ਕਿ ਬਹੁਤੇ ਖਿਡਾਰੀ ਈਵੈਂਟਸ ’ਚ ਪਹੁੰਚਦੇ ਹੀ ਨਹੀਂ ਸਨ । ਰੁੱਖਾਂ ਨਾਲ ਭਰੇ ਘਾਹ ਦੇ ਉਬੜ-ਖਾਬੜ ਮੈਦਾਨ ’ਤੇ ਰੇਸਾਂ ਲੱਗ ਰਹੀਆਂ ਸਨ । ਪਹਿਲੀ ਵਾਰ 22 ਔਰਤਾਂ ਨੇ ਟੈਨਿਸ, ਘੋੜਸਵਾਰੀ ਗੋਲਫ਼ ’ਚ ਜੌਹਰ ਵਿਖਾਏ ਬਰਤਾਨੀਆ ਦੀ ਸ਼ਾਰਲੋਟ ਕੂਪਰ ਉਲੰਪਿਕ ਦੀ ਪਹਿਲੀ ਜੇਤੂ ਔਰਤ ਬਣੀ ਤੇ ਟੈਨਿਸ ਵਿੱਚ ਸੋਨ ਤਗ਼ਮਾ ਜਿੱਤਿਆ। ਵਿਵਾਦਿਤ ਖੇਡ ਸ਼ੂਟਿੰਗ ਰਹੀ ਜਿਸ ’ਚ ਜਿਉਂਦੇ ਕਬੂਤਰਾਂ ਨੂੰ ਨਿਸ਼ਾਨਾ ਬਣਾਉਣ ਦੀ ਪ੍ਰਤੀਯੋਗਤਾ ਸੀ ਅਤੇ ਜੋ ਸਭ ਤੋਂ ਵੱਧ ਕਬੂਤਰਾਂ ਨੂੰ ਨਿਸ਼ਾਨਾ ਬਣਾਉਂਦਾ ਸੀ, ਜੇਤੂ ਮੰਨਿਆ ਜਾਂਦਾ ਸੀ ਅਤੇ ਬੈਲਜੀਅਮ ਦੇ ਲਿਓਨ ਡੀ ਨੇ ਜਿੱਤ ਪ੍ਰਾਪਤ ਕੀਤੀ ਸੀ। ਲਿਓਨ ਨੇ 300 ਕਬੂਤਰਾਂ ’ਚੋਂ 21 ਨੂੰ ਨਿਸ਼ਾਨਾ ਬਣਾਇਆ ਸੀ। ਤੈਰਾਕੀ ਦੇ ਮੁਕਾਬਲੇ ਵੀ ਸੀਨ ਨਦੀ ਦੇ ਗੰਦੇ ਪਾਣੀ ’ਚ ਕਰਵਾਏ ਸਨ।

# ਹਾਕੀ: ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਨੇ ਜਿੱਤਿਆ ‘ਟੋਬਾ ਕੱਪ’

ਵਿਨੀਪੈਗ: ਇੱਥੋਂ ਦੇ ਟੋਬਾ ਵਾਰੀਅਰਜ਼ ਫੀਲਡ ਹਾਕੀ ਅਕੈਡਮੀ ਮੈਨੀਟੋਬਾ ਵੱਲੋਂ ਕਰਵਾਇਆ ਗਿਆ ਟੋਬਾ ਗੋਲਡ ਹਾਕੀ ਕੱਪ ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਨੇ ਜਿੱਤ ਲਿਆ। ਫਾਈਨਲ ਵਿੱਚ ਉਸ ਨੇ ਐਡਮਿੰਟਨ ਫੀਲਡ ਹਾਕੀ ਕਲੱਬ ਨੂੰ ਪੰਜ ਗੋਲਾਂ ਨਾਲ ਹਰਾਇਆ।

ਟੂਰਨਾਮੈਂਟ ਵਿਚ ਕੈਨੇਡਾ ਦੀਆ ਅੱਠ ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਨੂੰ ਦੋ ਪੂਲਜ਼ ਵਿਚ ਵੰਡਿਆ ਗਿਆ ਸੀ । ਪੂਲ ‘ਏ’ ਵਿੱਚ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਵਿਨੀਪੈਗ, ਯੂਨਾਈਟਿਡ ਹਾਕੀ ਫੀਲਡ ਕਲੱਬ ਕੈਲਗਰੀ, ਪੰਜਾਬ (ਹਾਕਸ) ਫੀਲਡ ਹਾਕੀ ਕਲੱਬ ਕੈਲਗਰੀ ਅਤੇ ਟੋਰਾਂਟੋ ਵਾਰੀਅਰਜ਼ ਕਲੱਬ ਸ਼ਾਮਲ ਸਨ ਜਦਕਿ ਪੂਲ ‘ਬੀ’ ਵਿੱਚ ਐਡਮਿੰਟਨ ਫੀਲਡ ਹਾਕੀ ਕਲੱਬ, ਕਿੰਗਜ਼ ਇਲੈਵਨ ਹਾਕੀ ਫੀਲਡ ਕਲੱਬ, ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਤੇ ਬਰੈਂਪਟਨ ਫੀਲਡ ਹਾਕੀ ਕਲੱਬ ਦੀਆਂ ਟੀਮਾਂ ਸ਼ਾਮਲ ਸਨ। ਲੀਗ ਮੈਚਾਂ ਵਿਚ ਪੂਲ ਏ ’ਚੋਂ ਟੋਬਾ ਵਾਰੀਅਰਜ਼ ਹਾਕੀ ਅਕੈਡਮੀ ਵਿਨੀਪੈਗ ਤੇ ਟੋਰਾਂਟੋ ਵਾਰੀਅਰਜ਼ ਕਲੱਬ ਜੇਤੂ ਰਹੀਆਂ। ਇਸੇ ਤਰ੍ਹਾਂ ਪੂਲ ‘ਬੀ’ ’ਚੋਂ ਐਡਮਿੰਟਨ ਫੀਲਡ ਹਾਕੀ ਕਲੱਬ ਤੇ ਅਕਾਲ ਹਾਕੀ ਫੀਲਡ ਕਲੱਬ ਕੈਲਗਰੀ ਨੇ ਲੀਗ ਮੈਚ ਜਿੱਤ ਕੇ ਸੈਮੀਫਾਈਨਲ ਵਿਚ ਜਗ੍ਹਾ ਬਣਾਈ।

ਪਹਿਲੇ ਸੈਮੀਫਾਈਨਲ ’ਚ ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਨੇ ਟੋਬਾ ਵਾਰੀਅਰਜ਼ ਹਾਕੀ ਅਕੈਡਮੀ ਵਿਨੀਪੈਗ ਨੂੰ 2-1 ਨਾਲ ਜਦਕਿ ਦੂਜੇ ਸੈਮੀਫਾਈਨਲ ’ਚ ਐਡਮਿੰਟਨ ਫੀਲਡ ਹਾਕੀ ਕਲੱਬ ਨੇ ਟੋਰਾਂਟੋ ਵਾਰੀਅਰਜ਼ ਕਲੱਬ ਨੂੰ ਹਰਾਇਆ। ਫਾਈਨਲ ਵਿੱਚ ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਨੇ ਐਡਮਿੰਟਨ ਫੀਲਡ ਹਾਕੀ ਕਲੱਬ ਨੂੰ ਪੰਜ ਗੋਲਾਂ ਦੇ ਵੱਡੇ ਫ਼ਰਕ ਨਾਲ ਹਰਾ ਕੇ ‘ਟੋਬਾ



ਕੱਪ’ ਆਪਣੇ ਨਾਮ ਕੀਤਾ। ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਦੇ ਤਨਵੀਰ ਕੰਗ ਨੂੰ ਟੂਰਨਾਮੈਂਟ ਦਾ ਸਰਬੋਤਮ ਖਿਡਾਰੀ ਅਤੇ ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਦੇ ਜਗਜੀਤ ਸਿੰਘ ਨੂੰ ਸਰਬੋਤਮ ਗੋਲਕੀਪਰ ਐਲਾਨਿਆ ਗਿਆ।

# ਦੇਸ਼ ਦੀਆਂ ਧੀਆਂ ਹਾਰੀਆਂ, ਬ੍ਰਿਜ ਭੂਸ਼ਨ ਜਿੱਤਿਆ: ਸਾਕਸ਼ੀ ਮਲਿਕ

ਨਵੀਂ ਦਿੱਲੀ: ਭਾਰਤ ਦੇ ਸਿਖਰਲੇ ਓਲੰਪਿਕ ਪਹਿਲਵਾਨਾਂ ਨੇ ਆਪਣੇ ਸਾਬਕਾ ਫੈਡਰੇਸ਼ਨ ਮੁਖੀ ਦੇ ਪੁੱਤ ਕਰਨ ਨੂੰ ਲੋਕ ਸਭਾ ਚੋਣਾਂ ਲਈ ਮੈਦਾਨ ’ਚ ਉਤਾਰੇ ਜਾਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਰਟੀ ਦੀ ਆਲੋਚਨਾ ਕੀਤੀ ਹੈ ਜਦਕਿ ਉਸ ਦੇ ਪਿਤਾ ’ਤੇ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦਾ ਦੋਸ਼ ਲਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਭਾਜਪਾ ਨੇ ਕਰਨ ਨੂੰ ਉਸ ਦੇ ਪਿਤਾ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਥਾਂ ਉੱਤਰ ਪ੍ਰਦੇਸ਼ ਦੇ ਕੈਸਰਗੰਜ ਤੋਂ ਟਿਕਟ ਦਿੱਤੀ ਹੈ। 2016 ਦੇ ਰੀਓ ਓਲੰਪਿਕਸ ’ਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੀ ਸਾਕਸ਼ੀ ਮਲਿਕ ਨੇ ਸੋਸ਼ਲ ਮੀਡੀਆ ’ਤੇ ਕਿਹਾ, ‘ਦੇਸ਼ ਦੀਆਂ ਧੀਆਂ ਹਾਰੀਆਂ, ਬ੍ਰਿਜ ਭੂਸ਼ਨ ਜਿੱਤਿਆ।’ ਉਸ ਨੇ ਕਿਹਾ, ‘ਉਸ ਦੇ ਪੁੱਤਰ ਨੂੰ ਟਿਕਟ ਦੇ ਕੇ ਉਨ੍ਹਾਂ (ਭਾਜਪਾ ਨੇ) ਦੇਸ਼ ਦੀਆਂ ਲੱਖਾਂ ਧੀਆਂ ਦੀਆਂ ਆਸਾਂ ’ਤੇ ਪਾਣੀ ਫੇਰ ਦਿੱਤਾ ਹੈ।’ ਓਲੰਪਿਕ ਤਗ਼ਮਾ ਜੇਤੂ ਬਜਰੰਗ ਪੂਨੀਆ ਨੇ ਸੋਸ਼ਲ ਮੀਡੀਆ ’ਤੇ ਕਿਹਾ, ‘ਇਹ ਦੇਸ਼ ਦਾ ਬਦਕਿਸਮਤੀ ਹੈ ਕਿ ਤਗ਼ਮੇ ਜਿੱਤਣ ਵਾਲੀਆਂ ਧੀਆਂ ਨੂੰ ਸੜਕਾਂ ’ਤੇ ਘੜੀਸਿਆ ਜਾਵੇਗਾ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲੇ ਦੇ ਪੁੱਤਰ ਨੂੰ ਟਿਕਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ।’





# ਲਾਹੌਰ ਵਿੱਚ ਪੰਜਾਬੀ ਸੰਗੀਤ ਦੇ ਤਵਿਆਂ ਦੇ ਪੁਰਾਤਨ ਵੱਡੇ ਡਿਸਟ੍ਰੀਬਿਊਟਰ

ਗੁਰਮੁਖ ਸਿੰਘ

ਪੰਜਾਬੀ ਸੰਗੀਤ ਨੂੰ ਗਾਇਕ ਦੇ ਗਲੇ ਤੋਂ ਲੈ ਕੇ ਆਮ ਲੋਕਾਈ ਦੇ ਬਨੇਰਿਆਂ ਤੱਕ ਪਹੁੰਚਾਉਣ ਦੇ ਯੋਗਦਾਨ ਨੂੰ ਵਾਕਿਆ ਹੀ ਭੁਲਾਇਆ ਨਹੀਂ ਜਾ ਸਕਦਾ। ਪੁਰਾਤਨ ਸਮਿਆਂ ਵਿੱਚ ਹਰ ਵਿਅਕਤੀ ਕੋਲ ਗ੍ਰਾਮੋਫੋਨ ਮਸ਼ੀਨ ਨਹੀਂ ਸੀ ਹੁੰਦੀ। ਕੁਝ ਸੰਗੀਤ ਪ੍ਰੇਮੀ, ਫ਼ੌਜੀ ਜਾਂ ਸੰਗੀਤ ਦਾ ਮੋਹ ਪਾਲਣ ਵਾਲੇ ਰਈਸ ਲੋਕ ਹੀ ਇਸ ਮਹਿੰਗੇ ਸ਼ੌਕ ਨੂੰ ਪਾਲਦੇ ਸਨ। ਇਹ ਮਹਿੰਗਾ ਸ਼ੌਕ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ ਸੀ।

ਸਾਂਝੇ ਪੰਜਾਬ ਦਾ ਵੱਡਾ ਸ਼ਹਿਰ ਲਾਹੌਰ ਸੀ ਤੇ ਮਸ਼ਹੂਰ ਵੀ ਸੀ। ਇਥੋਂ ਦੇ ਬਜ਼ਾਰਾਂ ਵਿੱਚ ਕੁਝ ਦੁਕਾਨਦਾਰ ਘੜੀਆਂ, ਟਾਈਮਪੀਸ ਜਾਂ ਸਜਾਵਟ ਦਾ ਮਹਿੰਗਾ ਸਮਾਨ ਵੇਚਣ ਦਾ ਧੰਦਾ ਕਰਦੇ ਸਨ। 1902 ਦੇ ਆਸ-ਪਾਸ ਇਸ ਸ਼ਹਿਰ ਵਿੱਚ ਭਾਰਤੀ ਖ਼ਾਸ ਕਰ ਪੰਜਾਬੀ ਸੰਗੀਤ ਦਾ ਆਗਾਜ਼ ਹੋਇਆ, ਰਿਕਾਰਡਿੰਗ ਕੰਪਨੀਆਂ ਖੁੱਲ੍ਹੀਆਂ। ਇਨ੍ਹਾਂ ਵੱਡੇ ਦੁਕਾਨਦਾਰਾਂ ਨੇ ਕੰਪਨੀਆਂ ਨਾਲ ਸਮਝੌਤੇ ਕਰਕੇ ਡੀਲਰਸ਼ਿਪ ਹਾਸਲ ਕੀਤੀ ਅਤੇ ਘੜੀਆਂ, ਟਾਈਮਪੀਸਾਂ ਦੇ ਨਾਲ-ਨਾਲ ਵੱਖ-ਵੱਖ ਕੰਪਨੀਆਂ ਦੇ ਤਵੇ ਵੀ ਵੇਚਣੇ ਸ਼ੁਰੂ ਕਰ ਦਿੱਤੇ।ਇਹ ਡੀਲਰ ਅਮੀਰ ਸੰਗੀਤ ਪ੍ਰੇਮੀਆਂ ਤੋਂ ਮਨੀਆਰਡਰ ਲੈਂਦੇ ਅਤੇ ਪੰਜਾਬੀ ਸੰਗੀਤ ਦੇ ਤਵੇ ਡਾਕ ਰਾਹੀਂ ਉਨ੍ਹਾਂ ਦੇ ਘਰ ਤੱਕ ਪਹੁੰਚਾ ਦਿੰਦੇ, ਦੁਨੀਆਂ ਵਿੱਚ ਵਸਦੇ ਪੰਜਾਬੀਆਂ ਨੂੰ ਡਾਕ ਤੋਂ ਇਲਾਵਾ ਹੋਰ ਸਾਧਨਾਂ ਰਾਹੀਂ ਵੀ ਹੋਮ ਡਲਿਵਰੀ ਕੀਤੀ ਜਾਂਦੀ ਸੀ।

ਇਥੇ ਅਸੀਂ ਵੱਡੇ ਡਿਸਟ੍ਰੀਬਿਊਟਰ ਜਾਨਕੀ ਨਾਥ ਕੁਮਾਰ ਨਾਂਅ ਦੇ ਸ਼ਖ਼ਸ ਦਾ ਜ਼ਿਕਰ ਕਰਨਾ ਚਾਹਾਂਗੇ। ਜਿਸ ਦੀ ਖ਼ੁਦ ਦੀ ਜੀਨ-ਓ-ਫੋਨ ਰਿਕਾਰਡਿੰਗ ਕੰਪਨੀ ਸੀ। ਉਸ ਦੀ ਦੁਕਾਨ ਅਨਾਰਕਲੀ ਬਾਜ਼ਾਰ ਵਿੱਚ ਸੀ। ਉਸ ਨੇ ਬਹੁਤ ਸਾਰੇ ਪੰਜਾਬੀ ਗਾਇਕਾਂ, ਗਾਇਕਾਵਾਂ ਦੇ ਰਿਕਾਰਡਿੰਗ ਵਾਲੇ ਸਪੂਲ ਤਿਆਰ ਕੀਤੇ। ਇਸ ਨੇ ਪੰਜਾਬੀ ਅਤੇ ਹਿੰਦੀ ਫਿਲਮਾਂ ਦੀ ਰਿਕਾਰਡਿੰਗ ਵੀ ਕੀਤੀ। ਇਹ ਮੂਲ ਰੂਪ ਵਿੱਚ ਪੰਜਾਬੀ ਸੀ। ਦੇਸ਼ ਦੀ ਵੰਡ ਸਮੇਂ ਦੰਗਾਕਾਰੀਆਂ ਨੇ ਇਸ ਦੇ 60 ਫ਼ੀਸਦੀ ਰਿਕਾਰਡਾਂ ਨੂੰ ਅੱਗ ਵਿੱਚ ਸਾੜ ਦਿੱਤਾ ਜੋ ਪੰਜਾਬੀਆਂ ਲਈ ਵੱਡਾ ਘਾਟਾ ਸੀ। ਇਸ ਨੇ ਦੇਸ਼ ਦੀ ਵੰਡ ਤੋਂ ਬਾਅਦ ਜਲੰਧਰ ਵਿੱਚ ਰਿਕਾਰਡਿੰਗ ਦਾ ਕੰਮ ਸ਼ੁਰੂ ਕੀਤਾ ਅਤੇ ਅੰਤਿਮ ਸਮੇਂ ਦਿੱਲੀ ਵਿੱਚ ਇਹੀ ਕੰਮ ਸ਼ੁਰੂ ਕੀਤਾ।

ਇਸ ਤੋਂ ਅੱਗੇ ਅਸੀਂ ਇੱਕ ਹੋਰ ਡਿਸਟ੍ਰੀਬਿਊਟਰ ਕਿਦਾਰ ਨਾਥ ਮਹਿਰਾ ਦਾ ਜ਼ਿਕਰ ਕਰਨਾ ਚਾਹਾਂਗੇ। ਇਹ ਸ਼ਖ਼ਸ ਪੰਜਾਬ, ਭਾਰਤ ਜਾਂ ਵਿਦੇਸ਼ ਜਿਥੇ ਵੀ ਪੰਜਾਬੀ ਵਸੋਂ ਸੀ, ਉਥੋਂ ਤੱਕ ਗੀਤ ਪਹੁੰਚਾਉਂਦੇ ਰਹੇ। ਯਾਦ ਰਹੇ ਕਿ ਉਦੋਂ ਗੀਤਾਂ (ਤਵਿਆਂ) ਉੱਪਰ ਦੁਕਾਨਾਂ ਦੇ ਸਟਿੱਕਰ ਲਾਉਣ ਦਾ ਰਿਵਾਜ ਆਮ ਸੀ।

ਤੀਸਰਾ ਡਿਸਟ੍ਰੀਬਿਊਟਰ ਬਖ਼ਸ਼ੀ ਰਾਮ ਸੀ, ਇਨ੍ਹਾਂ ਦਾ ਇੱਕ ਤਵਾ, ਜੋ ਇਨ੍ਹਾਂ ਨੇ ਸਭ ਤੋਂ ਵੱਧ ਵੇਚਿਆ, ਉਹ ਮਿਸ ਪ੍ਰੇਮ ਲਤਾ ਅਤੇ ਸ਼ਾਮ ਕੌਰ ਵਲੋਂ ਗਾਏ ਸੁਹਾਗ ਗੀਤ ਸਨ। ਬੋਲ ਸਨ 'ਲੈ ਚੱਲੇ ਬਾਬਲਾ ਲੈ ਚੱਲੇ।'

ਹੁਣ ਅਸੀਂ ਇੱਕ ਵੱਡੇ ਡਿਸਟ੍ਰੀਬਿਊਟਰ ਦਾ ਜ਼ਿਕਰ ਕਰ ਰਹੇ ਹਾਂ, ਜਿਸ ਦਾ ਨਾਂਅ ਨਾਨਕ ਘਰ ਡਿਸਟ੍ਰੀਬਿਊਟਰ ਸੀ। ਇਹ ਦੁਕਾਨ ਲਾਹੌਰ ਵਿੱਚ ਪੰਜਾਬੀ ਸੰਗੀਤ ਦਾ ਵੱਡਾ ਅੱਡਾ ਸੀ। ਇਸ ਨੇ ਬੁੱਧ ਸਿੰਘ ਅਤੇ ਸ਼ਾਮ ਕੌਰ ਦੀ ਆਵਾਜ਼ ਵਾਲੇ ਬਹੁਤ ਤਵੇ ਵੇਚੇ। ਜ਼ਿਕਰਯੋਗ ਹੈ ਕਿ ਬੁੱਧ ਸਿੰਘ ਵੱਡਾ ਗਾਇਕ, ਸੰਗੀਤਕਾਰ ਸੀ। ਇਸ ਨੂੰ ਸੁਰਿੰਦਰ ਕੌਰ ਦਾ ਗੁਰੂ ਹੋਣ ਦਾ ਮਾਣ ਹਾਸਲ ਹੈ। ਇਸ ਸ਼ਖ਼ਸ ਨੂੰ ਪੰਜਾਬੀ ਫ਼ਿਲਮਾਂ ਵਿੱਚ ਪਿੱਠਵਰਤੀ ਗਾਇਕ ਹੋਣ ਦਾ ਮਾਣ ਵੀ ਹਾਸਿਲ ਹੈ।

ਇਕ ਗੱਲ ਗੌਰਤਲਬ ਹੈ ਕਿ ਪੰਜਾਬ ਦੇ ਰਿਆਸਤੀ ਰਾਜਿਆਂ ਜਿਵੇਂ ਕਿ ਕਪੂਰਥਲਾ, ਫਰੀਦਕੋਟ, ਪਟਿਆਲਾ ਦੇ ਆਪਣੇ ਰਾਜ ਗਾਇਕ ਸਨ, ਕੁਝ ਢਾਡੀ ਸਨ ਇਨ੍ਹਾਂ ਦੀ ਰਿਕਾਰਡਿੰਗ ਲਾਹੌਰ ਦੇ ਸਟੂਡੀਓਜ਼ ਵਿੱਚ ਹੁੰਦੀ ਰਹੀ। ਦੇਸ਼ ਦੀ ਵੰਡ ਤੋਂ ਬਾਅਦ ਰਾਜ ਘਰਾਣਿਆਂ ਨੇ ਇਨ੍ਹਾਂ ਗਾਇਕਾਂ ਦੇ ਤਵੇ ਆਪਣੀ ਮਸ਼ਹੂਰੀ ਹਿਤ ਲਾਹੌਰ ਤੋਂ ਮੰਗਵਾਏ ਅਤੇ ਆਪਣੇ ਤੌਰ 'ਤੇ ਵੇਚ ਕੇ ਆਪਣੇ ਰਾਜ ਗਾਇਕਾਂ ਦੀ ਜੱਸ-ਕੀਰਤੀ ਪੰਜਾਬੀਆਂ ਵਿੱਚ ਫੈਲਾ ਦਿੱਤੀ। ਪਟਿਆਲਾ ਸ਼ਹਿਰ ਵਿੱਚ ਜੇ.ਆਰ. ਨਰੂਲਾ ਦੀ ਦੁਕਾਨ ਸੀ। ਇਸ ਦੁਕਾਨ ਤੋਂ ਲੇਖਕ ਖੁਦ ਇੱਕ ਰਿਕਾਰਡ ਖਰੀਦ ਕੇ ਲਿਆਇਆ ਸੀ। ਬੋਲ ਸਨ 'ਮੋਰ ਬੋਲੇ, ਚਕੌਰ ਬੋਲੇ, ਪਟਿਆਲੇ ਵਾਲਾ ਰਾਜਾ ਬੋਲੀ ਹੋਰ ਬੋਲੇ।'

ਪੰਜਾਬੀ ਗਾਇਕੀ ਦੇ ਗੜ੍ਹ ਸ਼ਹਿਰ ਲੁਧਿਆਣਾ ਅਤੇ ਫਿਲੌਰ ਵਿੱਚ ਵੀ ਲਾਹੌਰ ਦੀ ਤਰਜ਼ 'ਤੇ ਪ੍ਰਤਾਪ ਐਂਡ ਕੰਪਨੀ ਦੀ ਮਸ਼ਹੂਰ ਦੁਕਾਨ ਸੀ। ਜਿਸ ਨੇ ਰਾਜ ਗਾਇਕ ਪਟਿਆਲਾ ਭਾਈ ਛੈਲਾ ਜੀ ਦੇ ਸਟਿੱਕਰ ਵਾਲੇ



ਤਵੇ ਵੱਡੀ ਤਾਦਾਦ ਵਿੱਚ ਵੇਚੇ। ਭਾਈ ਜੀ ਨੇ ਪੰਜਾਬੀ ਦੀਆਂ ਫ਼ਿਲਮਾਂ ਵਿੱਚ ਵੀ ਕੰਮ ਕੀਤਾ ਅਤੇ ਵੱਡੀ ਤਾਦਾਦ ਵਿੱਚ ਤਵੇ ਰਿਕਾਰਡ ਕਰਵਾਏ ਸਨ।

ਤਵਿਆਂ ਦੇ ਵੱਡੇ ਵਿਕਰੇਤਾ ਜੋ ਵੱਖ-ਵੱਖ ਕੰਪਨੀਆਂ ਦੇ ਤਵੇ ਵੇਚਦੇ ਸਨ, ਉਨ੍ਹਾਂ ਨੂੰ ਕੰਪਨੀਆਂ ਵੱਖ-ਵੱਖ ਤਿਉਹਾਰ 'ਤੇ ਬੋਨਸ ਵੀ ਦਿੰਦੀਆਂ ਸਨ, ਸਪੈਸ਼ਲ ਰੰਗਦਾਰ ਤਵੇ ਬਣਾ ਕੇ ਬੋਨਸ ਦੇ ਰੂਪ ਵਿੱਚ ਦੁਕਾਨਦਾਰ ਨੂੰ ਭੇਜੇ ਜਾਂਦੇ ਸਨ। ਜਿਸ ਗਾਇਕ ਦੇ ਸਭ ਤੋਂ ਵੱਧ ਤਵੇ ਵਿਕਦੇ ਸਨ, ਉਨ੍ਹਾਂ ਦੀਆਂ ਸਪੈਸ਼ਲ ਤਸਵੀਰਾਂ ਵੀ ਛਾਪੀਆਂ ਜਾਂਦੀਆਂ, ਜਿਵੇਂ ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਮੁਹੰਮਦ ਰਫ਼ੀ, ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਮਹਿੰਦਰ ਕਪੂਰ, ਮੁਕੇਸ਼ ਆਦਿ ਦੇ ਤਵੇ ਵਿਆਹਾਂ ਮੁਤਾਬਿਕ ਸੀਜ਼ਨ ਵਿਚ ਕੱਢੇ ਜਾਂਦੇ ਸਨ। ਮਾਰਚ, ਅਪ੍ਰੈਲ, ਸਤੰਬਰ, ਅਕਤੂਬਰ ਰਿਕਾਰਡ ਕਰਕੇ ਵੱਡੇ ਦੁਕਾਨਦਾਰ ਵਿਕਰੇਤਾ ਨੂੰ ਭੇਜੇ ਜਾਂਦੇ ਸਨ। ਕੰਪਨੀਆਂ ਵੱਡੇ ਵਿਕਰੇਤਾ ਤੋਂ ਚਿੱਠੀਆਂ ਰਾਹੀਂ, ਕਿਸੇ ਗਾਇਕ ਦੀਆਂ ਕਿੰਨੀਆਂ ਕਾਪੀਆਂ ਬਣਾਈਆਂ ਜਾਣ, ਦੀ ਪੁੱਛਗਿੱਛ ਵੀ ਕਰਦੀਆਂ ਸਨ।

ਦੇਸ਼ ਦੀ ਵੰਡ ਤੋਂ ਬਾਅਦ ਕਲਕੱਤਾ, ਦਿੱਲੀ, ਮੇਰਠ, ਚੇਨਈ ਵਿੱਚ ਰਿਕਾਰਡਾਂ ਦੀਆਂ ਦੁਕਾਨਾਂ ਖੁੱਲ੍ਹੀਆਂ ਅਤੇ ਕੁਝ ਪਹਿਲਾਂ ਵੀ ਮੌਜੂਦ ਸਨ। ਸੰਗੀਤ ਪ੍ਰੇਮੀਆਂ ਦੀ ਜਾਣਕਾਰੀ ਹਿਤ ਦੱਸਣ ਜਾ ਰਹੇ ਹਾਂ ਕਿ ਦਿੱਲੀ ਦੇ ਚਾਂਦਨੀ ਚੌਕ, ਦਰਿਆਗੰਜ, ਮੀਨਾ ਬਾਜ਼ਾਰ, ਕਨਾਟ ਪਲੇਸ ਵਿੱਚ ਅੱਜ ਵੀ ਪੁਰਾਤਨ ਰਿਕਾਰਡ, ਗ੍ਰਾਮੋਫੋਨ ਮਸ਼ੀਨਾਂ ਵਿਕ ਰਹੀਆਂ ਹਨ। ਸੰਗੀਤ ਪ੍ਰੇਮੀ ਉਥੋਂ ਆਪਣੀ ਲੋੜ ਅਨੁਸਾਰ ਇਹ ਸੰਗੀਤ ਦੇ ਉਪਕਰਨ ਖਰੀਦਦੇ ਹਨ। ਮੰਗ ਜ਼ਿਆਦਾ ਹੋਣ ਕਾਰਨ ਜਰਮਨ, ਇੰਗਲੈਂਡ ਵਰਗੇ ਦੇਸ਼ਾਂ ਤੋਂ ਨਵੇਂ ਰਿਕਾਰਡ ਬਣ ਕੇ ਇਨ੍ਹਾਂ ਦੁਕਾਨਾਂ ਉੱਪਰ ਆ ਰਹੇ ਹਨ, ਛੇਤੀ ਹੀ ਪੰਜਾਬੀ ਦੇ ਤਵੇ ਨਵੇਂ ਰੂਪ ਵਿੱਚ ਇਨ੍ਹਾਂ ਦੁਕਾਨਾਂ 'ਤੇ ਉਪਲਬੱਧ ਹੋਣਗੇ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਦੁਕਾਨਾਂ ਉੱਪਰ ਤਵਿਆਂ ਅਤੇ ਗ੍ਰਾਮੋਫੋਨ ਮਸ਼ੀਨਾਂ ਦੀ ਵਿਕਰੀ ਵਾਲੀਆਂ ਰਸੀਦਾਂ 80 ਸਾਲ ਤੱਕ ਦੀਆਂ ਮੌਜੂਦ ਹਨ। ਇਨ੍ਹਾਂ ਦੁਕਾਨਾਂ ਉੱਪਰ ਪੁਰਾਣੀਆਂ ਮਸ਼ੀਨਾਂ, ਟੇਪ ਰਿਕਾਰਡਰਾਂ, ਸਪੀਕਰਾਂ ਆਦਿਕ ਦੇ ਸਾਰੇ ਪੁਰਜ਼ੇ ਉਪਲਬੱਧ ਹਨ।

# ਵਿਸ਼ਵ ਦੀਆਂ 100 ਬਿਹਤਰੀਨ ਫ਼ਿਲਮਾਂ 'ਚ ਸ਼ਾਮਲ ਹਨ 3 ਭਾਰਤੀ ਫ਼ਿਲਮਾਂ

ਸੰਗੀਤਾ ਤੋਮਰ

ਹਰ ਸਾਲ ਭਾਰਤੀ ਸਿਨੇਮਾ 'ਚ ਕਈ ਫ਼ਿਲਮਾਂ ਬਣਦੀਆਂ ਹਨ। ਭਾਰਤੀ ਫ਼ਿਲਮਾਂ 100 ਤੋਂ ਵੱਧ ਸਾਲਾਂ ਤੋਂ ਹਰ ਕਿਸੇ ਦਾ ਮਨੋਰੰਜਨ ਕਰ ਰਹੀਆਂ ਹਨ। ਹੁਣ ਤਾਂ ਭਾਸ਼ਾ ਵੀ ਕੋਈ ਰੁਕਾਵਟ ਨਹੀਂ ਹੈ। ਪੂਰੇ ਭਾਰਤ ਵਿੱਚ ਫ਼ਿਲਮਾਂ ਰਿਲੀਜ਼ ਹੋ ਰਹੀਆਂ ਹਨ ਪਰ ਇਨ੍ਹਾਂ ਵਿੱਚੋਂ ਕੁਝ ਫ਼ਿਲਮਾਂ ਹਿੱਟ ਹੋ ਜਾਂਦੀਆਂ ਹਨ, ਕੁਝ ਅਸਫ਼ਲ ਹੋ ਜਾਂਦੀਆਂ ਹਨ। ਉਸੇ ਸਮੇਂ, ਉਨ੍ਹਾਂ ਵਿੱਚੋਂ ਕੁਝ 'ਤੇ ਪਾਬੰਦੀ ਜਾਂ ਵਿਵਾਦ ਦਾ ਖ਼ਤਰਾ ਮੰਡਰਾ ਰਿਹਾ ਹੈ ਪਰ ਕੁਝ ਫ਼ਿਲਮਾਂ ਅਜਿਹੀਆਂ ਵੀ ਹਨ ਜੋ ਦਰਸ਼ਕਾਂ ਦੇ ਦਿਲਾਂ 'ਚ ਹਮੇਸ਼ਾ ਲਈ ਰਹਿ ਗਈਆਂ। ਕਈਆਂ ਨੇ ਤਾਂ ਆਸਕਰ 'ਚ ਵੀ ਆਪਣਾ ਨਾਂ ਰੌਸ਼ਨ ਕੀਤਾ ਅਤੇ ਦੁਨੀਆਂ ਭਰ 'ਚ ਕਾਫ਼ੀ ਪ੍ਰਸਿੱਧੀ ਖੱਟੀ।

'ਡੈਲੋਇਟ' ਦੀ ਰਿਪੋਰਟ ਮੁਤਾਬਕ ਭਾਰਤ 'ਚ ਹਰ ਸਾਲ 20 ਤੋਂ ਜ਼ਿਆਦਾ ਭਾਸ਼ਾਵਾਂ 'ਚ 1500 ਤੋਂ 2 ਹਜ਼ਾਰ ਫ਼ਿਲਮਾਂ ਬਣਦੀਆਂ ਹਨ। ਦੁਨੀਆਂ ਵਿੱਚ ਜ਼ਿਆਦਾਤਰ ਫ਼ਿਲਮਾਂ ਭਾਰਤ ਵਿੱਚ ਬਣੀਆਂ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਦੁਨੀਆਂ ਦੀਆਂ 100 ਬਿਹਤਰੀਨ ਫ਼ਿਲਮਾਂ 'ਚ ਤਿੰਨ ਭਾਰਤੀ ਫ਼ਿਲਮਾਂ ਸ਼ਾਮਲ ਹਨ? ਅਸੀਂ ਤੁਹਾਨੂੰ ਇਨ੍ਹਾਂ ਤਿੰਨ ਭਾਰਤੀ ਫ਼ਿਲਮਾਂ ਬਾਰੇ ਦੱਸਣ ਜਾ ਰਹੇ ਹਾਂ।







**1. ਗੁਰੂ ਦੱਤ ਦੀ ਫ਼ਿਲਮ 'ਪਿਆਸਾ'**

ਗੁਰੂ ਦੱਤ ਅਤੇ ਵਹੀਦਾ ਰਹਿਮਾਨ ਦੀ ਫ਼ਿਲਮ 'ਪਿਆਸਾ' ਦੁਨੀਆਂ ਦੀਆਂ ਬਿਹਤਰੀਨ ਫ਼ਿਲਮਾਂ 'ਚ ਗਿਣੀ ਜਾਂਦੀ ਹੈ। ਇਸ ਫ਼ਿਲਮ ਵਿੱਚ ਗੁਰੂ ਦੱਤ ਨੇ ਇੱਕ ਉਰਦੂ ਸ਼ਾਇਰ ਦੀ ਭੂਮਿਕਾ ਨਿਭਾਈ ਹੈ ਜਿਸ ਦੀ ਕਵਿਤਾ ਅਤੇ ਕੰਮ ਨੂੰ ਲੋਕ ਕੋਈ ਮਹੱਤਵ ਨਹੀਂ ਦਿੰਦੇ। ਫ਼ਿਰ ਕਵੀ ਦੇ ਜੀਵਨ ਵਿੱਚ ਇੱਕ ਵੇਸਵਾ ਆਉਂਦੀ ਹੈ, ਜੋ ਉਸਨੂੰ ਆਪਣੀਆਂ ਕਵਿਤਾਵਾਂ ਲਈ ਉਤਸ਼ਾਹਿਤ ਕਰਦੀ ਹੈ। ਵੇਸਵਾ ਦੀ ਭੂਮਿਕਾ ਵਹੀਦਾ ਰਹਿਮਾਨ ਨੇ ਨਿਭਾਈ ਸੀ। ਮੀਨਾ ਕੁਮਾਰੀ ਗੁਰੂ ਦੱਤ ਦੀ ਸਾਬਕਾ ਪ੍ਰੇਮਿਕਾ ਦੀ ਭੂਮਿਕਾ ਵਿੱਚ ਸੀ।

**2. ਪਾਥੇਰ ਪੰਜਾਲੀ**

ਇੱਕ ਹੋਰ ਭਾਰਤੀ ਫ਼ਿਲਮ, ਜਿਸ ਨੂੰ ਦੁਨੀਆਂ ਦੀਆਂ ਬਿਹਤਰੀਨ ਫ਼ਿਲਮਾਂ ਵਿੱਚ ਗਿਣਿਆ ਜਾਂਦਾ ਹੈ, ਵਿੱਚ ਸੱਤਿਆਜੀਤ ਰੇਅ ਦੀ ਫ਼ਿਲਮ 'ਪਾਥੇਰ ਪੰਚਾਲੀ' ਵੀ ਸ਼ਾਮਲ ਹੈ। ਇਹ ਫ਼ਿਲਮ 1929 ਵਿੱਚ ਲਿਖੇ ਬਿਭੂਤੀਭੂਸ਼ਣ ਬੰਦੋਪਾਧਿਆਏ ਦੇ ਬੰਗਾਲੀ ਨਾਵਲ ਉੱਤੇ ਆਧਾਰਿਤ ਹੈ। 'ਪਾਥੇਰ ਪੰਜਾਲੀ' ਦੀ ਕਹਾਣੀ 1910 ਵਿੱਚ ਪੇਂਡੂ ਬੰਗਾਲ ਵਿੱਚ ਸ਼ੁਰੂ ਹੁੰਦੀ ਹੈ। ਇੱਥੇ ਹਰੀਹਰ ਰਾਏ ਨਾਮ ਦਾ ਇੱਕ ਵਿਅਕਤੀ ਰਹਿੰਦਾ ਸੀ, ਜੋ ਮੰਦਰ ਦਾ ਪੁਜਾਰੀ ਸੀ। ਪਰ ਉਸਦਾ ਸੁਪਨਾ ਕਵੀ ਅਤੇ ਨਾਟਕਕਾਰ ਬਣਨ ਦਾ ਸੀ। ਫ਼ਿਲਮ ਦੀ ਕਹਾਣੀ ਅਪੂ ਅਤੇ ਉਸ ਦੀ ਵੱਡੀ ਭੈਣ ਦੁਰਗਾ ਦੇ ਗਰੀਬ ਪਰਿਵਾਰ ਦੀ ਕਹਾਣੀ ਨੂੰ ਦਰਸਾਉਂਦੀ ਹੈ। ਇਹ ਦਰਸਾਉਂਦਾ ਹੈ ਕਿ ਉਸ ਦੇ ਪਰਿਵਾਰ ਨੂੰ ਪਿੰਡ ਦੀ ਜ਼ਿੰਦਗੀ ਵਿੱਚ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। 'ਪਾਥੇਰ ਪੰਚਾਲੀ' ਵਿੱਚ ਸੁਬੀਰ ਬੈਨਰਜੀ, ਕਾਨੂ ਬੈਨਰਜੀ, ਕਰੁਣਾ ਬੈਨਰਜੀ ਅਤੇ ਉਮਾ ਦਾਸਗੁਪਤਾ ਵਰਗੇ ਕਲਾਕਾਰ ਸਨ।

**3. ਕਮਲ ਹਾਸਨ ਦੀ ਫ਼ਿਲਮ 'ਨਾਇਕਨ'**

ਕਈ ਬਲਾਕਬਸਟਰ ਫ਼ਿਲਮਾਂ ਦੇਣ ਵਾਲੇ ਅਤੇ ਕਈ ਪੁਰਸਕਾਰ ਜਿੱਤਣ ਵਾਲੇ ਕਮਲ ਹਾਸਨ ਦੀ ਇੱਕ ਫ਼ਿਲਮ ਟਾਈਮ ਮੈਗਜ਼ੀਨ ਦੁਆਰਾ ਦੁਨੀਆਂ ਦੀਆਂ 100 ਸਰਵੋਤਮ ਫ਼ਿਲਮਾਂ ਦੀ ਸੂਚੀ ਵਿੱਚ ਵੀ ਸ਼ਾਮਲ ਸੀ। ਇਸ ਫ਼ਿਲਮ ਦਾ ਨਾਂਅ 'ਨਾਇਕਨ' ਹੈ। ਇਹ 1987 ਵਿੱਚ ਰਿਲੀਜ਼ ਹੋਈ ਸੀ, ਇਹ ਸਿਨੇਮਾਘਰਾਂ ਵਿੱਚ 75 ਦਿਨਾਂ ਤੱਕ ਚੱਲੀ ਸੀ ਅਤੇ ਇੱਕ ਬਲਾਕਬਸਟਰ ਸੀ। ਬਾਅਦ ਵਿੱਚ ਇਹ ਫ਼ਿਲਮ 'ਦਯਾਵਾਨ' ਦੇ ਨਾਂਅ ਨਾਲ ਬਾਲੀਵੁੱਡ ਵਿੱਚ ਬਣੀ। ਇਸ ਵਿੱਚ ਮਾਧੁਰੀ ਦੀਕਸ਼ਿਤ, ਵਿਨੋਦ ਖੰਨਾ ਅਤੇ ਫ਼ਿਰੋਜ਼ ਖਾਨ ਮੁੱਖ ਭੂਮਿਕਾਵਾਂ ਵਿੱਚ ਸਨ।

## ਲੋਕ ਸਭਾ ਚੋਣਾਂ-2024 ਦੌਰਾਨ ਪੰਥਕ ਤੇ ਸਿਆਸੀ ਸੰਕਟ

ਪੰਜਾਬ ਨਾਲ ਠੋਸ ਪ੍ਰਤੀਬੱਧਤਾ ਹੈ। ਇਨ੍ਹਾਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਤਰਜੀਹ ਪੰਜਾਬ ਦੇ ਲੋਕਾਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਦਾ ਮੁੜ ਤੋਂ ਵਿਸ਼ਵਾਸ ਪ੍ਰਾਪਤ ਕਰਨ ਦੀ ਹੋਣੀ ਚਾਹੀਦੀ ਹੈ। ਘੱਟ-ਗਿਣਤੀ ਦੇ ਹੱਕਾਂ ਹਿੱਤਾਂ 'ਤੇ ਦ੍ਰਿੜਤਾ ਨਾਲ ਪਹਿਰਾ ਦੇਣਾ ਅਤੇ ਪੰਜਾਬੀ ਸੂਬੇ ਦਾ ਬਹੁਪੱਖੀ ਵਿਕਾਸ ਕਰਨਾ, ਰਾਜ ਦੇ ਲੋਕਾਂ ਨੂੰ ਬਿਹਤਰ ਜੀਵਨ ਪੱਧਰ ਦੇਣਾ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਕੇ ਰਾਜਾਂ ਲਈ ਵਧੇਰੇ ਅਧਿਕਾਰ ਹਾਸਲ ਕਰਨਾ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਏਜੰਡਾ ਹੋਣਾ ਚਾਹੀਦਾ ਹੈ।

ਚਿੰਤਕ ਹਮੀਰ ਸਿੰਘ ਆਖਦੇ ਹਨ ਕਿ 2012 ਤੋਂ 2017 ਤੱਕ ਸਰਕਾਰ ਚਲਾਉਣ ਸਮੇਂ ਇਹ ਸਿੱਖ ਪੰਥ ਅਤੇ ਕਿਸਾਨੀ ਵਿੱਚ ਆਪਣਾ ਮਜ਼ਬੂਤ ਅਧਾਰ ਬਣਾ ਕੇ ਨਹੀਂ ਰੱਖ ਸਕੀ, ਇਸ ਕਾਰਨ ਹੀ ਇਸ ਦੀ ਹਾਲਤ ਪਤਲੀ ਹੋਈ ਹੈ। 2020 ਵਿੱਚ ਆਰੰਭ ਹੋਏ ਕਿਸਾਨ ਅੰਦੋਲਨ ਦੀਆਂ ਮੰਗਾਂ ਸੰਬੰਧੀ ਵੀ ਸਮੇਂ ਸਿਰ ਇਹ ਸਪੱਸ਼ਟ ਸਟੈਂਡ ਨਹੀਂ ਲੈ ਸਕੀ। ਇਸ 'ਤੇ ਇਹ ਵੀ ਦੋਸ਼ ਲਗਦੇ ਰਹੇ ਹਨ ਕਿ ਭਾਜਪਾ ਦੀ ਲੰਮੇ ਸਮੇਂ ਤੱਕ ਭਾਈਵਾਲ ਰਹਿਣ ਕਾਰਨ ਇਹ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ, ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਹਾਸਲ ਕਰਨ ਅਤੇ ਦਰਿਆਈ ਪਾਣੀਆਂ ਸੰਬੰਧੀ ਇਨਸਾਫ਼ ਪ੍ਰਾਪਤ ਕਰਨ ਦੇ ਮਾਮਲਿਆਂ ਨੂੰ ਵੀ ਇਹ ਜ਼ੋਰਦਾਰ ਢੰਗ ਨਾਲ ਉਠਾਉਣ ਵਿੱਚ ਅਸਫ਼ਲ ਰਹੀ ਹੈ ਪਰ ਅੱਜ ਜਦੋਂ ਅਕਾਲੀ ਦਲ ਭਾਜਪਾ ਦਾ ਭਾਈਵਾਲ ਨਹੀਂ ਰਿਹਾ ਅਤੇ ਭਾਜਪਾ ਵੀ ਵਧੇਰੇ ਦ੍ਰਿੜਤਾ ਨਾਲ ਆਪਣੇ ਸਿਆਸੀ ਲਾਭਾਂ ਲਈ ਫਿਰਕੂ ਧਰੁਵੀਕਰਨ ਦੀ ਰਾਜਨੀਤੀ 'ਤੇ ਚਲਦੀ ਹੋਈ ਘੱਟ-ਗਿਣਤੀਆਂ ਵਿਰੁੱਧ ਪੈਂਤੜੇਬਾਜ਼ੀ ਕਰ ਰਹੀ ਹੈ ਤਾਂ ਅਕਾਲੀ ਦਲ ਕੋਲ ਵੀ ਇੱਕ ਵੱਡਾ ਮੌਕਾ ਹੈ ਕਿ ਉਹ ਆਪਣੇ ਪੁਰਾਣੇ ਮੁੱਖ ਸਿਧਾਂਤਾਂ ਵੱਲ ਪਰਤ ਕੇ ਆਪਣੇ-ਆਪ ਨੂੰ ਮੁੜ ਮਜ਼ਬੂਤ ਕਰੇ। ਇਸ ਸਮੇਂ ਪੰਜਾਬ ਨੂੰ ਇੱਕ ਅਜਿਹੀ ਮਜ਼ਬੂਤ ਖੇਤਰੀ ਪਾਰਟੀ ਦੀ ਲੋੜ ਹੈ, ਜੋ ਰਾਜ ਦੇ ਹੱਕਾਂ, ਹਿੱਤਾਂ ਦੀ ਰਾਖੀ ਕਰ ਸਕੇ, ਸਿੱਖ ਘੱਟ-ਗਿਣਤੀ ਦੇ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਹੋਰ ਮਸਲੇ ਹੱਲ ਕਰਵਾ ਸਕੇ, ਕਿਸਾਨਾਂ ਨੂੰ ਫ਼ਸਲਾਂ ਦੇ ਵਾਜਬ ਭਾਅ ਦੁਆ ਸਕੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਲੋਕ ਸਭਾ ਦੀਆਂ ਇਨ੍ਹਾਂ ਚੋਣਾਂ ਵਿੱਚ ਅਕਾਲੀ ਦਲ ਕਿੰਨੀਆਂ ਸੀਟਾਂ ਜਿੱਤਦਾ ਹੈ ਜਾਂ ਨਹੀਂ ਜਿੱਤਦਾ, ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਅਕਾਲੀ ਦਲ ਦਾ ਮੁਖ ਮਨੋਰਥ ਸਿੱਖ ਭਾਈਚਾਰੇ ਅਤੇ ਪੰਜਾਬ ਦੇ ਹੋਰ ਸਮੂਹ ਲੋਕਾਂ ਦਾ ਵਿਸ਼ਵਾਸ ਜਿੱਤਣਾ ਹੈ। ਪੰਜਾਬ ਦੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਸੰਬੰਧੀ ਇਨ੍ਹਾਂ ਚੋਣਾਂ ਵਿੱਚ ਅਕਾਲੀ ਦਲ ਚੋਖੀ ਪ੍ਰਾਪਤੀ ਹਾਸਲ ਕਰਦਾ ਹੈ ਤਾਂ ਭਵਿੱਖ ਦੀ ਰਾਜਨੀਤੀ ਵਿੱਚ ਇਹ ਮੁੜ ਵੱਡਾ ਰੋਲ ਅਦਾ ਕਰਨ ਦੇ ਸਮਰੱਥ ਹੋ ਜਾਵੇਗਾ। ਜਿਸ ਤਰ੍ਹਾਂ ਦੀ ਇਸ ਸਮੇਂ ਦੇਸ਼ ਵਿੱਚ ਫਿਰਕੂ ਰਾਜਨੀਤੀ ਚੱਲ ਰਹੀ ਹੈ, ਉਸ ਵਿੱਚ ਅਕਾਲੀ ਦਲ ਵਰਗੀ ਪਾਰਟੀ ਦਾ ਮਜ਼ਬੂਤ ਹੋਣਾ, ਆਪਣੇ ਖਿੱਤੇ ਦੇ ਲੋਕਾਂ ਨੂੰ ਸੁਚੱਜੀ ਰਹਿਨੁਮਾਈ ਦੇਣਾ ਬੇਹੱਦ ਜ਼ਰੂਰੀ ਹੈ।

ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆਂ ਦਾ ਕਹਿਣਾ ਹੈ ਕਿ ਹੁਣ ਅਕਾਲੀ ਦਲ ਉਸ ਸਥਾਨ 'ਤੇ ਆ ਖੜ੍ਹਾ ਹੋਇਆ ਹੈ ਜਿੱਥੇ ਇਸ ਲਈ ਆਪਣਾ ਵਕਾਰ ਬਣਾਈ ਰੱਖਣਾ ਹੀ ਮੁੱਖ ਚੁਣੌਤੀ ਬਣ ਗਿਆ ਹੈ। ਹੁਣ ਅਕਾਲੀ ਦਲ ਨੂੰ ਮੁੜ ਖੜ੍ਹਾ ਹੋਣ ਲਈ ਆਪਣੇ ਆਪ ਵਿੱਚ ਸੁਧਾਰ ਕਰਨੇ ਪੈਣਗੇ ਅਤੇ ਸ਼੍ਰੋਮਣੀ ਕਮੇਟੀ ਨੂੰ ਨਿਰੋਲ ਗੁਰਦੁਆਰਿਆਂ ਦੀ ਸਾਂਭ ਸੰਭਾਲ ਅਤੇ ਸਿੱਖ ਪ੍ਰਚਾਰ ਲਈ ਆਜ਼ਾਦ ਕਰਨਾ ਪਵੇਗਾ। ਇਸ ਨਾਲ ਹੀ ਇਹ ਸਿੱਖਾਂ ਦਾ ਭਰੋਸਾ ਜਿੱਤ ਸਕਦਾ ਹੈ। ਸਿਰਫ਼ ਵੋਟਾਂ ਖਾਤਰ ਇਨ੍ਹਾਂ ਸਾਂਝੀਆਂ ਧਾਰਮਿਕ ਸੰਸਥਾਵਾਂ ਨੂੰ ਵਰਤਣਾ ਬੰਦ ਕਰਨ ਵਿੱਚ ਹੀ ਅਕਾਲੀ ਦਲ ਦੀ ਭਲਾਈ ਹੈ।

***

## ਖੇਤਾਂ ਤੋਂ ਲੈ ਕੇ ਚੋਣ ਬੂਥਾਂ ਤੱਕ ਭਾਜਪਾ ਨੇ

ਅਤੇ ਭਾਜਪਾ ਦੀਆਂ ਚੋਣ ਸੰਭਾਵਨਾਵਾਂ ਲਈ ਇੱਕ ਵੱਡੀ ਚੁਣੌਤੀ ਹੈ। ਯਾਦ ਰਹੇ ਕਿ ਭਾਰਤ ਦੇ ਕਿਸਾਨਾਂ ਨੇ ਫ਼ਰਵਰੀ 2024 ਤੋਂ ਪੰਜਾਬ ਅਤੇ ਹਰਿਆਣਾ ਦੀਆਂ ਸਰਹੱਦਾਂ 'ਤੇ ਮੁੜ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਸੀ। ਉਹ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਦੀ ਗਾਰੰਟੀ ਵਾਲੇ ਕਾਨੂੰਨ ਦੀ ਆਪਣੀ ਪੁਰਾਣੀ ਮੰਗ ਨੂੰ ਲੈ ਕੇ ਪ੍ਰਦਰਸ਼ਨਾਂ 'ਤੇ ਪਰਤ ਆਏ ਸਨ। ਭਾਵੇਂ ਕਿ 2020-2021 ਦੇ ਕਿਸਾਨ ਪ੍ਰਦਰਸ਼ਨਾਂ ਦੌਰਾਨ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਦੁਆਰਾ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨ ਦੀ ਮੰਗ ਮੰਨਣ ਦਾ ਵਾਅਦਾ ਕੀਤਾ ਗਿਆ ਸੀ, ਇਸ ਕਾਰਨ ਕਿਸਾਨਾਂ ਨੂੰ ਆਪਣਾ ਸਾਲ ਭਰ ਚੱਲਿਆ ਵਿਰੋਧ ਬੰਦ ਕਰਨਾ ਪਿਆ ਸੀ। ਹਾਲਾਂ ਕਿ, ਕਿਸਾਨਾਂ ਨਾਲ ਮੋਦੀ ਸਰਕਾਰ ਵੱਲੋਂ ਵਾਅਦਾ ਪੂਰਾ ਨਹੀਂ ਕੀਤਾ ਗਿਆ। ਇਸ ਕਾਰਨ ਇਸ ਸਾਲ ਵਿਰੋਧ ਪ੍ਰਦਰਸ਼ਨਾਂ ਫਿਰ ਸ਼ੁਰੂ ਹੋ ਗਏ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਿਸਾਨੀ ਮਾਮਲਾ ਵੋਟਿੰਗ ਦੇ ਨਤੀਜਿਆਂ ਨੂੰ ਪ੍ਰਭਾਵਤ ਕਰੇਗਾ?

ਭਾਰਤ ਦੀਆਂ 18ਵੀਂ ਲੋਕ ਸਭਾ ਚੋਣਾਂ ਲਈ ਫ਼ੇਜ਼ 1 ਅਤੇ 2 ਦੀ ਵੋਟਿੰਗ ਪੂਰੀ ਹੋ ਚੁੱਕੀ ਹੈ। ਮਹਾਰਾਸ਼ਟਰ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਸਮੇਤ ਹੋਰ ਰਾਜਾਂ ਵਿੱਚ ਵੋਟਿੰਗ ਦੇ ਦੋ ਗੇੜ ਸ਼ੁਰੂ ਹੋ ਗਏ ਹਨ। ਹਾਲਾਂ ਕਿ, ਹਰਿਆਣਾ ਅਤੇ ਪੰਜਾਬ ਦੋਵੇਂ ਕ੍ਰਮਵਾਰ 25 ਮਈ ਅਤੇ 1 ਜੂਨ ਨੂੰ ਇੱਕ ਸਿੰਗਲ ਗੇੜ (6ਵੇਂ ਅਤੇ 7ਵੇਂ ਗੇੜ) ਵਿੱਚ ਵੋਟ ਪਾਉਣਗੇ।

2020-2021 ਦੇ ਕਿਸਾਨ ਪ੍ਰਦਰਸ਼ਨਾਂ ਤੋਂ ਬਾਅਦ ਪੰਜਾਬ ਦੀ ਸਿਆਸਤ ਉੱਪਰ ਡੂੰਘਾ ਅਸਰ ਪਿਆ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਪੰਜਾਬ ਵਿੱਚ ਸਿਰਫ਼ 2 ਸੀਟਾਂ ਮਿਲੀਆਂ। ਆਮ ਆਦਮੀ ਪਾਰਟੀ ਕਰੀਬ 92 ਸੀਟਾਂ ਜਿੱਤ ਕੇ ਭਗਵੰਤ ਮਾਨ ਮੁੱਖ ਮੰਤਰੀ ਬਣੇ ਸਨ।

ਹਾਲਾਂ ਕਿ, ਮਿੰਟ ਮੀਡੀਆ ਦੇ ਵਿਸ਼ਲੇਸ਼ਣ ਦੇ ਅਨੁਸਾਰ, ਕਿਸਾਨਾਂ ਦੀ ਅਸੰਤੁਸ਼ਟੀ 2022 ਦੌਰਾਨ ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਸੀਟਾਂ ਦੌਰਾਨ ਭਾਜਪਾ ਦੇ ਨਤੀਜਿਆਂ ਉੱਪਰ ਕੋਈ ਪ੍ਰਭਾਵ ਨਹੀਂ ਦਿਖਾਈ ਦਿੱਤਾ। ਯੂਪੀ ਵਿਧਾਨ ਸਭਾ ਚੋਣਾਂ ਵਿੱਚ ਦੇਖਿਆ ਗਿਆ ਕਿ ਜਾਟਾਂ ਦੀ ਵੱਡੀ ਆਬਾਦੀ ਵਾਲੇ ਜ਼ਿਲ੍ਹਿਆਂ ਨੇ ਭਾਜਪਾ ਨੂੰ ਚੁਣਿਆ, ਜਿਸ ਕਾਰਨ ਭਾਜਪਾ ਦੀ ਜਿੱਤ ਹੋਈ। ਮੁਜ਼ੱਫ਼ਰਨਗਰ ਦੀਆਂ ਛੇ ਵਿੱਚੋਂ ਚਾਰ ਸੀਟਾਂ ਜਿੱਤੀਆਂ। ਹਾਲਾਂ ਕਿ, 2022 ਦੀਆਂ ਉਸੇ ਰਾਜ ਚੋਣਾਂ ਵਿੱਚ, ਭਾਜਪਾ ਨੂੰ ਯੂ. ਪੀ. ਦੇ ਚਾਰ ਜ਼ਿਲ੍ਹਿਆਂ, ਮੁਜ਼ੱਫ਼ਰਨਗਰ, ਮੇਰਠ, ਸ਼ਾਮਲੀ ਅਤੇ ਬਾਗਪਤ ਸਮੇਤ 19 ਵਿਧਾਨ ਸਭਾ ਸੀਟਾਂ ਵਿੱਚੋਂ 13 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਹੁਣ ਵੀ ਸੱਤਾਧਾਰੀ ਪਾਰਟੀ ਦੇ ਪ੍ਰਤੀ ਕਿਸਾਨ ਭਾਈਚਾਰਾ ਅਸੰਤੁਸ਼ਟ ਹੈ। ਰਾਜਸਥਾਨ ਵਿੱਚ ਵੀ ਜਾਟ ਭਾਈਚਾਰੇ ਵਿੱਚ ਅਜਿਹੀ ਹੀ ਭਾਜਪਾ ਵਿਰੋਧੀ ਭਾਵਨਾ ਦੇਖਣ ਨੂੰ ਮਿਲ ਰਹੀ ਹੈ। ਇੰਡੀਅਨ ਐਕਸਪ੍ਰੈਸ ਦੇ ਇੱਕ ਲੇਖ ਦੇ ਅਨੁਸਾਰ, ਰਾਜ ਦੇ ਸ਼ੇਖਾਵਤੀ ਖੇਤਰ ਵਿੱਚ ਮੋਦੀ ਲਹਿਰ ਫਿੱਕੀ ਪੈ ਗਈ ਹੈ, ਜਿੱਥੇ ਜਾਟ ਵੱਡੀ ਗਿਣਤੀ ਵਿੱਚ ਹਨ ਅਤੇ ਇਸ ਦੀ ਬਜਾਏ ਸਥਾਨਕ ਮੁੱਦਿਆਂ ਨੂੰ ਪਹਿਲ ਦਿੱਤੀ ਗਈ ਹੈ। ਦੱਸਿਆ ਜਾਂਦਾ ਹੈ ਕਿ ਇਸ ਇਲਾਕੇ ਦੀਆਂ ਚਾਰ ਸੀਟਾਂ 'ਤੇ ਜਾਟ ਭਾਈਚਾਰੇ ਦਾ ਪ੍ਰਭਾਵ ਹੈ। ਇਸੇ ਤਰ੍ਹਾਂ ਸੂਬੇ ਦੇ ਗੰਗਾਨਗਰ ਵਿੱਚ ਵੀ ਜਾਟ ਭਾਈਚਾਰੇ ਦਾ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ। ਇਸ ਦਾ ਨਤੀਜਾ ਰਾਜ ਦੀਆਂ 2023 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਪੱਸ਼ਟ ਸੀ, ਜਿੱਥੇ ਭਾਜਪਾ ਨੇ ਗੰਗਾਨਗਰ ਵਿੱਚ ਕਾਫ਼ੀ ਮਾੜਾ ਪ੍ਰਦਰਸ਼ਨ ਕੀਤਾ। ਇਥੇ ਹਜ਼ਾਰਾਂ ਲੋਕ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਸਰਕਾਰ ਵਿਰੁੱਧ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਏ ਸਨ।

ਆਲ ਇੰਡੀਆ ਜਾਟ ਆਰਕਸ਼ਣ ਸੰਘਰਸ਼ ਸਮਿਤੀ ਦੇ ਪ੍ਰਧਾਨ ਯਸ਼ਪਾਲ ਮਲਿਕ ਦਾ ਕਹਿਣਾ ਹੈ ਕਿ ਇਹ ਗੁੱਸਾ ਸਿਰਫ਼ ਰਾਜਸਥਾਨ ਵਿੱਚ ਹੀ ਨਹੀਂ, ਸਗੋਂ ਪੰਜਾਬ, ਹਰਿਆਣਾ ਅਤੇ ਯੂਪੀ ਦੇ ਜਾਟ ਕੇਂਦਰਿਤ ਖੇਤਰਾਂ ਵਿੱਚ ਵੀ ਹੈ। ਵਿਰੋਧ ਪ੍ਰਦਰਸ਼ਨਾਂ ਦੌਰਾਨ (2020-21 ਅਤੇ ਇਸ ਸਾਲ ਦੇ ਸ਼ੁਰੂ ਵਿੱਚ) ਕਿਸਾਨਾਂ ਨਾਲ ਪਾਰਟੀ ਦਾ ਵਤੀਰਾ ਹੈ। ਭਾਜਪਾ ਨੇ (ਆਪਣੇ ਚੋਣ ਮਨੋਰਥ ਪੱਤਰ ਵਿੱਚ) ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਸੀ, ਪਰ ਜਦੋਂ ਕਿਸਾਨਾਂ ਨੇ ਇਸ ਦੀ ਮੰਗ ਨੂੰ ਲੈ ਕੇ ਅੰਦੋਲਨ ਸ਼ੁਰੂ ਕੀਤਾ ਤਾਂ ਭਾਜਪਾ ਨੇ ਉਨ੍ਹਾਂ ਨੂੰ ਦਬਾਉਣ ਲਈ ਬੇਰਹਿਮ ਹੱਥਕੰਡੇ ਵਰਤੇ। 2019 ਦੀਆਂ ਚੋਣਾਂ ਵਿੱਚ ਜਾਟ ਭਾਈਚਾਰੇ ਨੇ ਕਾਂਗਰਸ ਨਾਲੋਂ ਥੋੜੇ ਜਿਹੇ ਫ਼ਰਕ ਨਾਲ ਭਾਜਪਾ ਦਾ ਸਮਰਥਨ ਕੀਤਾ, ਜਿੱਥੇ ਕਾਂਗਰਸ ਨੂੰ ਭਾਈਚਾਰੇ ਦੀਆਂ 39% ਵੋਟਾਂ ਮਿਲੀਆਂ, ਜਦਕਿ ਭਾਜਪਾ ਨੂੰ 42% ਵੋਟਾਂ ਮਿਲੀਆਂ।

ਇਸ ਤਰ੍ਹਾਂ ਖੇਤੀ ਸੰਕਟ ਨੇ ਭਾਜਪਾ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਮਹਾਰਾਸ਼ਟਰ ਦੇ ਵਿਦਰਭ ਅਤੇ ਮਰਾਠਵਾੜਾ ਖੇਤਰਾਂ ਵਿੱਚ ਬੁਲਢਾਨਾ, ਅਕੋਲਾ, ਅਮਰਾਵਤੀ, ਵਰਧਾ, ਯਵਤਮਾਲ-ਵਾਸ਼ਿਮ, ਹਿੰਗੋਲੀ, ਨਾਂਦੇੜ ਸੋਕੇ ਅਤੇ ਬੇਮੌਸਮੀ ਬਾਰਸ਼ ਦੇ ਗੰਭੀਰ ਹਾਲਾਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਖੇਤੀਬਾੜੀ ਸੰਕਟ ਗੰਭੀਰ ਹੈ। ਫ਼ੇਜ਼ 1 ਅਤੇ 2 ਦੇ ਵੋਟਿੰਗ ਦੀਆਂ ਸ਼ੁਰੂਆਤੀ ਰਿਪੋਰਟਾਂ ਨੇ ਇਸ ਸੰਭਾਵਨਾ ਵੱਲ ਇਸ਼ਾਰਾ ਕੀਤਾ ਹੈ ਕਿ ਭਾਜਪਾ ਨੂੰ ਇਨ੍ਹਾਂ ਖੇਤਰਾਂ ਵਿੱਚ ਸਖ਼ਤ ਟੱਕਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਭਾਰਤ ਦੇ ਕੁਝ ਹਿੱਸਿਆਂ ਵਿੱਚ ਅਸੰਤੋਸ਼ ਜਾਰੀ ਹੈ। ਦੇਖਣਾ ਇਹ ਹੋਵੇਗਾ ਕਿ ਇਸ ਦਾ ਨਤੀਜਾ ਭਾਜਪਾ ਲਈ ਕਿੰਨਾ ਕੁ ਵੱਡਾ ਹਾਰ ਚੈਲਿੰਜ ਬਣਦਾ ਹੈ।

****

## ਫਿਰੋਜ਼ਪੁਰ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

ਜਿਸ ਕਾਰਨ ਅਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਵਾਰ-ਵਾਰ ਵਾਪਰ ਰਹੀਆਂ ਹਨ।

**ਕੀ ਕਹਿੰਦੇ ਹਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ:** ਫ਼ਿਰੋਜ਼ਪੁਰ ਦੇ ਪਿੰਡ ਬੰਡਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਘਟਨਾ ਲਈ ਬਣਾਈ ਕਮੇਟੀ ਨੇ ਘਟਨਾ ਸਥਾਨ ਦਾ ਦੌਰਾ ਕਰਕੇ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਭੇਜ ਦਿੱਤੀ ਹੈ। ਜਥੇਦਾਰ ਰਘਬੀਰ ਸਿੰਘ ਇਸ ਦਾ ਅਧਿਐਨ ਕਰਨ ਤੋਂ ਬਾਅਦ ਹੀ ਕੋਈ ਅਗਲੀ ਕਾਰਵਾਈ ਕਰਨਗੇ।

ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਅਜਿਹੀਆਂ ਘਟਨਾਵਾਂ ਨੂੰ ਵੱਡੀ ਸਾਜ਼ਿਸ਼ ਦਾ ਹਿੱਸਾ ਕਰਾਰ ਦਿੱਤਾ ਹੈ। ਉਨ੍ਹਾਂ ਸੰਗਤਾਂ ਤੇ ਪ੍ਰਬੰਧਕਾਂ ਨੂੰ ਗੁਰਦੁਆਰਾ ਸਾਹਿਬਾਨ ਵਿਖੇ ਸੀਸੀਟੀਵੀ ਕੈਮਰਿਆਂ ਰਾਹੀਂ ਨਿਗਰਾਨੀ ਅਤੇ ਸੁਰੱਖਿਆ ਲਈ ਹਰ ਸਮੇਂ ਸੇਵਾਦਾਰਾਂ ਦੀ ਹਾਜ਼ਰੀ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਹੈ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਵੀ ਚੇਤਾਵਨੀ ਹੈ ਕਿ ਬੇਅਦਬੀ ਦੇ ਦੋਸ਼ੀ ਦੀ ਮੌਤ ਨੂੰ ਲੈ ਕੇ ਸੰਗਤ ਜਾਂ ਕਿਸੇ ਵੀ ਸਿੱਖ ਨੂੰ ਤੰਗ-ਪ੍ਰੇਸ਼ਾਨ ਕਰਨ ਦੀ ਬਜਾਏ ਜਲਦ ਤੋਂ ਜਲਦ ਇਹ ਸੱਚਾਈ ਸੰਗਤ ਦੇ ਸਾਹਮਣੇ ਲਿਆਂਦੀ ਜਾਵੇ ਕਿ ਉਕਤ ਬੇਅਦਬੀ ਦੇ ਦੋਸ਼ੀ ਨੂੰ ਕਿਸ ਨੇ ਅਤੇ ਕਿਸ ਸਾਜਿਸ਼ ਤਹਿਤ ਭੇਜਿਆ।"

***

## ਤਾਮਿਲਨਾਡੂ ਦੇ ਦਲਿਤ ਤੋਂ ਸਿੱਖ ਬਣੇ ਜੀਵਨ ਸਿੰਘ

ਵੱਲੋਂ ਚੋਣ ਲੜਨਗੇ। ਜੀਵਨ ਸਿੰਘ (ਪਹਿਲਾਂ ਜੀਵਨ ਕੁਮਾਰ ਮੱਲਾ) ਇੱਕ ਦਲਿਤ ਭਾਈਚਾਰੇ ਨਾਲ ਸਬੰਧਿਤ ਹਨ, ਉਨ੍ਹਾਂ ਨੇ ਜਨਵਰੀ 2023 ਵਿੱਚ ਸਿੱਖ ਧਰਮ ਅਪਣਾਇਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ 1996 ਵਿੱਚ ਇਸ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਪੇਰੀਆਰ ਅਤੇ ਕਾਂਸ਼ੀ ਰਾਮ ਬੀਡੀਪੀ ਦੇ ਪ੍ਰਤੀਕ ਹਨ। ਉਨ੍ਹਾਂ ਕਿਹਾ, ਪੰਜਾਬ ਤੋਂ ਮੇਰਾ ਮੁਕਾਬਲਾ ਤੁਰੰਤ ਚੋਣ ਨਤੀਜਿਆਂ ਤੋਂ ਪਰੇ ਹੈ, ਅਤੇ ਇਸ ਦਾ ਮਜ਼ਬੂਤ ???ਰਾਜਨੀਤਿਕ ਅਤੇ ਸੱਭਿਆਚਾਰਕ ਸੰਦੇਸ਼ ਹੈ ਕਿਉਂਕਿ ਅਸੀਂ ਗੁਰੂ ਨਾਨਕ ਦੇ ਵਿਚਾਰਾਂ ਨੂੰ ਫੈਲਾਉਣ ਲਈ ਬਹੁਤ ਉਤਸੁਕ ਹਾਂ।

ਉਨ੍ਹਾਂ ਦੱਸਿਆ ਕਿ ਉਹ ਤਾਮਿਲਨਾਡੂ ਦੇ ਦੇਵੇਂਦਰ ਕੁਲਾ ਵੇਲਾਲਰ ਭਾਈਚਾਰੇ ਨਾਲ ਸਬੰਧਿਤ ਹਨ। ਉਹ ਸਾਰੇ ਛੋਟੇ ਅਤੇ ਸੀਮਾਂਤ ਕਿਸਾਨ ਹਨ, 60% ਲੋਕ ਬੇਜ਼ਮੀਨੇ ਖੇਤੀਬਾੜੀ ਕੁਲੀ ਹਨ।

***

## ਵਿਦੇਸ਼ਾਂ 'ਚ ਫਿੱਕੀ ਹੋ ਰਹੀ ਭਾਰਤੀ ਗਹਿਣਿਆਂ ਦੀ ਚਮਕ

ਅਤੇ ਗਹਿਣਿਆਂ ਦਾ ਐਕਸਪੋਰਟ 32.71 ਅਰਬ ਡਾਲਰ ਦੇਖਣ ਨੂੰ ਮਿਲਿਆ, ਜਦਕਿ ਮਾਲੀ ਸਾਲ 2023 'ਚ ਇਹ ਅੰਕੜਾ 37.96 ਅਰਬ ਡਾਲਰ ਰਿਹਾ ਜੋ ਕਿ 2024 ਦੇ ਮੁਕਾਬਲੇ 5.25 ਅਰਬ ਡਾਲਰ ਜ਼ਿਆਦਾ ਸੀ।

ਇਸ ਦਾ ਮਤਲਬ ਹੈ ਕਿ ਬੀਤੇ ਇਕ ਸਾਲ 'ਚ ਜੈੱਮਸ ਐਂਡ ਜਿਊਲਰੀ ਦੇ ਐਕਸਪੋਰਟ 'ਚ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ। ਉਥੇ ਦੂਜੇ ਪਾਸੇ ਮਾਲੀ ਸਾਲ 'ਚ ਜੈੱਮਸ ਐਂਡ ਜਿਊਲਰੀ ਦੇ ਐਕਸਪੋਰਟ ਦਾ ਅੰਕੜਾ 38.94 ਅਰਬ ਡਾਲਰ ਸੀ, ਜੋ 2023 ਦੇ ਮੁਕਾਬਲੇ ਲਗਭਗ 1 ਬਿਲੀਅਨ ਡਾਲਰ ਜ਼ਿਆਦਾ ਸੀ। 2024 ਦੇ ਮੁਕਾਬਲੇ ਇਹ ਫਰਕ 6 ਅਰਬ ਡਾਲਰ ਤੋਂ ਜ਼ਿਆਦਾ ਭਾਵ ਲਗਭਗ 52 ਹਜ਼ਾਰ ਕਰੋੜ ਰੁਪਏ ਦਾ ਹੋ ਗਿਆ। ਇਸ ਦਾ ਮਤਲਬ ਹੈ ਕਿ ਐਕਸਪੋਰਟ 'ਚ ਦੇਸ਼ ਨੂੰ ਇਸ ਕੈਟੇਗਰੀ 'ਚ 2 ਸਾਲਾਂ 'ਚ ਕਾਫੀ ਵੱਡਾ ਨੁਕਸਾਨ ਹੋ ਚੁੱਕਾ ਹੈ।

***

## ਬਾਬਾ ਬੇਦੀ ਵੱਲੋਂ ਖਡੂਰ ਸਾਹਿਬ ਤੋਂ

ਇਸ ਨੇ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਦੀ ਖ਼ੁਦਮੁਖਤਿਆਰੀ ਭੰਗ ਕਰਕੇ ਆਪਣਾ ਪਰਿਵਾਰਕ ਵਿੰਗ ਬਣਾ ਲਿਆ ਹੈ ਅਤੇ ਸਿੱਖ ਪੰਥ ਤੇ ਸੱਚੀ ਪਾਤਸ਼ਾਹੀ ਦੇ ਕਟਿਹਰੇ ਵਿੱਚ ਦੋਸ਼ੀ ਸਿੱਧ ਹੋਏ ਹਨ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਆਤਮ- ਹਤਿਆ ਦੇ ਰਸਤੇ ਵਲ ਲੈ ਆਏ ਹਨ। ਇਹੀ ਕਾਰਨ ਹੈ ਕਿ ਸਿਖ ਜਗਤ ਵਿੱਚ ਉਨ੍ਹਾਂ ਪ੍ਰਤੀ ਕੋਈ ਹਮਦਰਦੀ ਨਹੀਂ ਬਚੀ।

ਬਾਬਾ ਬੇਦੀ ਨੇ ਕਿਹਾ ਕਿ ਪੰਜਾਬ ਵਿੱਚ ਲੋਕ ਸਭਾ ਲਈ 1 ਜੂਨ ਨੂੰ ਵੋਟਾਂ ਪੈਣੀਆਂ ਹਨ। ਵੋਟਾਂ ਪੈਣ ਵਿੱਚ ਲਗਭਗ ਇਕ ਮਹੀਨੇ ਦਾ ਸਮਾਂ ਬਾਕੀ ਹੈ। ਇਸ ਸੰਬੰਧ ਵਿੱਚ ਚੋਣ ਲੜ ਰਹੇ ਪੰਥਕ ਧੜਿਆਂ ਨੂੰ ਪੰਜਾਬੀਆਂ ਤੇ ਪੰਥ ਨੂੰ ਇਹ ਸਪੱਸ਼ਟ ਸੁਨੇਹਾ ਦੇਣਾ ਚਾਹੀਦਾ ਹੈ ਕਿ ਪੰਥਕ ਉਮੀਦਵਾਰਾਂ ਦੀ ਪੰਥ ਤੇ ਪੰਜਾਬ ,ਪੰਜਾਬੀਅਤ ਨਾਲ ਠੋਸ ਪ੍ਰਤੀਬੱਧਤਾ ਹੈ। ਉਨ੍ਹਾਂ ਦਾ ਨਿਸ਼ਾਨਾ ਗੁਰੂ ਗ੍ਰੰਥ ਸਾਹਿਬ ਅਨੁਸਾਰ ਬੇਗਮਪੁਰਾ, ਹਲੇਮੀ ਰਾਜ ਹੈ। ਦਲਿਤਾਂ,ਘੱਟ-ਗਿਣਤੀ ਤੇ ਕਿਸਾਨਾਂ ਦੇ ਹੱਕਾਂ ਹਿੱਤਾਂ 'ਤੇ ਦ੍ਰਿੜਤਾ ਨਾਲ ਪਹਿਰਾ ਦੇਣਾ ਅਤੇ ਪੰਜਾਬੀ ਸੂਬੇ ਦਾ ਬਹੁਪੱਖੀ ਵਿਕਾਸ ਲਈ ਅਵਾਜ਼ ਬੁਲੰਦ ਕਰਨਾ, ਧਾਰਮਿਕ ਵੰਨ-ਸੁਵੰਨਤਾ ਅਤੇ ਸੂਬਿਆਂ ਦੇ ਰਾਜਸੀ ਅਧਿਕਾਰਾਂ ਦੀ ਰਖਵਾਲੀ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਵਧਣਾ ਸਾਡਾ ਮੁੱਖ ਏਜੰਡਾ ਹੈ।

***

## ਦਿੱਲੀ ਦੇ ਉਪ-ਰਾਜਪਾਲ ਵੱਲੋਂ ਕੇਜਰੀਵਾਲ ਖ਼ਿਲਾਫ਼

ਭੁੱਲਰ ਨੂੰ ਜੂਨ 2015 ਦੌਰਾਨ ਸਿਹਤ ਕਾਰਨਾਂ ਕਰਕੇ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਸੂਤਰਾਂ ਅਨੁਸਾਰ ਰਾਜਪਾਲ ਸਕਸੈਨਾ ਨੇ ਪੱਤਰ ਵਿੱਚ ਕਿਹਾ ਹੈ ਕਿ ਸ਼ਿਕਾਇਤਕਰਤਾ ਵੱਲੋਂ ਜੋੜੇ ਗਏ ਇਲੈਕਟ੍ਰਾਨਿਕ ਸਬੂਤਾਂ ਲਈ ਫ਼ੋਰੈਂਸਿਕ ਜਾਂਚ ਸਮੇਤ ਹੋਰ ਜਾਂਚ ਦੀ ਲੋੜ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਸ਼ਿਕਾਇਤ ਇੱਕ ਮੁੱਖ ਮੰਤਰੀ ਵਿਰੁੱਧ ਕੀਤੀ ਗਈ ਹੈ ਤੇ ਇੱਕ ਪਾਬੰਦੀਸ਼ੁਦਾ ਸੰਗਠਨ ਤੋਂ ਪ੍ਰਾਪਤ ਸਿਆਸੀ ਫ਼ੰਡਿੰਗ ਨਾਲ ਸਬੰਧਿਤ ਹੈ। ਇਹ ਕਦਮ ਚੱਲ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੁਪਰੀਮ ਕੋਰਟ ਵੱਲੋਂ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇਣ ਬਾਰੇ ਵਿਚਾਰ ਕਰਨ ਤੋਂ ਇੱਕ ਦਿਨ ਪਹਿਲਾਂ ਆਇਆ ਹੈ। 'ਆਪ' ਮੁਖੀ, ਜੋ ਤਿਹਾੜ ਜੇਲ੍ਹ 'ਚ ਬੰਦ ਹਨ, ਨੂੰ ਇਨਫ਼ੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ 21 ਮਾਰਚ ਨੂੰ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਹ ਸ਼ਿਕਾਇਤ ਖ਼ਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਦੁਆਰਾ ਜਾਰੀ ਕੀਤੀ ਗਈ ਵੀਡੀਓ ਦਾ ਹਵਾਲਾ ਦਿੰਦੀ ਹੈ, ਜਿਸ ਵਿੱਚ ਉਸ ਨੇ ਦੋਸ਼ ਲਗਾਇਆ ਸੀ ਕਿ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਨੇ 2014 ਤੋਂ 2022 ਦਰਮਿਆਨ ਖ਼ਾਲਿਸਤਾਨੀ ਸਮੂਹਾਂ ਤੋਂ 16 ਮਿਲੀਅਨ ਡਾਲਰ ਪ੍ਰਾਪਤ ਕੀਤੇ ਹਨ। ਐਲ.ਜੀ. ਨੂੰ ਦਿੱਤੀ ਸ਼ਿਕਾਇਤ ਵਿੱਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਕੇਜਰੀਵਾਲ ਨੇ 2014 ਵਿੱਚ ਆਪਣੀ ਫੇਰੀ ਦੌਰਾਨ ਗੁਰਦੁਆਰਾ ਰਿਚਮੰਡ ਹਿੱਲਜ਼ ਨਿਊਯਾਰਕ ਵਿਖੇ ਖ਼ਾਲਿਸਤਾਨੀ ਆਗੂਆਂ ਨਾਲ ਬੰਦ ਕਮਰਾ ਮੀਟਿੰਗਾਂ ਕੀਤੀਆਂ ਸਨ। ਕੇਜਰੀਵਾਲ ਨੇ 'ਆਪ' ਨੂੰ ਕਾਫ਼ੀ ਵਿੱਤੀ ਸਹਾਇਤਾ ਦੇ ਬਦਲੇ ਖ਼ਾਲਿਸਤਾਨੀ ਸਮਰਥਕਾਂ ਨੂੰ ਭੁੱਲਰ ਦੀ ਰਿਹਾਈ ਕਰਵਾਉਣ ਦਾ ਵਾਅਦਾ ਕੀਤਾ ਸੀ। ਸੂਤਰਾਂ ਅਨੁਸਾਰ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਸੋਸ਼ਲ ਮੀਡੀਆ 'ਤੇ ਪੋਸਟਾਂ ਦੀ ਇੱਕ ਲੜੀ ਵਿੱਚ ਇੱਕ ਸਾਬਕਾ 'ਆਪ' ਵਰਕਰ ਮੁਨੀਸ਼ ਕੁਮਾਰ ਰਾਏਜ਼ਾਦਾ ਨੇ ਵੀ ਖ਼ਾਲਿਸਤਾਨੀ ਨੇਤਾਵਾਂ ਨਾਲ ਕੇਜਰੀਵਾਲ ਦੀ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ।

ਆਪ ਪਾਰਟੀ ਦੇ ਆਗੂ ਦਾ ਪ੍ਰਤੀਕਰਮ

ਦਿੱਲੀ ਦੀ ਆਪ ਸਰਕਾਰ ਦੇ ਮੰਤਰੀ ਸੌਰਭ ਭਾਰਦਵਾਜ ਦਾ ਕਹਿਣਾ ਹੈ ਕਿ ਪੰਜਾਬ ਚੋਣਾਂ ਤੋਂ ਬਾਅਦ ਇੱਕ ਵਾਰ ਫਿਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਹ ਮੁੱਦਾ ਉਠਾਇਆ ਜਾ ਰਿਹਾ ਹੈ, ਜਦਕਿ ਇਹ ਪੂਰੀ ਤਰ੍ਹਾਂ ਨਾਲ ਝੂਠੇ ਅਤੇ ਬੇਬੁਨਿਆਦ ਦੋਸ਼ ਹਨ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੋਸ਼ਾਂ ਦਾ ਜਵਾਬ ਦਿੱਤਾ ਸੀ, ਹੁਣ ਦੇਸ਼ ਦੇ ਲੋਕ ਵੀ ਜਵਾਬ ਦੇਣਗੇ। ਭਾਰਦਵਾਜ ਨੇ ਇਹ ਵੀ ਕਿਹਾ ਕਿ ਅਮਿਤ ਸ਼ਾਹ ਨੇ ਕਿਹਾ ਸੀ ਕਿ ਉਹ ਜਾਂਚ ਕਰਨਗੇ, ਪਰ ਜਾਂਚ ਵਿੱਚ ਕੁੱਝ ਨਹੀਂ ਨਿਕਲਿਆ ਸੀ। ਦਰਅਸਲ, ਭਾਜਪਾ ਹਾਰ ਦੇ ਡਰ ਕਰਕੇ ਇਹ ਸਭ ਇਲਜ਼ਾਮ ਲਗਾ ਰਹੀ ਹੈ। ਭਾਰਦਵਾਜ ਇੱਥੇ ਹੀ ਨਹੀਂ ਰੁਕੇ। ਉਨ੍ਹਾਂ ਨੇ ਕਿਹਾ ਕਿ ਐਲੀ ਸਾਬ੍ਹ ਭਾਜਪਾ ਦੇ ਏਜੰਟ ਹਨ। ਸੀਐਮ ਕੇਜਰੀਵਾਲ ਦੇ ਖ਼ਿਲਾਫ਼ ਹੁਣ ਇੱਕ ਹੋਰ ਵੱਡੀ ਸਾਜਸ਼ ਰਚੀ ਜਾ ਰਹੀ ਹੈ। ਦਰਅਸਲ, ਭਾਜਪਾ ਦਿੱਲੀ ਤੋਂ ਆਪਣੀ ਲੋਕ ਸਭਾ ਸੀਟ ਹਾਰ ਰਹੀ ਹੈ। ਹਾਰ ਦਾ ਮੂੰਹ ਦੇਖ ਕੇ ਹੁਣ ਭਾਜਪਾ ਬੌਖਲਾ ਗਈ ਹੈ ਅਤੇ ਇਸ ਤਰ੍ਹਾਂ ਦੀਆਂ ਸਾਜਸ਼ਾਂ ਰਚ ਰਹੀ ਹੈ।

***

## ਕੈਨੇਡਾ ਵਿਚ 'ਕਾਨੂੰਨ ਦਾ ਰਾਜ': ਟਰੂਡੋ

ਪ੍ਰਧਾਨ ਮੰਤਰੀ ਨੇ ਕਿਹਾ, "ਹਰੇਕ ਕੈਨੇਡੀਅਨ ਨੂੰ ਮੁਲਕ ਵਿਚ ਬਿਨਾਂ ਕਿਸੇ ਪੱਖਪਾਤ, ਹਿੰਸਾ ਮੁਕਤ ਮਾਹੌਲ ਤੇ ਸੁਰੱਖਿਅਤ ਰਹਿਣ ਦਾ ਮੌਲਿਕ ਅਧਿਕਾਰ ਹੈ।" ਟਰੂਡੋ ਵੱਲੋਂ ਪਿਛਲੇ ਸਾਲ ਸਤੰਬਰ 'ਚ ਲਾਏ ਦੋਸ਼ਾਂ ਕਿ ਨਿੱਝਰ ਦੀ ਹੱਤਿਆ ਵਿਚ ਕਥਿਤ ਭਾਰਤੀ ਏਜੰਟਾਂ ਦਾ ਹੱਥ ਸੀ, ਮਗਰੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਕਸ਼ੀਦਗੀ ਸਿਖਰ 'ਤੇ ਪਹੁੰਚ ਗਈ ਸੀ। ਭਾਰਤ ਨੇ ਹਾਲਾਂਕਿ ਟਰੂਡੋ ਦੇ ਦੋਸ਼ਾਂ ਨੂੰ 'ਹਾਸੋਹੀਣੇ' ਤੇ 'ਪ੍ਰੇਰਿਤ' ਦੱਸ ਕੇ ਖਾਰਜ ਕਰ ਦਿੱਤਾ ਸੀ।

ਨਿੱਝਰ ਕਤਲ ਕੇਸ ਵਿਚ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਮਗਰੋਂ ਕੈਨੇਡਾ ਪੁਲੀਸ ਨੇ ਕਿਹਾ ਕਿ ਉਹ ਅਮਰੀਕਾ ਦੀਆਂ ਕਾਨੂੰਨੀ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਪੁਲੀਸ ਨੇ ਇਸ਼ਾਰਾ ਕੀਤਾ ਕਿ ਆਉਂਦੇ ਦਿਨਾਂ ਵਿਚ ਇਸ ਮਾਮਲੇ ਵਿਚ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ। ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਦੇ ਸਹਾਇਕ ਕਮਿਸ਼ਨਰ ਡੇਵਿਡ ਟੈਬੂਲ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਉਹ ਗ੍ਰਿਫ਼ਤਾਰ ਕੀਤੇ ਤਿੰਨ ਵਿਅਕਤੀਆਂ ਤੇ ਭਾਰਤੀ ਅਧਿਕਾਰੀਆਂ ਦਰਮਿਆਨ ਕਥਿਤ ਲਿੰਕ ਬਾਰੇ ਕੋਈ ਟਿੱਪਣੀ ਨਹੀਂ ਕਰਨਗੇ, ਪਰ ਪੁਲੀਸ ਵੱਲੋਂ ਇਨ੍ਹਾਂ ਦੇ ਭਾਰਤ ਸਰਕਾਰ ਨਾਲ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ। ਚੇਤੇ ਰਹੇ ਕਿ ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਸ਼ਨਿੱਚਰਵਾਰ ਨੂੰ ਕਿਹਾ ਸੀ ਕਿ ਨਿੱਝਰ ਦੀ ਹੱਤਿਆ ਨੂੰ ਲੈ ਕੇ ਕੈਨੇਡਾ ਵਿਚ ਜੋ ਕੁਝ ਹੋ ਰਿਹਾ ਹੈ, ਉਹ ਉਸ ਦੀ ਅੰਦਰੂਨੀ ਸਿਆਸਤ ਹੈ ਤੇ ਭਾਰਤ ਦਾ ਇਸ ਨਾਲ ਕੋਈ ਲਾਗਾ ਦੇਗਾ ਨਹੀਂ ਹੈ। ਉਨ੍ਹਾਂ ਕਿਹਾ ਸੀ ਕਿ ਖਾਲਿਸਤਾਨ ਪੱਖੀ ਕੁਝ ਲੋਕਾਂ ਦਾ ਇਕ ਵਰਗ ਕੈਨੇਡਾ ਦੀ ਜਮਹੂਰੀਅਤ ਨੂੰ ਵਰਤ ਰਿਹਾ ਹੈ।

***

## ਐਲੋਨ ਮਸਕ ਦੀ ਕੰਪਨੀ ਟੇਸਲਾ

ਪਰ ਜਦੋਂ ਕੰਪਨੀ ਨੂੰ ਇਸਦੀ ਲੋੜ ਨਹੀਂ ਰਹੀ, ਤਾਂ ਇਸ ਨੂੰ ਜਲਦੀ ਹੀ ਛੱਡ ਦਿੱਤਾ ਗਿਆ। ਕੰਪਨੀ ਨੇ ਕਿਹਾ ਕਿ ਹੁਣ ਪੁਨਰਗਠਨ ਚੱਲ ਰਿਹਾ ਹੈ ਅਤੇ ਤੁਹਾਡੇ ਅਹੁਦੇ ਦੀ ਕੋਈ ਲੋੜ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਪਿਛਲੇ ਮਹੀਨੇ ਹੀ ਮੇਰੀ ਭੈਣ ਨੂੰ ਤਰੱਕੀ ਮਿਲੀ ਸੀ ਅਤੇ ਉਹ ਬਹੁਤ ਖੁਸ਼ ਸੀ ਪਰ 3 ਮਈ 2024 ਨੂੰ ਉਸ ਦੀਆਂ ਸਾਰੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਜਦੋਂ ਉਹ ਦਫਤਰ ਪਹੁੰਚੀ ਅਤੇ ਉਸ ਦਾ ਦਫਤਰ ਦਾ ਐਕਸੈਸ ਕਾਰਡ ਕੰਮ ਨਹੀਂ ਕਰ ਰਿਹਾ ਸੀ। ਕੰਪਨੀ ਨੇ ਇਸ ਨੂੰ ਬੰਦ ਕਰ ਦਿੱਤਾ ਸੀ। ਜਤਿਨ ਸੈਣੀ ਲਿਖਦਾ ਹੈ ਕਿ ਮੇਰੀ ਭੈਣ ਇਕੱਲੀ ਨਹੀਂ ਹੈ। ਟੇਸਲਾ ਨੇ 15 ਅਪ੍ਰੈਲ ਨੂੰ 16,000 ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ। ਇਸ ਤੋਂ ਬਾਅਦ 15 ਦਿਨਾਂ ਦੇ ਅੰਦਰ 500 ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਦੋ ਦਿਨ ਪਹਿਲਾਂ ਮੇਰੀ ਭੈਣ ਅਤੇ ਉਸਦੀ ਟੀਮ ਦੇ 75 ਪ੍ਰਤੀਸ਼ਤ ਮੈਂਬਰਾਂ ਨੂੰ ਇੱਕ ਈਮੇਲ ਮਿਲੀ ਜਿਸ ਵਿੱਚ ਕਿਹਾ ਗਿਆ ਸੀ ਕਿ ਕੰਪਨੀ ਨੂੰ ਹੁਣ ਤੁਹਾਡੀ ਲੋੜ ਨਹੀਂ ਹੈ।

## ਔਰਤਾਂ ਖ਼ਿਲਾਫ਼ ਜੁਰਮ ਰੋਕਣ

ਮਰਦਾਵੀਂ ਹੈਂਕੜ ਵਿੱਚ ਨਿਹੰਗ ਸਿੰਘ ਨੇ ਵੀ ਆਪਣੀ ਕੁੜੀ ਨੂੰ ਮਾਰ ਕੇ ਉਸ ਦੀ ਦੇਹ ਮੋਟਰ ਸਾਇਕਲ ਪਿੱਛੇ ਬੰਨ੍ਹ ਕੇ ਗਲੀਆਂ ਵਿੱਚ ਘੁਮਾਉਂਦਿਆਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੇਰੀ ਕੁੜੀ ਨੇ ਪਿਆਰ ਸਬੰਧਾਂ ਵਿੱਚ ਪੈ ਕੇ ਘਰ ਦੀ ਇੱਜ਼ਤ ਰੋਲ ਦਿੱਤੀ ਹੈ ਜਿਸ ਦਾ ਨਤੀਜਾ ਇਹ ਹਸ਼ਰ ਹੈ। ਕੁੜੀ ਨੂੰ ਘਰ ਦੀ ਇੱਜ਼ਤ ਨਾਲ ਬੰਨ੍ਹਣਾ ਤੇ ਇੱਜ਼ਤ ਦਾ ਸੁਆਲ ਖੜ੍ਹਾ ਕਰ ਕੇ ਬਦਲਾ ਲੈਣ ਦੀ ਘਟਨਾ ਨੂੰ ਅੰਜਾਮ ਦੇਣਾ ਜਗੀਰੂ/ਪਿਛਾਖੜੀ ਰੂੜੀਵਾਦੀ ਸੋਚ ਦੀ ਦੇਣ ਹੈ।

ਦੂਜੇ ਪਾਸੇ, ਨਵੀਂ ਪੀੜ੍ਹੀ ਖਪਤਕਾਰੀ ਸੱਭਿਆਚਾਰ ਦੇ ਪ੍ਰਭਾਵ ਹੇਠ ਆਜ਼ਾਦੀ ਦੇ ਨਾਂ 'ਤੇ ਖੁੱਲ੍ਹਾਂ ਲੈ ਰਹੀ ਹੈ। ਕਾਮੁਕਤਾ ਅਤੇ ਜਿਸਮਾਨੀ ਖਿੱਚ ਦੇ ਬੁਰੇ ਵੀ ਨਤੀਜੇ ਆ ਰਹੇ ਹਨ। ਪਿਆਰ ਵਿਆਹ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ, ਜਾਗੀਰੂ/ਪਿਛਾਖੜੀ ਮਾਨਸਿਕਤਾ, ਮਰਦਾਵੀਂ ਹੈਂਕੜ, ਔਰਤ ਦੀ ਸਥਿਤੀ ਨਾਲ ਜੁੜਿਆ ਹੋਇਆ ਹੈ।

ਇਹ ਚਿੰਤਾ ਦਾ ਵਿਸ਼ਾ ਹੈ ਕਿ ਧੀਆਂ ਭੈਣਾਂ ਅਣਖ ਤੇ ਇੱਜ਼ਤ ਨਾਲ ਬੱਝੀਆਂ ਕਿਤੇ ਵੀ ਸੁਰੱਖਿਅਤ ਨਹੀਂ। ਇਹ ਬਿਮਾਰ ਸਮਾਜ ਦੀ ਨਿਸ਼ਾਨੀ ਹੈ। ਬਿਮਾਰ ਮਾਨਸਿਕਤਾ ਔਰਤ ਦੇ ਸਰੀਰ 'ਤੇ ਹਮਲਾ ਕਰਨ ਤੋਂ ਪਹਿਲਾਂ ਠੋਸ ਨੀਂਹ ਤਿਆਰ ਕਰਦੀ ਹੈ। ਇਹ ਉਹ ਕਾਮੁਕ/ਸਰੀਰਕ ਹਮਲਾ ਹੁੰਦਾ ਹੈ ਜੋ ਕਿਸੇ ਕੁੜੀ/ਔਰਤ ਦੀ ਰਜ਼ਾਮੰਦੀ ਤੋਂ ਬਗੈਰ ਉਸ ਦੇ ਨਾਲ ਸਰੀਰਕ ਜ਼ੋਰ, ਵਧੀਕੀ ਜਾਂ ਬਦਲੇ ਦੀ ਭਾਵਨਾ ਤਹਿਤ ਕੀਤਾ ਜਾਂਦਾ ਹੈ। ਬਿਮਾਰ ਮਾਨਸਿਕਤਾ ਵਾਲੇ ਲੋਕ ਅਜਿਹੇ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਹਨ। ਉਹ ਆਪਣੇ ਤੋਂ ਵੱਖਰੀ ਜਾਤ, ਧਰਮ ਜਾਂ ਫਿ ਰਕੇ ਨੂੰ ਨੀਵਾਂ ਦਿਖਾਉਣ ਲਈ ਘਟੀਆ ਹਰਕਤਾਂ ਕਰਦੇ ਹਨ। ਅਜਿਹੇ ਮੁਲਜ਼ਮ ਕਿਸੇ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਰਾਜਸੀ ਸ਼ਰਨ ਲੈਂਦੇ ਹਨ। ਇਹੀ ਕਾਰਨ ਹੈ ਕਿ ਅਜਿਹੇ ਲੋਕਾਂ ਨੂੰ ਫੜਨ ਲਈ ਪੁਲਿਸ ਤੇ ਪ੍ਰਸ਼ਾਸਨ ਕੁਝ ਨਹੀਂ ਕਰਦੇ।ਇਸ ਦੇ ਨਾਲ ਇਹ ਪੱਖ ਵੀ ਸਾਹਮਣੇ ਆਉਂਦਾ ਹੈ ਕਿ ਕਾਨੂੰਨ ਜਿੰਨੇ ਮਰਜ਼ੀ ਬਣ ਜਾਣ ਪਰ ਸਾਰਾ ਕੁਝ ਇਨ੍ਹਾਂ ਨੂੰ ਲਾਗੂ ਕਰਨ ਅਤੇ ਕਰਵਾਉਣ ਵਾਲਿਆਂ 'ਤੇ ਨਿਰਭਰ ਕਰਦਾ ਹੈ। ਘਟਨਾ ਕਿਉਂ ਵਾਪਰਦੀ ਹੈ, ਇਸ ਬਾਰੇ ਸੋਚਣ ਦੀ ਬਜਾਇ ਪ੍ਰਸ਼ਾਸਨ ਤੇ ਸਰਕਾਰ ਉਸ ਵੇਲੇ ਹੀ ਹਰਕਤ ਵਿੱਚ ਆਉਂਦੇ ਹਨ ਜਦੋਂ ਲੋਕਾਂ ਦਾ ਰੋਹ ਸਿਰ ਚੜ੍ਹ ਕੇ ਬੋਲ ਰਿਹਾ ਹੁੰਦਾ ਹੈ। ਅਜਿਹੀਆਂ ਘਟਨਾਵਾਂ ਵਧ ਰਹੀਆਂ ਹਨ। ਦੇਸ਼ ਦੀ ਵੰਡ ਸਮੇਂ, 84 ਦੇ ਕਤਲੇਆਮ, ਗੁਜਰਾਤ ਤੇ ਮੁਜ਼ੱਫਰਨਗਰ ਦੇ ਦੰਗਿਆਂ, ਹਰਿਆਣਾ ਵਿੱਚ ਜਾਟ ਅੰਦੋਲਨ, ਕਸ਼ਮੀਰ ਵਿਚਲੀ ਹਿੰਸਾ ਆਦਿ ਸਮੇਂ ਔਰਤਾਂ ਦੀ ਬੇਪਤੀ ਇਸੇ ਮਕਸਦ ਤਹਿਤ ਹੋਈ ਤੇ ਹੁਣ ਵੀ ਹੋ ਰਹੀ ਹੈ; ਇਹ ਭਾਵੇਂ ਹਾਥਰਸ ਵਾਲੀ ਘਟਨਾ ਹੋਵੇ ਭਾਵੇਂ ਆਸਿਫਾ ਵਾਲੀ। ਜਦੋਂ ਅਜਿਹੀ ਕੋਈ ਘਟਨਾ ਵਾਪਰਦੀ ਹੈ ਤਾਂ ਸਾਡੀ ਲੜਾਈ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਤੇ ਪੀੜਤ ਪਰਿਵਾਰ ਨੂੰ ਨਿਆਂ ਦਿਵਾਉਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ ਹੈ ਬਲਕਿ ਦਰਿੰਦਿਆਂ ਦੀ ਅਜਿਹੀ ਸੋਚ ਦੀ ਜੜ੍ਹ ਦੇ ਖਾਤਮੇ ਤੱਕ ਜਦੋਜਹਿਦ ਕਰਨੀ ਪਵੇਗੀ। ਅਜਿਹੀ ਘਟਨਾ ਤੋਂ ਬਾਅਦ ਅਕਸਰ ਇਹ ਵਿਚਾਰ ਆਉਂਦਾ ਹੈ ਕਿ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ ਮਾਰ ਦਿੱਤਾ ਜਾਵੇ। ਨਿਰਭਿਆ ਕੇਸ ਵਿੱਚ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ, ਹੈਦਰਾਬਾਦ ਵਿੱਚ ਵੈਟਰਨਰੀ ਡਾਕਟਰ ਦਾ ਸਮੂਹਿਕ ਬਲਾਤਕਾਰ ਕਰਨ ਵਾਲਿਆਂ ਨੂੰ ਮੁਕਾਬਲੇ ਵਿੱਚ ਮਾਰਿਆ ਗਿਆ ਪਰ ਇਨ੍ਹਾਂ ਘਟਨਾਵਾਂ ਨੂੰ ਠੱਲ੍ਹ ਫਿਰ ਵੀ ਨਹੀਂ ਪੈ ਸਕੀ। ਇਸ ਲਈ ਇਨ੍ਹਾਂ ਘਟਨਾਵਾਂ ਨੂੰ ਖ਼ਤਮ ਕਰਨ ਦਾ ਫਾਰਮੂਲਾ ਸਤਹੀ ਪੱਧਰ 'ਤੇ ਨਹੀਂ, ਜੜ੍ਹ ਵਿੱਚ ਦੇਖਣ ਦੀ ਜ਼ਰੂਰਤ ਹੈ।

ਔਰਤਾਂ ਖ਼ਿਲਾਫ਼ ਜੁਰਮ ਰੋਕਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲੋਕ ਸੰਘਰਸ਼ਾਂ ਨਾਲ ਸਰਕਾਰ ਤੇ ਨਿਆਂ ਪ੍ਰਣਾਲੀ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਜੇ ਔਰਤ ਨੇ ਦਾਬੇ ਅਤੇ ਵਿਤਕਰੇ ਵਾਲੇ ਸਮਾਜ ਤੋਂ ਮੁਕਤੀ ਲੈਣੀ ਹੈ ਤਾਂ ਨਾਰੀ ਅੰਦੋਲਨਾਂ ਦੀ ਠੀਕ ਦਿਸ਼ਾ ਨਿਰਧਾਰਿਤ ਕਰਨੀ ਹੋਵੇਗੀ। ਨਾਰੀ ਨੂੰ ਆਪਣੀ ਹੋਂਦ ਅਤੇ ਪਛਾਣ ਸਥਾਪਿਤ ਕਰਨ ਲਈ ਖ਼ੁਦ ਅੱਗੇ ਆਉਣਾ ਪਵੇਗਾ। ਸਮਾਜ ਵਿਚਲੀਆਂ ਪਿੱਛੇਖਿਚੂ ਤੇ ਢਾਹੂ ਕਦਰਾਂ-ਕੀਮਤਾਂ ਖ਼ਤਮ ਕਰਨ ਲਈ ਲਗਾਤਾਰ ਆਵਾਜ਼ ਉਠਾਉਣ ਦੀ ਲੋੜ ਹੈ। ਇਹ ਲੜਾਈ ਵੱਡੇ ਪੱਧਰ 'ਤੇ ਕਰਨ ਦੀ ਲੋੜ ਹੈ ਜਿਸ ਵਿੱਚ ਸਮੁੱਚਾ ਨਾਰੀ ਵਰਗ, ਹੋਰ ਸ਼ੋਸ਼ਿਤ ਧਿਰਾਂ ਅਤੇ ਚਿੰਤਨਸ਼ੀਲ ਲੋਕਾਂ ਨੂੰ ਵੀ ਸ਼ਾਮਿਲ ਕਰਨਾ ਪਵੇਗਾ। ਇਸੇ ਦਿਸ਼ਾ ਵੱਲ ਅੱਗੇ ਵਧਦੇ ਹੋਏ ਅਸੀਂ ਸਿਹਤਮੰਦ ਅਤੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਕਰ ਸਕਦੇ ਹਾਂ।

***

## ਖੁਸ਼ੀ

ਕਈ ਵਾਰ ਰਾਤ ਨੂੰ ਲੰਮੇ-ਲੰਮੇ ਹਉਕੇ ਭਰਦੇ, ਜਾਗ ਕੇ ਬੈਠ ਜਾਂਦੇ।

ਗੁਰਦੁਆਰੇ ਕਿਉਂ ਨਹੀਂ ਜਾਂਦੇ ਤੁਸੀਂ? ਭਰਾ ਉਹਨਾਂ ਨੂੰ ਧੱਕ-ਧੱਕਾ ਕੇ ਗੁਰਦੁਆਰੇ ਭੇਜਦਾ। ਉਹ ਅੱਧ ਵਿਚੋਂ ਹੀ ਮੁੜ ਆਉਂਦੇ। ਘਰ ਕੋਈ ਰਿਸ਼ਤੇਦਾਰ ਆਉਂਦਾ ਤਾਂ ਉਹ ਮੱਝਾਂ, ਝੋਟੀਆਂ ਅਤੇ ਕੱਟੀਆਂ ਦੀਆਂ ਗੱਲਾਂ ਲੈ ਬੈਠਦੇ। ਇੱਕ ਇੱਕ ਮੱਝ ਦੀਆਂ ਖ਼ਸਲਤਾਂ ਗਿਣਾਈ ਜਾਂਦੇ- ਕਿਹੜੀ ਕਿੰਨੀ ਖਿਆਲ ਸੀ ਤੇ ਕਿਹੜੀ ਕਿੰਨੀ ਦੁੱਧਲ, ਕਿਹੜੀ ਹਰ-ਵਰ੍ਹਿਆਈ ਸੀ ਤੇ ਕਿਹੜੀ ਮਰੇ ਹੋਏ ਜਾਅ ਤੋਂ ਵੀ ਥਾਪੀ ਦਿੱਤਿਆਂ ਮਿਲ ਪੈਂਦੀ ਸੀ। ਇਹ ਸਭ ਦੱਸਦਿਆਂ ਹੋਇਆਂ ਉਹ ਪੂਰੇ ਵੇਗ ਵਿੱਚ ਹੁੰਦੇ। ਅਗਲੇ ਨੂੰ ਬਾਹੋਂ ਫੜੀ ਘੜੀਸਦੇ ਜਿਹੇ ਖਾਲੀ ਖੁਰਲੀਆਂ ਕੋਲ ਲੈ ਜਾਂਦੇ। ਕੋਈ ਅਕਲ ਏ ਏਸ ਮੁੰਡੇ ਦੀ, ਖੁਰਲੀਆਂ ਖ਼ਾਲੀ ਕਰ ਦਿੱਤੀਆਂ ਸੂ, ਕੌਡੀਆਂ ਦੇ ਭਾਅ ਮਾਲ ਮਗਰੋਂ ਲਾਹ ਦਿੱਤਾ ਸੂ।

ਰਿਸ਼ਤੇਦਾਰ ਸਮਝਾਉਂਦੇ ਕਿ ਸਮੇਂ ਦੀ ਚਾਲ ਹੀ ਅਜਿਹੀ ਏ। ਉਹਨਾਂ ਨੂੰ ਵੀ ਸਮਝ ਜਾਣਾ ਚਾਹੀਦਾ ਏ। ਪਰ ਪਿਤਾ ਜੀ ਉਲਟਾ ਉਹਨਾਂ ਦੇ ਗਲ ਪੈ ਜਾਂਦੇ।

ਹੁਣ ਦੋਹਾਂ ਮੱਝਾਂ, ਕੱਟੀ ਅਤੇ ਜੋਗਾਂ ਲਈ ਪੱਠੇ ਰੱਜਵੇਂ ਹੁੰਦੇ। ਪਰ ਭਰਾ ਦੇ ਕਿਤੇ ਵਾਂਢੇ ਜਾਣ ਮਗਰੋਂ ਪਿਤਾ ਜੀ ਦੋਵੇਂ ਮੱਝਾਂ ਅਤੇ ਕੱਟੀ ਛੱਡ ਕੇ ਵੱਟਾਂ ਉੱਤੇ ਲਈ ਫਿਰਦੇ। ਮੱਝਾਂ ਬੀਜੀਆਂ ਹੋਈਆਂ ਪੈਲ਼ੀਆਂ ਵਿੱਚ ਵੜ ਜਾਂਦੀਆਂ। ਵਡੇਰੇ ਹੋਣ ਕਰ ਕੇ ਉਹ ਹੁਣ ਉਹਨਾਂ ਦੇ ਮਗਰ ਨਾ ਦੌੜ ਸਕਦੇ। ਅੱਗੇ-ਅੱਗੇ ਦੋਵੇਂ ਮੱਝਾਂ ਅਤੇ ਮਗਰ ਕੱਟੀ ਭੱਜ ਪੈਂਦੀ। ਰੋਕੋ ਓਏ, ਡੱਕੋ ਓਇ... ਓਏ ਪੱਪੂ, ਓਏ ਬੰਟੀ...ਓਏ ਤਾਰਿਆ, ਓਏ ਗੋਬਿਆ..., ਉਹ ਆਪਣੇ ਪੋਤਰਿਆਂ ਅਤੇ ਨੌਕਰਾਂ ਨੂੰ ਆਵਾਜ਼ਾਂ ਮਾਰ-ਮਾਰ ਹਫ਼ ਜਾਂਦੇ। ਮੁੰਡੇ ਵੀ ਅੱਗੋਂ ਓਨਾ ਹੀ ਚੀਕਦੇ। ਨੌਕਰ ਉਂਜ ਬੁੜ-ਬੁੜ ਕਰਦੇ ਫਿਰਦੇ। ਬਾਪੂ ਜੀ ਮੁੰਡਿਆਂ ਨੂੰ, ਨੌਕਰਾਂ ਨੂੰ ਗਾਲ੍ਹੀਂ ਉਤਰ ਆਉਂਦੇ। ਭਰਾ ਘਰ ਆਉਂਦਾ ਤਾਂ ਨੂੰਹ ਅਤੇ ਪੋਤਰੇ ਪਿਤਾ ਜੀ ਦੇ ਖ਼ਿਲਾਫ਼ ਉਹਦੇ ਕੰਨ ਭਰਦੇ। ਲੜਾਈ ਹੋ ਜਾਂਦੀ। ਉੱਚੇ-ਨੀਵੇਂ ਸ਼ਬਦ ਬੋਲੇ ਜਾਂਦੇ। ਪਿਤਾ ਜੀ ਨਰਾਜ਼ ਹੋ ਕੇ ਤੁਰ ਪੈਂਦੇ। ਦੋਹਾਂ ਮੱਝਾਂ ਦੇ ਦੁੱਧੋਂ ਭੱਜ ਜਾਣ ਮਗਰੋਂ ਪਿਤਾ ਜੀ ਨੂੰ ਹਸਪਤਾਲ ਘੱਲ ਭਰਾ ਦੋਵੇਂ ਮੱਝਾਂ ਮੰਡੀ ਲੈ ਗਿਆ। ਪਿਤਾ ਜੀ ਦੇ ਵਾਪਸ ਆਉਣ ਉੱਤੇ ਘਰ ਵਿੱਚ ਬਹੁਤ ਹੰਗਾਮਾ ਮੱਚਿਆ। ਨੰਗੇ ਪੈਰੀਂ ਪਿਤਾ ਜੀ ਭਾਖੜਾ ਨਹਿਰ ਵੱਲ ਨੂੰ ਭੱਜ ਉੱਠੇ। ਬੜੀ ਮੁਸ਼ਕਲ ਨਾਲ ਖਿੱਚ-ਧਰੂਹ ਕੇ ਉਹਨਾਂ ਨੂੰ ਵਾਪਸ ਲਿਆਂਦਾ ਗਿਆ...।

ਭਰਾ ਜਲਦੀ ਦੋ ਦੋਗਲੀਆਂ ਗਾਈਆਂ ਲੈ ਆਇਆ ਸੀ। ਵੀਹ-ਵੀਹ ਕਿੱਲੋ ਪੱਕੇ ਦੁੱਧ ਦੇਣ ਵਾਲੀਆਂ ਗਾਈਆਂ। ਦੋਹਾਂ ਮਗਰ ਸਜਾਈਆਂ ਵੱਛੀਆਂ। ਪਰ ਪਿਤਾ ਜੀ ਨੂੰ ਉਹ ਵੱਛੀਆਂ ਚੰਗੀਆਂ ਨਾ ਲੱਗੀਆਂ। ਸਾਰਾ ਟੱਬਰ, ਸਣੇ ਕਾਮਿਆਂ, ਉਹਨਾਂ ਦੀ ਸੇਵਾ ਵਿੱਚ ਰੁੱਝਿਆ ਰਹਿੰਦਾ। ਆਂਢੀ-ਗੁਆਂਢੀ ਫ਼ਾਰਮਾਂ ਵਾਲੇ ਵੇਖਣ ਆਉਂਦੇ। ਭਰਾ ਉਹਨਾਂ ਦੀਆਂ ਸਿਫ਼ਤਾਂ ਕਰਦਾ ਨਾ ਰੱਜਦਾ। ਪਰ ਪਿਤਾ ਜੀ ਮਸੋਸੇ ਜਿਹੇ ਚੁੱਪ-ਚਾਪ ਉਹਨਾਂ ਵੱਲ ਵਿੰਹਦੇ ਰਹਿੰਦੇ।

ਰਾਤ ਨੂੰ ਪੋਤਰੇ ਦੁੱਧ ਲੈ ਕੇ ਜਾਂਦੇ ਤਾਂ ਬਹਾਨਾ ਬਣਾਅ ਕੇ ਮੋੜ ਦਿੰਦੇ। ਅਖੇ, ਗਾਈਂ ਦਾ ਦੁੱਧ ਵੀ ਕੋਈ ਪੀਣ ਲਾਇਕ ਹੁੰਦਾ ਏ?

ਬੱਸ ਕਦੀ-ਕਦੀ ਮੁਹਰਾ ਨਸਲ ਦੀ ਇਕੋ-ਇਕ ਬਚੀ-ਬਚਾਈ ਕੱਟੀ ਦੀ ਖੁਰਲੀ ਕੋਲ ਜਾ ਖਲੋਂਦੇ। ਆਪ ਟੋਕਰੀ ਪੱਠਿਆਂ ਦੀ ਭਰ ਉਹਦੀ ਖੁਰਲੀ ਵਿੱਚ ਲੱਦ ਆਉਂਦੇ। ਉਹਦੇ ਮੱਥੇ ਉੱਤੇ, ਕੰਡ ਉੱਤੇ ਹੱਥ ਫੇਰਦੇ ਰਹਿੰਦੇ।

ਪਿਤਾ ਜੀ ਰਾਤ ਨੂੰ ਅਡੋਲ ਉੱਠਦੇ। ਆਲੇ-ਦੁਆਲੇ ਵੇਖਦੇ। ਕੋਈ ਜਾਗਦਾ ਨਾ ਹੁੰਦਾ। ਅਡੋਲ ਕੱਟੀ ਦਾ ਰੱਸਾ ਜਾ ਖੋਲ੍ਹਦੇ। ਹਨੇਰੇ ਵਿੱਚ ਉਹਦੀਆਂ ਅੱਖਾਂ ਲਿਸ਼ਕ ਉੱਠਦੀਆਂ। ਸਹਿਜੇ-ਸਹਿਜੇ ਉਹ ਬੈਂਗਣਾਂ ਜਾਂ ਮਿਰਚਾਂ ਦੀ ਪਨੀਰੀ ਵਿੱਚ ਜਾ ਵੜਦੀ। ਪਨੀਰੀ ਗੋਭੀ ਜਾਂ ਨਵੀ ਕਿਸਮ ਦੇ ਟਮਾਟਰਾਂ ਦੇ ਮਹਿੰਗੇ ਬੀਅ ਦੀ ਵੀ ਹੋ ਸਕਦੀ ਸੀ। ਸਵੇਰ ਤਕ ਰੱਜ-ਪੁੱਜ ਕੇ ਫਿੰਡ ਬਣੀ ਉਹ ਖਰਾਮਾਂ-ਖਰਾਮਾਂ ਚਲਦੀ ਘਰ ਨੂੰ ਆ ਰਹੀ ਹੁੰਦੀ।

ਹਾਇਆ, ਇਹਨੂੰ ਰਾਤ ਕਿਸ ਖੋਲ੍ਹਿਆ ਏ? ਸਾਡੀ ਸਾਰੀ ਪਨੀਰੀ ਉਜਾੜ ਦਿੱਤੀ ਏ ਇਹਨੇ, ਚਾਚਾ ਜੀ ਸੜਕ ਉੱਤੇ ਖਲੋਤੇ ਬਾਹਵਾਂ ਮਾਰ-ਮਾਰ ਪਿਤਾ ਜੀ ਨੂੰ ਉਲ੍ਹਾਮੇ ਦੇ ਰਹੇ ਹੁੰਦੇ।

ਇਹ ਨਹੀਂ ਮੁੜਦੇ ਜਿੰਨਾ ਚਿਰ ਲੱਬੀ-ਲਹਾਈ ਨਾ ਕਰਵਾ ਲੈਣ, ਅੰਦਰ ਕਮਰੇ ਵਿੱਚ ਭਰਾ ਬੁੜ-ਬੁੜ ਕਰ ਰਿਹਾ ਹੁੰਦਾ।

ਕਿਸੇ ਦੀ ਵੀ ਕਿਸੇ ਗੱਲ ਦੀ ਪਰਵਾਹ ਨਾ ਕਰਦੇ ਹੋਏ ਪਿਤਾ ਜੀ ਕੇਵਲ ਰੱਜੀ ਹੋਈ ਕੱਟੀ ਦੀਆਂ ਭਰੀਆਂ ਹੋਈਆਂ ਕੁੱਖਾਂ ਵੱਲ ਵੇਖ ਰਹੇ ਹੁੰਦੇ। ਉਹਦੀਆਂ ਸੰਤੁਸ਼ਟ ਚਮਕਦੀਆਂ ਹੋਈਆਂ ਅੱਖਾਂ ਵੱਲ ਵੇਖਦਿਆਂ ਇੱਕ ਨਿੱਕੀ-ਨਿੱਕੀ ਸ਼ਰਾਰਤੀ ਜਿਹੀ ਮੁਸਕਾਨ ਉਹਨਾਂ ਦੇ ਮੂੰਹ ਉੱਤੇ ਫੈਲ ਜਾਂਦੀ ਅਤੇ ਇੱਕ ਅਜੀਬ ਜਿਹੀ ਚਮਕ ਉਹਨਾਂ ਦੀਆਂ ਅੱਖਾਂ ਵਿੱਚ ਭਰ ਜਾਂਦੀ।

***

## 'ਅੰਕੜਿਆਂ ਦੀ ਖੇਡ' ਨਾਲ ਲੋਕਾਂ ਨੂੰ ਗੁੰਮਰਾਹ

ਪਰ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਦੀ ਗਿਣਤੀ ਵੀ 46 ਫ਼ੀਸਦੀ ਤੱਕ ਬਿਆਨੀ ਗਈ ਹੈ ਅਤੇ ਲਗਭਗ ਸਾਰੀਆਂ ਪਾਰਟੀਆਂ ਉਤੇ ਧੰਨ ਕੁਬੇਰਾਂ, ਅਪਰਾਧੀਆਂ, ਕੁਝ ਪਰਿਵਾਰਕ ਮੈਂਬਰਾਂ ਦਾ ਕਬਜ਼ਾ ਹੋ ਚੁੱਕਾ ਹੈ। ਲੋਕ ਸਭਾ, ਰਾਜ ਸਭਾ, ਵਿਧਾਨ ਸਭਾਵਾਂ, ਵਿਧਾਨ ਪ੍ਰੀਸ਼ਦਾਂ ਵਿੱਚ ਅਰਬਪਤੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧੀ ਹੈ ਜਾਂ ਵਧ ਰਹੀ ਹੈ। ਆਮ ਵਿਅਕਤੀ ਤਾਂ ਚੋਣਾਂ 'ਚ ਉਮੀਦਵਾਰ ਵਜੋਂ ਖੜੇ ਹੋਣ ਦੀ ਸੋਚ ਵੀ ਨਹੀਂ ਸਕਦਾ।

ਜਿਵੇਂ ਸਿਆਸਤਦਾਨਾਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ, ਜਿਵੇਂ ਸਿਆਸਤਦਾਨਾਂ ਉਤੇ ਅਪਰਾਧਿਕ ਮੁਕੱਦਮੇ ਦਰਜ਼ ਹੋ ਰਹੇ ਹਨ, ਜਿਵੇਂ ਸਿਆਸੀ ਆਗੂਆਂ ਉਤੇ ਪਰਿਵਾਰਵਾਦ ਭਾਰੂ ਹੈ, ਜਿਵੇਂ ਚੋਣਾਂ ਜਿੱਤਕੇ ਹਾਕਮ ਧਿਰ, ਵਿਰੋਧੀਆਂ ਨੂੰ ਖੂੰਜੇ ਲਾਉਣ ਲਈ ਹਰ ਹੀਲਾ-ਵਸੀਲਾ ਵਰਤ ਰਹੀ ਹੈ। ਇਹ ਵਰਤਾਰਾ ਦੇਸ਼ ਦੀ ਸਿਆਸੀ ਨੈਤਿਕਤਾ ਉਤੇ ਸਵਾਲ ਖੜੇ ਕਰ ਰਿਹਾ ਹੈ।

ਸਿਆਸੀ ਧਿਰਾਂ ਵੱਲੋਂ ਲੋਕਾਂ ਲਈ ਭਲਾਈ ਸਕੀਮਾਂ ਲਾਗੂ ਕਰਨ ਦਾ ਵਾਇਦਾ ਕਰਨਾ ਗੈਰਕੁਦਰਤੀ ਨਹੀਂ। ਪਰ ਹਾਕਮ ਬਣਕੇ ਉਹਨਾ ਦੀ ਪੂਰਤੀ ਨਾ ਕਰਨਾ ਨਿਰਾ ਅਨਿਆ ਹੈ, ਗੁਨਾਹ ਹੈ।

ਹੁਣ ਤਾਂ ਮੰਗ ਉੱਠਣ ਲੱਗੀ ਹੈ ਕਿ ਚੋਣ ਵਾਇਦੇ ਗਰੰਟੀਆਂ ਕਾਨੂੰਨ ਦਸਤਾਵੇਜ਼ ਬਣਨ ਅਤੇ ਸਿਆਸੀ ਪਾਰਟੀਆਂ ਵੱਲੋਂ ਇਹਨਾਂ ਦੀ ਪੂਰਤੀ ਨਾ ਕੀਤੇ ਜਾਣ 'ਤੇ ਉਹਨਾਂ ਦੀ ਅਦਾਲਤੀ ਨਿਗਰਾਨੀ ਅਤੇ ਜਵਾਬਦੇਹੀ ਹੋਵੇ ਅਤੇ ਉਹ ਸਿਰਫ਼ 'ਅੰਕੜਿਆਂ ਦੀ ਖੇਡ' ਨਾਲ ਲੋਕਾਂ ਨੂੰ ਗੁੰਮਰਾਹ ਨਾ ਕਰ ਸਕਣ।

***

## ਵੋਟਰਾਂ 'ਚ ਉਤਸ਼ਾਹਹੀਣਤਾ

ਨਿਰੀਖਕਾਂ ਨੂੰ ਚੇਤੇ ਹੋਵੇਗਾ ਕਿ ਨਰਿੰਦਰ ਮੋਦੀ ਨੇ 2014 'ਚ ਸੱਤਾ 'ਚ ਆਉਣ ਤੋਂ ਤੁਰੰਤ ਬਾਅਦ ਪਹਿਲਾ ਕਦਮ ਜਨਧਨ ਯੋਜਨਾ ਦੇ ਖਾਤੇ ਖੁੱਲ੍ਹਵਾਉਣ ਦੇ ਰੂਪ 'ਚ ਚੁੱਕਿਆ ਸੀ। ਦਰਅਸਲ, ਉਹ ਨਵੇਂ ਲੋਕ ਭਲਾਈ ਮਾਡਲ ਦਾ ਉੱਚ ਢਾਂਚਾ ਬਣਾ ਰਹੇ ਸਨ। ਨਰਿੰਦਰ ਮੋਦੀ ਨੇ ਦਿਖਾਇਆ ਹੈ ਕਿ ਭਾਵੇਂ ਹੀ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਦੇ ਕਿਸਾਨਾਂ ਨੇ ਦਿੱਲੀ ਘੇਰ ਲਈ ਹੋਵੇ, ਉਹ 10 ਕਰੋੜ ਕਿਸਾਨਾਂ ਦੇ ਖਾਤਿਆਂ 'ਚ 18 ਹਜ਼ਾਰ ਕਰੋੜ ਰੁਪਏ ਇੱਕ ਪਲ 'ਚ ਭੇਜ ਕੇ ਉਨ੍ਹਾਂ ਨੂੰ ਇਨ੍ਹਾਂ ਅੰਦੋਲਨਕਾਰੀ ਕਿਸਾਨਾਂ ਨਾਲੋਂ ਵੱਖ ਦਿਖਾ ਸਕਦੇ ਹਨ। ਇਹ ਫੰਡਾ ਇਕਦਮ ਸਿੱਧਾ ਹੈ। ਜਿਨ੍ਹਾਂ ਤਬਕਿਆਂ ਦੀ ਆਮਦਨੀ ਬਹੁਤ ਘੱਟ ਹੋ ਗਈ ਹੈ ਜਾਂ ਤਕਰੀਬਨ ਜ਼ੀਰੋ ਹੈ, ਉਨ੍ਹਾਂ ਨੂੰ ਜੇਕਰ 500 ਤੋਂ 2000 ਦੀ ਰਕਮ ਵੀ ਅਚਾਨਕ ਆਪਣੇ ਖਾਤੇ 'ਚ ਆਉਂਦੀ ਦਿਖੇਗੀ, ਤਾਂ ਉਹ ਸਰਕਾਰ ਦਾ ਸ਼ੁਕਰਾਨਾ ਹੀ ਕਰਨਗੇ। ਇਸ ਤਰ੍ਹਾਂ ਦੀਆਂ ਯੋਜਨਾਵਾਂ ਅਰਥਵਿਵਸਥਾ ਦੇ ਸੰਪੂਰਨ ਕਾਰਪੋਰੇਟੀਕਰਨ ਲਈ ਸੁਰੱਖਿਅਤ ਗੁੰਜਾਇਸ਼ ਮੁਹੱਈਆ ਕਰਵਾ ਰਹੀਆਂ ਹਨ। ਕੀ ਪਹਿਲੇ ਦੋ ਗੇੜਾਂ 'ਚ ਵੋਟ ਫ਼ੀਸਦੀ 'ਚ ਆਈ ਜ਼ਿਕਰਯੋਗ ਗਿਰਾਵਟ ਨਾਲ ਇਹ ਪਤਾ ਨਹੀਂ ਲਗਦਾ ਕਿ ਨਾ ਤਾਂ ਭਾਜਪਾ ਦਾ ਸਮਾਜਿਕ ਗੱਠਜੋੜ, ਨਾ ਹੀ ਔਰਤ ਵੋਟਰਾਂ ਦਾ ਭਾਜਪਾ ਪ੍ਰਤੀ ਵਧਿਆ ਆਕਰਸ਼ਨ ਅਤੇ ਨਾ ਹੀ ਲਾਭਪਾਤਰੀਆਂ ਦੀ ਨਵੀਂ ਜਾਤੀ ਵੋਟਰਾਂ ਦੇ ਮਨ 'ਚ ਬੈਠੀ ਉਦਾਸੀਨਤਾ ਦੀ ਕਾਟ ਕਰ ਸਕਣ ਦੇ ਸਮਰੱਥ ਹੈ? ਇਸ ਦੇ ਕਾਰਨਾਂ ਦੀ ਗੰਭੀਰ ਜਾਂਚ ਕਰਨੀ ਹੋਵੇਗੀ। ਵੇਖਣਾ ਹੋਵੇਗਾ ਕਿ ਨਰਿੰਦਰ ਮੋਦੀ ਨੇ ਪਿਛਲੇ 10 ਸਾਲਾਂ 'ਚ ਜਿਸ ਤਰ੍ਹਾਂ ਸਰਕਾਰ ਚਲਾਈ ਹੈ ਅਤੇ ਜਿਸ ਤਰ੍ਹਾਂ ਨਾਲ ਆਪਣੀ ਪਾਰਟੀ ਅਤੇ ਵਰਕਰਾਂ ਨੂੰ ਛੋਹ ਦਿੱਤੀ ਹੈ, ਕਿਤੇ ਇਹ ਉਦਾਸੀਨਤਾ ਉਸੇ ਦਾ ਸਿੱਟਾ ਤਾਂ ਨਹੀਂ ਹੈ?

***

## ਪੰਜਾਬ 'ਚ ਸੌਰ ਊਰਜਾ ਦੀ

ਉਨ੍ਹਾਂ ਦੀ ਕੀਮਤ ਵੀ ਪੂਰੀ ਨਹੀਂ ਪੈਂਦੀ। ਇਸੇ ਤਰ੍ਹਾਂ ਐੱਨਆਰਆਈਜ਼ ਨੂੰ ਵੀ ਜ਼ਮੀਨਾਂ ਦੱਬੇ ਜਾਣ ਜਾਂ ਰੈਵਨਿਊ ਰਿਕਾਰਡ ਵਿੱਚ ਛੇੜ-ਛਾੜ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਸੋ, ਪੰਚਾਇਤਾਂ ਅਤੇ ਪਰਵਾਸੀਆਂ ਨੂੰ ਅਜਿਹੇ ਮਸਲਿਆਂ ਤੋਂ ਨਿਜਾਤ ਪਾਉਣ ਲਈ ਆਪਣੀ ਮਾਲਕੀ ਵਾਲੀਆਂ ਜ਼ਮੀਨਾਂ ਸੌਰ (ਸੋਲਰ) ਬਿਜਲੀ ਪਲਾਂਟਾਂ ਲਈ ਠੇਕੇ 'ਤੇ ਦੇਣ ਲਈ ਤਰਜੀਹ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਸਰਕਾਰੀ ਮੁਲਾਜ਼ਮ ਵੀ ਆਪਣੀਆਂ ਜ਼ਮੀਨਾਂ ਸੌਰ ਊਰਜਾ ਲਈ ਠੇਕੇ 'ਤੇ ਦੇ ਸਕਦੇ ਹਨ।

ਇਸ ਤਰ੍ਹਾਂ ਕਰਨ ਨਾਲ ਰਾਜ ਅਤੇ ਜ਼ਮੀਨ ਮਾਲਕ ਦੋਨਾਂ ਧਿਰਾਂ ਨੂੰ ਫਾਇਦਾ ਹੋਵੇਗਾ। ਸਰਕਾਰ ਦੇ ਲਾਈਨ ਘਾਟੇ ਘਟਣਗੇ। ਵੋਲਟੇਜ ਵਿੱਚ ਸੁਧਾਰ ਹੋਣ ਦੇ ਨਾਲ-ਨਾਲ ਪ੍ਰਤੀ ਯੂਨਿਟ ਬਿਜਲੀ ਦੀ ਖਰੀਦ ਕੀਮਤ ਘਟੇਗੀ, ਬਿਜਲੀ ਸਸਤੀ ਹੋਵੇਗੀ ਅਤੇ ਪਾਣੀ ਦੀ ਵੀ ਬੱਚਤ ਹੋਵੇਗੀ। ਸੌਰ ਬਿਜਲੀ ਦੀ ਮਾਤਰਾ ਵਧਣ ਕਰ ਕੇ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲੇਗੀ। ਜਿਵੇਂ ਉੱਪਰ ਦੱਸਿਆ ਹੈ, ਪੰਜਾਬ ਵਿੱਚ ਬਿਜਲੀ ਦੀ ਸਭ ਤੋਂ ਵੱਡੀ ਸਮੱਸਿਆ ਬਿਜਲੀ ਦੀ 'ਅਸਥਾਈ ਸਿਖਰ ਮੰਗ' ਨੂੰ ਕਾਬੂ ਕਰਨਾ ਹੈ। ਇਸ ਸਿਖਰ ਮੰਗ ਦਾ ਮੁੱਖ ਕਾਰਨ ਝੋਨੇ ਵਾਲੇ ਸੀਜ਼ਨ ਵਿੱਚ ਬਿਜਲੀ ਮੋਟਰਾਂ ਚੱਲਣਾ ਹੈ। ਖੇਤੀ ਖੇਤਰ ਬਿਜਲੀ ਦੀ ਕੁੱਲ ਖਪਤ ਦਾ 23% ਹਿੱਸਾ ਖਪਤ ਕਰਦਾ ਹੈ ਅਤੇ ਇਸ ਦਾ 80% ਹਿੱਸਾ ਸਿਰਫ ਇਸ ਸੀਜ਼ਨ ਵਿੱਚ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਲੱਗੇ ਸੌਰ ਊਰਜਾ ਪਲਾਂਟ 'ਅਸਥਾਈ ਸਿਖਰ ਮੰਗ' ਨੂੰ ਕਾਬੂ ਕਰਨ ਵਿੱਚ ਸਹਾਈ ਹੋਣਗੇ।

ਸੌਰ ਊਰਜਾ ਉਤਪਾਦਨ ਲਈ ਦਿੱਤੀਆਂ ਪੰਚਾਇਤੀ ਅਤੇ ਨਿੱਜੀ ਜ਼ਮੀਨਾਂ ਨਾਜਾਇਜ਼ ਕਬਜ਼ਿਆਂ ਤੋਂ ਬਚੀਆਂ ਰਹਿਣਗੀਆਂ ਅਤੇ ਇਨ੍ਹਾਂ ਤੋਂ ਪੱਕੀ ਆਮਦਨ ਹੋਵੇਗੀ। ਉਂਝ ਵੀ ਪੰਜਾਬ ਵਿੱਚ ਖੇਤੀ ਤੋਂ ਆਮਦਨ ਪ੍ਰਤੀ ਏਕੜ ਜ਼ਮੀਨ ਬਹੁਤ ਸਾਰੇ ਸੂਬਿਆਂ ਤੋਂ ਘੱਟ ਹੈ, ਇਸ ਲਈ ਛੋਟੇ ਜ਼ਿਮੀਂਦਾਰ ਵੀ ਆਪਣੀ ਜ਼ਮੀਨ ਸੌਰ ਪਲਾਂਟ ਲਈ ਠੇਕੇ 'ਤੇ ਦੇ ਸਕਦੇ ਹਨ। ਪੀਐੱਸਪੀਸੀਐੱਲ ਨੂੰ ਇਸ ਸਕੀਮ ਤਹਿਤ ਠੇਕੇ 'ਤੇ ਲੈਣ ਵਾਲੀ ਜ਼ਮੀਨ ਦੀ ਪ੍ਰਕਿਰਿਆ ਨੂੰ ਹੋਰ ਸਰਲ ਬਣਾਉਣਾ ਚਾਹੀਦਾ ਹੈ। ਇਸ ਲਈ ਸਰਕਲ/ਜ਼ਿਲ੍ਹਾ ਪੱਧਰ 'ਤੇ ਨੋਡਲ ਅਫਸਰ ਨਿਯੁਕਤ ਕਰਨਾ ਚਾਹੀਦਾ ਹੈ ਤਾਂ ਕਿ ਇਸ ਪ੍ਰਕਿਰਿਆ ਨੂੰ ਪਾਰਦਰਸ਼ੀ, ਕਾਨੂੰਨੀ ਅਤੇ ਹੋਰ ਰੈਗੂਲੇਟਰੀ ਸਮੱਸਿਆਵਾਂ ਨਾਲ ਨਜਿੱਠਣ ਦੇ ਨਾਲ-ਨਾਲ ਜ਼ਮੀਨ ਮਾਲਕਾਂ ਨੂੰ ਢੁੱਕਵਾਂ ਮੁਆਵਜ਼ਾ ਵੀ ਮਿਲ ਸਕੇ।

***

## ਕਮਿਊਨਿਸਟ ਪਾਰਟੀਆਂ

ਨੋਟਾ ਨੂੰ 0.71 ਫੀਸਦੀ ਵੋਟਾਂ ਪਈਆਂ ਜਦੋਂ ਕਿ ਸੀਪੀਆਈ ਨੂੰ 0.05 ਫੀਸਦੀ ਅਤੇ ਸੀ.ਪੀ.ਐਮ. ਨੂੰ 0.06 ਫੀਸਦੀ ਵੋਟਾਂ ਮਿਲੀਆਂ ਸਨ। ਇੱਕ ਜ਼ਮਾਨਾ ਉਹ ਸੀ ਜਦੋਂ ਖੱਬੇ ਪੱਖੀ ਧਿਰਾਂ ਜਿੱਤ ਹਾਰ ਦੀ ਸਮਰੱਥਾ ਰੱਖਦੀਆਂ ਸਨ ਅਤੇ ਹੁਣ ਇਹ ਧਿਰਾਂ ਕਿਸੇ ਨੂੰ ਹਰਾਉਣ ਦੇ ਵੀ ਸਮਰੱਥ ਨਹੀਂ ਰਹੀਆਂ। ਆਜ਼ਾਦੀ ਮਗਰੋਂ ਨਾਮੀ ਕਾਮਰੇਡ ਰਹੇ ਹਨ ਜਿਹੜੇ ਵਾਰ-ਵਾਰ ਜਿੱਤਦੇ ਰਹੇ ਹਨ। ਕਾਮਰੇਡ ਸਤਪਾਲ ਡਾਂਗ ਲਗਾਤਾਰ ਚਾਰ ਵਾਰ ਚੋਣ ਜਿੱਤੇ ਸਨ। ਰਾਮਪੁਰਾ ਫੂਲ ਹਲਕੇ ਤੋਂ ਮਾਸਟਰ ਬਾਬੂ ਸਿੰਘ ਚਾਰ ਵਾਰ ਵਿਧਾਇਕ ਬਣੇ ਸਨ। ਕਾਮਰੇਡ ਦਾਨਾ ਰਾਮ ਵੀ ਚਾਰ ਦਫ਼ਾ ਚੋਣ ਜਿੱਤੇ ਸਨ। ਮਰਹੂਮ ਕਾਮਰੇਡ ਭਾਨ ਸਿੰਘ ਭੌਰਾ ਦੋ ਵਾਰ ਅਸੈਂਬਲੀ ਚੋਣ ਜਿੱਤੇ ਅਤੇ ਦੋ ਵਾਰ ਸੰਸਦ ਮੈਂਬਰ ਬਣੇ। ਕਾਮਰੇਡ ਜਗੀਰ ਸਿੰਘ ਜੋਗਾ ਚਾਰ ਵਾਰ ਚੋਣ ਜਿੱਤੇ ਸਨ। ਖੱਬੀਆਂ ਧਿਰਾਂ 'ਚੋਂ ਸੀ.ਪੀ.ਐਮ. ਦੇ ਚੰਦ ਸਿੰਘ ਚੋਪੜਾ ਦੋ ਵਾਰ ਚੋਣ ਜਿੱਤੇ ਸਨ ਤੇ ਨੂਰਮਹਿਲ ਤੋਂ ਸਰਵਣ ਸਿੰਘ ਦੋ ਵਾਰ ਜਿੱਤੇ। ਹਰਦੇਵ ਅਰਸ਼ੀ, ਦਰਸ਼ਨ ਸਿੰਘ ਕੈਨੇਡੀਅਨ, ਬਲਦੇਵ ਸਿੰਘ ਸ਼ੁਤਰਾਨਾ ਅਤੇ ਮਹਿਤਾਬ ਸਿੰਘ ਆਦਿ ਦੋ-ਦੋ ਵਾਰ ਚੋਣ ਜਿੱਤੇ। 1992 ਵਿੱਚ ਵਿਮਲਾ ਡਾਂਗ ਵਿਧਾਇਕ ਬਣੇ। ਲੋਕ ਸਭਾ ਚੋਣਾਂ ਵਿੱਚ ਸੀ.ਪੀ.ਆਈ. ਦਾ ਕਾਂਗਰਸ ਨਾਲ 1971, ਸਾਲ 1998, ਸਾਲ 1999 ਅਤੇ ਸਾਲ 2004 ਵਿਚ ਗੱਠਜੋੜ ਹੋਇਆ ਸੀ। ਖੱਬੇ ਪੱਖੀ ਧਿਰਾਂ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਅਤੇ ਸੀ.ਪੀ.ਆਈ. (ਐਮ) ਹੁਣ 'ਇੰਡੀਆ ਗੱਠਜੋੜ' ਦਾ ਹਿੱਸਾ ਹਨ ਪ੍ਰੰਤੂ ਪੰਜਾਬ ਵਿਚ ਇਹ ਆਪਣੇ ਪੱਧਰ 'ਤੇ ਚਾਰ ਹਲਕਿਆਂ ਜਲੰਧਰ, ਅੰਮ੍ਰਿਤਸਰ, ਖਡੂਰ ਸਾਹਿਬ ਅਤੇ ਫਰੀਦਕੋਟ ਤੋਂ ਹੁਣ ਚੋਣ ਲੜ ਰਹੇ ਹਨ। ਸੀ.ਪੀ.ਆਈ. ਨੇ ਅੰਮ੍ਰਿਤਸਰ ਤੋਂ ਦਸਵਿੰਦਰ ਕੌਰ, ਖਡੂਰ ਸਾਹਿਬ ਤੋਂ ਕਿਸਾਨ ਆਗੂ ਗੁਰਦਿਆਲ ਸਿੰਘ ਅਤੇ ਫਰੀਦਕੋਟ ਤੋਂ ਗੁਰਚਰਨ ਸਿੰਘ ਮਾਨ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਸੀ.ਪੀ.ਆਈ. (ਐਮ) ਨੇ ਟਰੇਡ ਯੂਨੀਅਨ ਆਗੂ ਪੁਰਸ਼ੋਤਮ ਲਾਲ ਬਿਲਗਾ ਨੂੰ ਜਲੰਧਰ ਤੋਂ ਆਪਣਾ ਉਮੀਦਵਾਰ ਐਲਾਨਿਆ ਹੈ।

***

## ਸੰਗਰੂਰ 'ਚ ਸਿਮਰਨਜੀਤ ਸਿੰਘ, ਹੇਅਰ, ਖਹਿਰਾ

ਇਸ ਦੇ ਨਾਲ ਹੀ ਬਸਪਾ ਵੱਲੋਂ ਡਾ. ਮੱਖਣ ਸਿੰਘ ਨੂੰ ਉਮੀਦਵਾਰ ਬਣਾਇਆ ਗਿਆ ਹੈ ਜੋ ਸਿਹਤ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਹਨ। ਸਾਬਕਾ ਡੀ.ਐਸ.ਪੀ. ਬਲਵਿੰਦਰ ਸਿੰਘ ਸੇਖੋਂ ਵੀ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਨਿੱਤਰੇ ਹਨ ਤੇ ਪੰਜਾਬੀ ਗਾਇਕ ਹਾਕਮ ਬਖਤੜੀਵਾਲਾ ਵੀ ਆਪਣੀ ਕਿਸਮਤ ਅਜ਼ਮਾ ਰਹੇ ਹਨ।

ਸਾਲ 2009 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ ਜਿੱਤ ਹਾਸਲ ਕੀਤੀ ਸੀ। ਕਾਂਗਰਸ ਵੱਲੋਂ ਵਿਜੇ ਇੰਦਰ ਸਿੰਗਲਾ ਨੇ ਚੋਣ ਲੜੀ ਸੀ ਤੇ ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੁਖਦੇਵ ਸਿੰਘ ਢੀਂਡਸਾ ਨੂੰ ਹਰਾਇਆ ਸੀ। ਵਿਜੇ ਇੰਦਰ ਸਿੰਗਲਾ ਨੂੰ 38.52 ਫ਼ੀਸਦੀ ਵੋਟਾਂ ਪਈਆਂ ਸਨ ਜਦਕਿ ਢੀਂਡਸਾ ਨੂੰ 34.13 ਫ਼ੀਸਦੀ ਵੋਟਾਂ ਮਿਲੀਆਂ ਸਨ।

ਇਸ ਦੇ ਨਾਲ ਹੀ ਜੇ ਗੱਲ 2014 ਵਿੱਚ ਹੋਈਆਂ ਲੋਕ ਸਭਾ ਚੋਣਾਂ ਦੀ ਕੀਤੀ ਜਾਵੇ ਤਾਂ ਇਹਨਾਂ ਚੋਣਾਂ ਵਿੱਚ ਆਪ ਪਾਰਟੀ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਜਿੱਤ ਹਾਸਲ ਕੀਤੀ ਸੀ। ਭਗਵੰਤ ਮਾਨ ਨੇ 48.7 ਫ਼ੀਸਦੀ ਵੋਟਾਂ ਹਾਸਲ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਸੁਖਦੇਵ ਢੀਂਡਸਾ ਨੂੰ ਹਰਾਇਆ ਸੀ। ਸੁਖਦੇਵ ਸਿੰਘ ਢੀਂਡਸਾ ਨੂੰ ਸਿਰਫ਼ 29.23 ਫ਼ੀਸਦੀ ਵੋਟਾਂ ਹੀ ਮਿਲੀਆਂ ਸਨ।

ਸਾਲ 2019 ਵਿੱਚ ਵੀ ਆਮ ਆਦਮੀ ਪਾਰਟੀ ਵੱਲੋਂ ਭਗਵੰਤ ਮਾਨ ਹੀ ਜਿੱਤੇ ਸਨ ਪਰ ਇਸ ਸਾਲ ਉਹਨਾਂ ਨੇ ਕਾਂਗਰਸ ਦੇ ਕੇਵਲ ਸਿੰਘ ਢਿੱਲੋਂ ਨੂੰ ਹਰਾਇਆ ਸੀ। ਆਪ ਉਮੀਦਵਾਰ ਭਗਵੰਤ ਮਾਨ ਨੂੰ 37.40 ਫ਼ੀਸਦੀ ਵੋਟਾਂ ਮਿਲੀਆਂ ਸਨ ਜਦਕਿ ਕੇਵਲ ਸਿੰਘ ਢਿੱਲੋਂ ਨੂੰ ਸਿਰਫ਼ 27.43 ਫ਼ੀਸਦੀ ਵੋਟਾਂ ਹੀ ਮਿਲੀਆਂ ਸਨ। ਇਸ ਦੇ ਨਾਲ ਹੀ ਦੱਸ ਦੇਈਏ ਕਿ ਸਾਲ 2022 ਵਿੱਚ ਲੋਕ ਸਭਾ ਦੀ ਜ਼ਿਮਨੀ ਚੋਣ ਵੀ ਹੋਈ ਸੀ। ਇਸ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਨਜੀਤ ਸਿੰਘ ਮਾਨ ਜਿੱਤੇ ਸਨ। ਉਹਨਾਂ ਨੂੰ 35.61 ਫ਼ੀਸਦੀ ਵੋਟਾਂ ਮਿਲੀਆਂ ਸਨ ਤੇ ਆਮ ਆਦਮੀ ਪਾਰਟੀ ਦੇ ਗੁਰਮੇਲ ਸਿੰਘ ਨੂੰ 34.79 ਫ਼ੀਸਦੀ ਵੋਟਾਂ ਮਿਲੀਆਂ ਸਨ। ਕੁਛ ਵੀ ਹੈ ਕਿ ਇਸ ਵਾਰ ਵੀ ਸਿਮਰਨਜੀਤ ਸਿੰਘ ਮਾਨ ਦੀ ਸਥਿਤੀ ਮਜ਼ਬੂਤ ਹੈ। ਖਹਿਰਾ, ਮੀਤ ਹੇਅਰ ਨਾਲ ਸਖ਼ਤ ਟੱਕਰ ਹੋਵੇਗੀ। ਜਿੱਤ ਹਾਰ ਦਾ ਫ਼ੈਸਲਾ ਭਵਿੱਖ ਦੇ ਗਰਭ ਵਿੱਚ ਹੈ।

## ਦੁਨੀਆਂ ਦਾ ਵੱਧਦਾ ਫ਼ੌਜੀ ਖ਼ਰਚ

ਲੋਕ ਹਿਤੈਸ਼ੀ ਤਾਕਤਾਂ ਦਾ ਫ਼ਰਜ਼ ਹੈ ਕਿ ਉਹ ਤਬਾਹੀ ਦੇ ਇਸ ਮੰਜ਼ਰ ਵਿੱਚੋਂ ਉਸਾਰੀ ਦੇ ਕਾਰਜ ਉਲੀਕਣ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਜੰਗ ਦੇ ਇਸ ਜਿੱਲਣ ਵਿੱਚੋਂ ਸਦਾ ਸਦਾ ਲਈ ਕੱਢਿਆ ਜਾ ਸਕੇ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com